# ਉਲ਼ਝੇ ਸੁਲ਼ਝੇ ਅੱਖਰ

ਗੁਰਿੰਦਰ ਗਿਲ

**ਅਭੀ ਬੁਕਸ ਐਂਡ ਪ੍ਰਿੰਟਰਜ਼**
**ਜਲੰਧਰ।**

**ULJHE-SULJHE AKHAR**

by
**GURINDER GILL, (M.A., L.L.B.)**
MDLD 6023, LOT 3, LORONG 3,
TAMAN SRI PERDANA, JALAN SILAM,
91100, LAHAD DATU, SABAH, MALAYSIA
e-mail : gauri_gill15@yahoo.com

**Edition : 1st**
**2021**
ISBN No. : _____ For Applied

**PRICE : Rs. 250/-**

**PUBLISHED BY**
**ABHI BOOKS & PRINTERS**
**Representation Offices :**
**176/7, Mohalla Sarien, VPO Alawalpur,**
**Distt. Jalandhar, Punjab (India)**
**Mobile : 94652-38137**

**All rights reserved**
This book is sold subject to the conditions that it shall not, by way of trade or otherwise, be lent resold, hired out, or otherwise circulated without the publisher's prior written consent in any form of binding or cover other than that in which it is published and without a similar conditions including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system or transmitted in any form or by any means (electronic, mechanical, photocopying, recording or otherwise), without the prior written permission of both the copyright owner and the above mentioned publisher of this book.

**ULJHE-SULJHE AKHAR (Poetry)**
***by Gurinder Gill*** **Rs. 250/-**



## ਸਮਰਪਣ

### ਮੁਰਸ਼ਦ ਤੇ ਮੁਰਸ਼ਦ ਦੇ ਪਿਆਰਿਆਂ ਨੂੰ

ਅਸੀਂ ਨਮਾਜ਼ ਮੰਦਿਰ 'ਚ ਪੜ੍ਹੀਏ,
ਮਸੀਤੇ ਬੋਲੀਏ ਗੀਤਾ ਦੇ ਸਲੋਕ।
ਰੱਬ ਸੱਚੇ ਨੂੰ ਨ ਵੰਡੀਏ ਕਾਫ਼ਿਰ,
ਕਹਿੰਦੇ ਨੇ ਕਹਿੰਦੇ ਰਹਿਣ ਦੇ ਲੋਕ।।

# ਪੰਜਾਬ ਮੇਰੇ ਦੀ ਬੋਲੀ

ਵੱਸ ਮੁਲਖ ਬੇਗਾਨੇ ਵੀ ਮਾਂ ਬੋਲੀ ਨੂੰ,
ਭੁਲਾਇਆ ਨਹੀਂ ਜਾ ਸਕਦਾ।
ਇਹ ਕਰਜ਼ ਆ ਪਿਆਰ ਦਾ,
ਜੋ ਕਦੇ ਚੁਕਾਇਆ ਨਹੀਂ ਜਾ ਸਕਦਾ।।
ਪੰਜਾਬ ਮੇਰੇ ਦੀ ਬੋਲੀ ਵੇਖੀਏ,
ਮਿੱਠੀ ਬੜ੍ਹੀ ਏ ਤੇ ਨਖ਼ਰੇ ਚੜ੍ਹੀ ਵੀ ਏ।
ਇਕ ਅਜਿਹਾ ਸੱਚ ਹੈ ਜਿਸਨੂੰ,
ਕਦੇ ਝੁਠਲਾਇਆ ਜਾ ਨਹੀਂ ਸਕਦਾ।।

ਧੰਨਵਾਦ ਮੇਰੀ ਮਾਂ ਬੋਲੀ ਨੂੰ ਜਿਸਨੇ ਮੈਨੂੰ ਲਾਡ ਲਡਾਏ ਤੇ ਇਸ ਜਹਾਨ 'ਚ ਕੁਝ ਲਿਖਣ ਤੇ ਕੁਝ ਬਣ ਜਾਣ ਦੇ ਕਾਬਿਲ ਬਣਾਇਆ। ਮੇਰੀ ਮਾਂ ਬੋਲੀ ਪੰਜਾਬੀ ਬਹੁਤ ਹੀ ਰੰਗੀਲੀ ਏ ਤੇ ਸਨੇਹ ਭਰੀ ਹੈ ਜੋ ਹਰ ਕਿਸੀ ਨੂੰ ਆਪਣੀ ਬੁੱਕਲ 'ਚ ਲੈ ਲੈਂਦੀ ਏ ਤੇ ਮਾਂ ਤੋਂ ਵੱਧ ਪਿਆਰ ਵੀ ਦੇਂਦੀ ਏ। ਉਨ੍ਹਾਂ ਪਿਆਰ ਭਰੇ ਅੱਖਰਾਂ ਦੀ ਵਰਤੋਂ ਕਰਕੇ ਕੁਝ ਆਪਣੇ ਜ਼ਜ਼ਬਾਤ ਪੰਜਾਬੀ ਅਤੇ ਪੰਜਾਬੀਅਤ ਬਾਰੇ ਆਪਣੀ ਸੱਭਿਅਤਾ ਬਾਰੇ ਲਿਖ ਕੇ ਮੈਂ ਅੱਜ ਆਪ ਸਭ ਦੇ ਸਾਮ੍ਹਣੇ ਹਾਜ਼ਿਰ ਹਾਂ ਜੋ ਪਿਆਰ ਮੈਨੂੰ ਮਿਲਿਆ, ਉਸਨੂੰ ਤੁਹਾਡੇ ਸਾਰਿਆਂ ਨਾਲ ਸਾਂਝਾ ਕਰ ਰਹੀ ਹਾਂ।

ਪੰਜਾਬੀ ਵਿਚ ਲਿਖਾਂ ਪੰਜਾਬੀ ਵਿਚ ਬੋਲਾਂ ਹੀ ਕਹਿੰਦੀ ਮੇਰੀ ਲਿਆਕਤ ਏ।
ਕੀ ਕਹਾਂ ਹੁਣ ਮੈਨੂੰ ਪੰਜਾਬ ਤੇ ਪੰਜਾਬੀਅਤ ਨਾਲ ਕੁਛ ਖਾਸ ਹੀ ਮੁਹੱਬਤ ਏ।।



# ਬਾਕਲ਼ਮ ਖੁਦ —ਗੁਰਿੰਦਰ ਗਿੱਲ

**ਕਹਿੰਦੇ ਨੇ :-**

ਰੱਬ ਨਾਲ ਭਾਂਵੇ ਯਾਰ ਨਾਲ ਹੋਵੇ, ਇਸ਼ਕ ਬੇਮਿਸਾਲ ਹੋਣਾ ਚਾਹੀਦਾ।
ਬਿਨਾ ਗ਼ਰਜ਼ ਬਿਨਾਂ ਮਤਲਬ ਦਾ, ਇਸ਼ਕ ਬਾਕਮਾਲ ਹੋਣਾ ਚਾਹੀਦਾ।।

ਮੇਰਾ ਇਸ਼ਕ ਮੇਰੀ ਕਲਮ ਨਾਲ ਹੈ ਜੋ ਕਦੇ ਖਾਮੋਸ਼ ਰਹਿ ਨਹੀਂ ਸਕਦੀ ਨਿਚੱਲੀ ਬਹਿ ਨਹੀਂ ਸਕਦੀ। ਮੇਰੀ ਕਲਮ ਨਿਮਾਣੀ ਮੈਨੂੰ ਚਤੋਂ ਪਹਿਰ ਉਕਸਾਉਂਦੀ ਰਹਿੰਦੀ ਹੈ ਕਿ ਮੈਂ ਕੁਝ ਲਿਖਾਂ ਤੇ ਮੈਂ ਕੁਝ ਨਾ ਕੁਝ ਲਿਖਦੀ ਹੀ ਰਹਿੰਦੀ ਹਾਂ ਇਸ ਉਲ਼ਝੇ-ਸੁਲ਼ਝੇ ਅਖਰਾਂ 'ਚ ਮੈਂ ਪੰਜਾਬ ਦਾ ਪੰਜਾਬੀਅਤ ਦੇ ਮੌਜੂਦਾ ਹਾਲਾਤ ਬਾਰੇ ਲਿਖਿਆ ਹੈ ਕਿ ਕਿਸ ਤਰ੍ਹਾਂ ਇਥੇ ਨਵੀਂ ਨਸਲ ਪੰਜਾਬਿਅਤ ਤੋਂ ਦੂਰ ਜਾ ਰਹੀ ਹੈ ਤੇ ਉਸ ਵਿਚ ਕਸੂਰ ਮਾਂ ਬਾਪ ਦਾ ਹੀ ਹੈ ਕਿਉਂਕਿ ਅਸੀਂ ਆਪਣੇ ਵਿਰਸੇ ਨੂੰ ਛੱਡ ਕੇ ਮਗਰਬੀ ਵਿਰਸੇ ਨੂੰ

ਜ਼ਿਆਦਾ ਤਰਜੀਹ ਦੇ ਰਹੇ ਹਾਂ। ਦੂਸਰੀ ਗੱਲ ਕਿਵੇਂ ਧੀਆਂ ਨੂੰ ਅਸੀਂ ਪੁੱਤਰਾਂ ਨਾਲੋਂ ਘੱਟ ਮੰਨਦੇ ਹਾਂ ਤੇ ਕੁਝ ਲੋਕ ਤਾਂ ਉਨ੍ਹਾਂ ਨੂੰ ਕੁੱਖ ਵਿਚ ਹੀ ਮਾਰ ਰਹੇ ਹਨ । ਕੁਝ ਹੋਰ ਵੀ ਕੁਰੀਤੀਆਂ ਨੇ ਜੋ ਸਾਡੇ ਪੰਜਾਬ ਵਿਚ ਹੋ ਰਹੀਆਂ ਹਨ ਮੈਂ ਉਨ੍ਹਾ ਤੇ ਚਾਨ੍ਹਣ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਔਰਤ ਹੈ ਕੋਈ ਕਿੱਸਾ ਨਾ ਕੋਈ ਕਹਾਣੀ ਐ,
ਔਰਤ ਤਾਂ ਇਸ ਕਾਇਨਾਤ ਦੀ ਮਹਾਰਾਣੀ ਹੈ।
ਸੰਸਾਰ ਰੂਪੀ ਬਾਗ਼ ਦਾ ਹੈ ਸਭ ਤੋਂ ਉੱਤਮ ਫੁਲ,
ਰਾਜੇ ਰਾਣੇ ਜੰਮੇ ਜਿਨ੍ਹੇ ਨਹੀਂ ਕੋਈ ਨਿਮਾਣੀ ਹੈ।।

ਭਾਂਵੇ ਔਰਤਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਬਹੁਤ ਉੱਚਾ ਤੇ ਸੁਚਾ ਕਰਾਰ ਕੀਤਾ ਹੈ ਪਰ ਫਿਰ ਵੀ ਸਾਡਾ ਸਮਾਜ ਉਸਨੂੰ ਪੂਰੀ ਤਰ੍ਹਾਂ ਨਹੀਂ ਮੰਨਦਾ ਕਿਉਂ ਪਤਾ ਨਹੀਂ। ਨੌਜਵਾਨ ਪੀੜੀ ਕਾਫ਼ੀ ਨਸ਼ਿਆਂ ਵਿਚ ਵੀ ਉਲਝ ਕੇ ਰਹਿ ਗਈ ਹੈ, ਦੱਸੋ ਦੋਸ਼ੀ ਕੌਣ ਹੈ? ਕਹਿਣਾ ਜ਼ਰਾ ਮੁਸ਼ਕਿਲ ਹੈ ਪਰ ਉਸ ਬਾਰੇ ਲਿਖਣਾ ਤੇ ਬਾਕੀਆਂ ਨੂੰ ਰੂ-ਬ-ਰੂ ਕਰਵਾਉਣਾ ਇਕ ਲੇਖਕ ਦਾ ਕੰਮ ਹੈ ਜੋ ਕਾਫ਼ੀ ਲੇਖਕ ਆਪਣੀ ਬੁਲੰਦ ਆਵਾਜ਼ 'ਚ ਬਿਆਨ ਕਰ ਵੀ ਰਹੇ ਹਨ ਮੈਂ ਵੀ ਕੀਤਾ ਹੈ।

ਉੱਚੀਆਂ ਪੱਗਾਂ ਸ਼ਮਲੇ ਉਚੇ ਬੋਲ ਸਦਾ ਪੁਗਾਉਂਦੇ ਸੱਚੇ,
ਕੱਟੇ ਜਾਣ ਪਰ ਸ਼ੀਸ਼ ਨਾ ਝੁਕਦੇ ਕਦੇ ਸ਼ੇਰ ਜਵਾਨਾਂ ਦੇ।

ਦੁੱਖ ਕਦੇ ਨਾ ਵੰਡਦਾ ਕੋਈ ਨਾ ਹਾਕਿਮ ਸੁਣੇ ਅਰਜੋਈ,
ਸਿਰ ਉੱਤੇ ਕਰਜ਼ੇ ਭਾਰੀ ਦੁੱਖ ਬੜ੍ਹੇ ਵੱਡੇ ਨੇ ਕਿਸਾਨਾਂ ਦੇ।।

ਪੰਜਾਬੀ ਕੌਮ ਜ਼ਿਆਦਾਤਰ ਕਿਸਾਨੀ ਤਬਕੇ ਨਾਲ ਹੀ ਸਰੋਕਾਰ ਰੱਖਦੀ ਹੈ ਤੇ ਅੰਨ ਦਾਤਾ ਵੀ ਕਹਾਉਂਦੀ ਏ ਪਰ ਕੀ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਮਿਲ ਰਹੇ ਹਨ ? ਇੱਕ ਇਹ ਵੀ ਬੜ੍ਹੀ ਗੰਭੀਰ ਸਮੱਸਿਆ ਹੈ ਜਿਸ ਵਿਚੋਂ ਹੋਕੇ ਸਾਰੇ ਕਿਸਾਨ ਗੁਜ਼ਰ ਰਹੇ ਹਨ। ਉਸ ਸੱਚੇ ਰੱਬ ਨਾਲ ਵੀ ਪੰਜਾਬੀ ਕੌਮ ਦਾ ਬਹੁਤ ਗਹਿਰਾ ਤਾਲ ਮੇਲ ਹੈ ਆਪਣੀ ਸਮੱਸਿਆਵਾਂ ਨੂੰ ਭੁੱਲਕੇ ਇਹ ਕੌਮ ਦੂਸਰਿਆਂ ਦੇ ਹੱਕਾਂ ਲਈ ਲੜ ਜਾਂਦੀ ਹੈ ਤੇ ਆਪਣੇ ਮੂੰਹੋਂ ਬੁਰਕੀ ਕੱਢ ਕੇ ਦੂਸਰੇ ਦੇ ਮੂੰਹ ਵੀ ਪਾ ਦੇਂਦੀ ਹੈ ਸਤਿਕਾਰ ਹੈ ਇਸ ਕੌਮ ਦੀ ਹੋਂਦ



ਨੂੰ ਇਨ੍ਹਾਂ ਦੇ ਕੁਰਬਾਨ ਹੋਣ ਦੇ ਜ਼ਜ਼ਬੇ ਨੂੰ ਤੇ ਮੈਨੂੰ ਫ਼ਖ਼ਰ ਹੈ ਜੋ ਮੈਂ ਇਸ ਕੌਮ 'ਚ ਜਨਮ ਲਿਆ। ਪੰਜਾਬੀ ਜ਼ੁਬਾਨ ਤੇ ਦੇਸ਼ ਪੰਜਾਬ ਦੀ ਅਮੀਰ ਵਿਰਾਸਤ ਦਾ ਗੁਣਗਾਨ ਗਾਉਣ ਲਈ ਅੱਜ ਦੇਸ਼ ਪੰਜਾਬ ਦੀ ਬੋਲੀ ਨਾਲ ਇਸ ਮੋਹ ਨੂੰ ਦਰਸਾਉਣ ਲਈ ਮੇਰੀ ਕਲਮ ਲਿਖ ਰਹੀ ਹੈ ਤੇ ਆਸ਼ਾ ਹੈ ਕਿ ਤੁਹਾਨੂੰ ਸਭ ਨੂੰ ਮੇਰੀ ਇਹ ਕਿਤਾਬ ਉਲ਼ਝੇ-ਸੁਲਝੇ ਅੱਖਰ ਪਸੰਦ ਆਏਗੀ ਇਹ ਮੇਰੀ ਪੰਜਾਬੀ ਜ਼ੁਬਾਨ 'ਚ ਪਹਿਲੀ ਕਿਤਾਬ ਹੈ ਵੈਸੇ ਮੇਰੀਆਂ 6 ਕਿਤਾਬਾਂ ਹਿੰਦੀ ਭਾਸ਼ਾ 'ਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਉਨ੍ਹਾਂ ਕਿਤਾਬਾਂ ਦਾ ਸਦਕਾ ਮੈਨੂੰ ਬਹੁਤ ਮਾਨ ਸਨਮਾਨ ਵੀ ਮਿਲਿਆ ਹੈ ਪਰਦੇਸਾਂ ਵਿਚ ਰਹਿਕੇ ਵੀ ਮੈਂ ਆਪਣੀ ਪੰਜਾਬੀ ਜ਼ੁਬਾਨ ਆਪਣਾ ਵਿਰਸਾ ਨਹੀਂ ਭੁੱਲੀ ਇਸ ਲਈ ਮੈਂ ਉਸ ਰੱਬ ਦੀ ਸ਼ੁਕਰ ਗੁਜ਼ਾਰ ਹਾਂ।

ਉਸ ਰੱਬ ਨੂੰ ਵੀ ਮੈਂ ਨਿਤ ਸਜਦੇ ਕਰਦੀ ਹਾਂ ਤੇ ਮੇਰੀਆਂ ਲਿਖਤਾਂ ਵਿਚ ਤੁਹਾਨੂੰ ਉਸ ਦੀ ਵੀ ਝਲਕ ਮਿਲ ਜਾਏਗੀ। ਰੱਬ ਅੱਗੇ ਬੇਨਤੀ ਹੈ ਕਿ ਉਸਦੀ ਕ੍ਰਿਪਾ ਦ੍ਰਿਸ਼ਟੀ ਮੇਰੇ ਤੇ ਬਣੀ ਰਹੇ ਅਤੇ ਮੇਰੀ ਕਲਮ ਚਲਦੀ ਰਹੇ।

ਜੋ ਮੈਂ ਕਹਾਂ ਪੱਥਰ ਉੱਤੇ ਲਕੀਰ ਸਮਝ ਲੈ ਤੂੰ,
ਮਿਲਦਾ ਨਹੀਓਂ ਦੁਨੀਆਂ ਦੀ ਜੀ ਹੁਜ਼ੂਰੀ ਨਾਲ।
ਓਹਦੇ ਨਾਮ ਦੇ ਦਿਲ ਉੱਤੇ ਤੂੰ ਹਰਫ਼ ਖੁਰਚ ਲੈ,
ਮਹਾਸੁਨੰ 'ਚ ਮਿਲੇਗਾ ਪਰ ਸ਼ਬਦ ਸੁਰੂਰੀ ਨਾਲ।

ਹੱਕ ਸੱਚ ਦੀ ਆਵਾਜ਼ ਬਣੇ ਇਨਸਾਨੀਅਤ ਦੇ ਹਿੱਤ 'ਚ ਲਿਖੇ ਤੇ ਆਉਣ ਵਾਲੀ ਪੀੜ੍ਹੀ ਲਈ ਮਾਰਗ ਦਰਸ਼ਕ ਬਣੇ ਇਸ ਤੋਂ ਵੱਧ ਅਗਰ ਲਿਖ ਸਕੇ ਤਾਂ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਉਹਦੀਆਂ ਹੀ ਰਹਿਮਤਾਂ ਦਾ ਸਦਕਾ ਲਿਖੇ ਆਸ ਹੈ ਮੇਰਾ ਇਹ ਕਾਵਿਤਾ ਸੰਗ੍ਰਹਿ ਤੁਹਾਨੂੰ ਸਭ ਨੂੰ ਪਸੰਦ ਆਏਗਾ ਤੇ ਮੈਨੂੰ ਸਰਾਹਨਾ ਦਾ ਪਾਤਰ ਬਣਾਏਗਾ । ਬਸ ਇਸੀ ਆਸ ਨਾਲ ਵਿਸ਼ਵਾਸ ਨਾਲ ਪੇਸ਼ ਹੈ

**ਉਲ਼ਝੇ-ਸੁਲਝੇ ਅੱਖਰ**

**—ਗੁਰਿੰਦਰ ਗਿੱਲ**

# ਉਲ਼ਝੇ ਸੁਲ਼ਝੇ ਅੱਖਰ ਸਿਰ 'ਤੇ ਚੱਦਰ ਵਾਂਗ

ਯਾਰੀ ਅੱਖਰਾਂ ਨਾਲ ਜਦ ਲਾਈ ਵੱਜਣ ਲਗੇ ਝਾਂਜਰ ਵਾਂਗ।
ਗਲਵੱਕੜੀ ਜਦ ਪਾਈ ਚਲਣ ਲੱਗੇ ਨਾਲ ਮੇਰੇ ਟੱਬਰ ਵਾਂਗ।।

ਕਈ ਰਾਹ ਨਵੇਂ ਮੈਨੂੰ ਦੱਸਦੇ ਨੇ ਨਾਲ ਮੇਰੇ ਹੱਸਕੇ ਚਲਦੇ ਨੇ।
ਕਦੇ ਮਾਰ ਉਡਾਰੀ ਅੰਬਰੀਂ ਉੱਡਣ ਇੱਕ ਸੁਹਾਣੀ ਸੱਧਰ ਵਾਂਗ।।

ਭਰ-ਭਰ ਬੁੱਕ ਅੱਖਰਾਂ ਦੇ ਮੋਤੀ ਮੈਨੂੰ ਕੁਦਰਤ ਹੈ ਰਹੇ ਵੰਡਦੀ।
ਕਦੇ ਸੁੱਤੇ ਦਰਦ ਜਗਾਉਣ ਕਦੇ ਮੱਚਣ ਕਿਸੀ ਭਾਂਬੜ ਵਾਂਗ।।

ਬਣਦੇ ਜਾਣ ਨਿਸ਼ਾਨੀ ਮੇਰੀ ਕਰਨ ਨ ਦੇਣ ਮੈਨੂੰ ਤੇਰੀ ਮੇਰੀ।
ਨਜ਼ਮ ਹਿਸਾਬ ਵਜ਼ਨ ਦੇਵਣ ਕਦੇ ਰਹਿਣ ਚੁੱਪ ਪੱਥਰ ਵਾਂਗ।।

ਇਹ ਮੋਤੀ ਕਦੇ ਪਲਕੀਂ ਤੁੱਲਦੇ ਨੇ ਪਰ ਹੁੰਦੇ ਬੜੇ ਮੁੱਲ ਦੇ ਨੇ।
ਵਿਚ ਖ਼ਿਜ਼ਾਂ ਤੇ ਟਾਂਵੇ-ਟਾਂਵੇ ਫੁੱਲਦੇ ਨੇ ਭਾਂਵੇ ਦਿੱਸਣ ਸੁੱਕੇ ਪੱਥਰ ਵਾਂਗ।।

ਕਤਰਾ ਦਰਿਆ ਕਦੇ ਗੁੰਚਾ ਏ ਖ਼ਾਰ ਕਦੇ ਸ਼ਾਹਿਦ ਜ਼ਹਿਰ ਕਦੇ।
ਇਹ ਅੱਖਰ ਨੇ ਲਿਖਾਂ ਕੀ ਨਾਂ ਲਿਖਾਂ ਕਦੇ ਦਿਸਦੇ ਕੱਲਰ ਵਾਂਗ।।

ਅੰਦਰ ਮੇਰੇ ਬਾਗ਼ ਸੁਖ਼ਨ ਦੇ ਲੱਗੇ ਫ਼ਲ ਦੇਵਣ ਫੁੱਲ ਵੀ ਲੱਗੇ।
ਸ਼ੁਕਰ ਦੇਣ ਵਾਲੇ ਦਾ ਉਲ਼ਝੇ ਸੁਲ਼ਝੇ ਅੱਖਰ ਨੇ ਸਿਰ 'ਤੇ ਚੱਦਰ ਵਾਂਗ।।

**—ਗੁਰਿੰਦਰ ਗਿੱਲ**



# ਲਫ਼ਜ਼ ਜੋ ਦੇਣ ਸਾਥ ਜ਼ੁਬਾਨ ਦਾ

ਸਿਰ ਝੁਕੇ ਮੇਰਾ ਤਾਂ ਬਸ ਇੱਕ ਉਸ ਸੱਚੇ ਰੱਬ ਅੱਗੇ,
ਇਨਸਾਨ ਅੱਗੇ ਤਾਂ ਝੁਕਾਇਆ ਜਾ ਨਹੀਂ ਸਕਦਾ।
ਕਰਜ਼ ਮਾਂ ਦਾ ਸਦਾ ਰਹੇ ਸਿਰ ਮਰਦੇ ਦਮ ਤੱਕ,
ਲੱਖ ਕੋਸ਼ਿਸ਼ਾਂ ਬਾਅਦ ਚੁਕਾਇਆ ਜਾ ਨਹੀਂ ਸਕਦਾ।

ਲਫ਼ਜ਼ ਜੋ ਦੇਣ ਸਾਥ ਜ਼ੁਬਾਨ ਦਾ ਤਾਂ ਫਿਰ ਕਰਾਂ ਮੈਂ,
ਸ਼ੁਕਰੀਆ ਮੇਹਰਬਾਨ ਦਾ ਜੋ ਭੁਲਾਇਆ ਜਾ ਨਹੀਂ ਸਕਦਾ।
ਹਿੰਮਤ ਅੱਗੇ ਫੇਲ ਜੋ ਜਾਣ ਦੁਨਿਆਵੀ ਸਭੇ ਤਾਕਤਾਂ,
ਹਿੰਮਤਾਂ 'ਤੇ ਰੰਗ ਹਾਰ ਦਾ ਚੜ੍ਹਾਇਆ ਜਾ ਨਹੀਂ ਸਕਦਾ।

ਕਿਹਨੂੰ ਵੇਹਲ ਏ ਜੋ ਕਰੇ ਫਿਕਰ ਅਗਲੇ ਜਹਾਨ ਦੀ,
ਮੁੜ ਉਥੇ ਹੀ ਜਾਣਾ ਏ ਝੁਠਲਾਇਆ ਜਾ ਨਹੀਂ ਸਕਦਾ।
ਇਸ਼ਕ ਵੀ ਦੁਨੀਆਂ ਅੰਦਰ ਬੈਠਾ ਹੈ ਜਾਲ ਖਿਲਾਰੇ ਪਰ,
ਹਰ ਦਿਲ ਤੇ ਸਾਜ਼ ਏ ਰਾਗ ਗਾਇਆ ਜਾ ਨਹੀਂ ਸਕਦਾ।

ਦਾਸਤਾਂ ਏ ਇਸ਼ਕ ਹਕੀਕੀ ਅੱਖਾਂ ਛੇੜਣ ਚੁੱਪ ਬਿਆਨੇ,
ਬਿਨ ਗੰਵਾਏ ਆਪਾ ਜਿਹਨੂੰ ਪਾਇਆ ਜਾ ਨਹੀਂ ਸਕਦਾ।
ਰੂਹ ਦਾ ਦੀਨ ਮਜ਼ਹਬ ਨ ਕੋਈ ਇਹ ਕਾਫ਼ਿਰ ਅਖਵਾਏ,
ਜੁੜ ਜਾਣ ਤਾਰ ਤਾਂ ਕਾਫ਼ਿਰ ਬੁਲਾਇਆ ਜਾ ਨਹੀਂ ਸਕਦਾ।

**—ਗੁਰਿੰਦਰ ਗਿੱਲ**

# ਜੋ ਹੋਵੇ ਸੌਦਾਗਰ ਪਿਆਰ ਦਾ

ਜੋ ਹੋਵੇ ਸੌਦਾਗਰ ਪਿਆਰ ਦਾ ਜੋ ਹੋਵੇ ਗਾਹਕ ਯਾਰ ਦਾ,
ਦਰਦਾਂ ਦਾ ਲੈ ਲਵੇ ਕਾਫ਼ਿਲਾ ਖੁਸ਼ੀਆਂ ਵਿਚ ਉਧਾਰ ਕਰੇ।
ਉਹ ਪਰਵਾਨਾ ਜਿਹਾ ਲਾਟਾਂ ਦਾ ਸੀਨਾ ਵਿਨ੍ਹਾਵਣ ਵਾਲਾ,
ਉਹ ਹੀਰੇ ਦਿਲਾਂ ਦੇ ਕਦੇ ਵੇਚੇ ਨ ਸੌਦੇ ਦਿਲ ਹਾਰ ਕਰੇ।

ਉਹ ਗ਼ਮ ਦੇ ਘਾਟੇ ਖਾਂਦਾ ਏ ਦਰਦਾਂ ਦੀ ਚੱਟੀ ਭਰਦਾ ਏ,
ਸ਼ੀਸ਼ੇ ਜਿਹੇ ਹਿਰਦੇ ਵਾਲਾ ਪਿੱਠ ਤੇ ਨਾ ਕਦੇ ਵਾਰ ਕਰੇ।
ਜਿਹੜਾ ਬੁਲਾਵੇ ਉਹਨੂੰ ਹੱਸ ਕੇ ਉਹ ਮਿਲੇ ਜੱਫੀ ਕੱਸ ਕੇ,
ਸੀਨੇ ਦੇ ਪਿੰਜਰੇ ਰੱਖ ਤਸਵੀਰ ਨਿੱਤ ਸਜਦਾ ਏ ਯਾਰ ਕਰੇ।

ਕਿਸੇ ਦੇ ਅੱਖੀਂ ਅਥਰੂ ਜੋ ਗਿਰੇ ਇਹ ਉਥੇ ਈ ਮਿੱਟ ਮਰੇ,
ਦੇਹੀ ਦਾ ਤਖ਼ਤ ਜੋ ਚੀਰ ਜਾਵੇ ਉਹਨੂੰ ਵੀ ਪਿਆਰ ਕਰੇ।
ਅੱਖੀਆਂ ਦੀ ਦੇਖੀ ਸੱਚੀ ਤਕੜੀ ਇਹਨੇ ਪਾਈ ਗਲਵਕੜੀ,
ਜੀਵਨ ਦੇ ਸੱਚੇ ਹਾਲ ਉਲੀਕੇ ਦੁੱਖ ਦੀ ਨ ਕਦੇ ਸਾਰ ਕਰੇ।

ਕਦੇ ਤਾਂਡਵ ਨਾਚ ਨਚਾਉਂਦੀ ਏ ਹੱਥਾਂ ਤੇ ਜੋ ਲਕੀਰ ਬਣੇ,
ਭਰ ਪਾਣੀ ਦੇ ਫੋਕੇ ਘੁੱਟ ਨੂੰ ਸ਼ਰਬਤ ਵਰਗਾ ਇਜ਼ਹਾਰ ਕਰੇ।
ਬਦੀਆਂ ਦੇ ਲੱਖਾਂ ਜ਼ਲਜ਼ਲੇ 'ਚ ਬੰਦੇ ਗੋਤੇ ਖਾਂਦੇ ਆਣ ਕੇ,
ਬਖਸ਼ਣਹਾਰ ਉਹ ਬਖਸ਼ ਕੇ ਸਭਨਾ ਦਾ ਬੇੜਾ ਪਾਰ ਕਰੇ।

—ਗੁਰਿੰਦਰ ਗਿੱਲ



# ਮਿੱਟੀ ਨੂੰ ਭੁੱਲ ਜਾਣ ਦੀ ਗੱਲ

ਕਰੋ ਤੁਸੀਂ ਜਿੱਤਦੇ ਜਿੱਤਦੇ ਜਾਂਦੇ ਦੇ ਹਾਰ ਜਾਣ ਦੀ ਗੱਲ,
ਹਾਰਦੇ ਹਾਰਦੇ ਜਾਂਦੇ ਹੋਏ ਕਿਸੀ ਦੇ ਜਿੱਤ ਜਾਣ ਦੀ ਗੱਲ।

ਖ਼ਿਆਲੋਂ ਖਿਆਲੀਂ ਅੰਬਰੀ ਟਾਕੀ ਤੇ ਸਾਰੇ ਲਾਉਂਦੇ ਨੇ,
ਕਰੋ ਤਾਂ ਤੁਸੀਂ ਬਸ ਦੁਨੀਆਂ ਦੇ ਕਲਿਆਣ ਦੀ ਗੱਲ।

ਉਮਰਾਂ ਕੋਲੋਂ ਵੱਡੇ ਦੁੱਖ ਲੱਗ ਜਾਂਦੇ ਨੇ ਕਦੇ ਭਰ ਜਾਂਦੇ ਨੇ,
ਰੂਹਾਂ ਦੇ ਦੁੱਖ ਅਵੱਲੇ ਕਰੋ ਓਹਨਾ ਦੇ ਭਰ ਜਾਣ ਦੀ ਗੱਲ।

ਅਕਸਰ ਸਿਆਣੇ ਕਹਿੰਦੇ ਨੇ ਰੋਣ ਨਾਲ ਦੁੱਖ ਘੱਟਦਾ ਏ,
ਆਪਣਾ ਨ ਕੋਈ ਕਰਾਂ ਕੀਹਦੇ ਗਲ ਲੱਗ ਜਾਣ ਦੀ ਗੱਲ।

ਜਦ ਇਸ਼ਕ ਪਿਆਰ ਮੁਹੱਬਤ ਉਲਫ਼ਤ ਹੀ ਜ਼ਿੰਦਗੀ ਏ,
ਤੇ ਫ਼ਿਰ ਕਿਵੇਂ ਕੌਣ ਕਿਹਨੂੰ ਸਮਝਾਵੇ ਗ਼ਮ ਖਾਣ ਦੀ ਗੱਲ।

ਕੋਈ ਖੁਸ਼ੀ ਨਾਲ ਜਿਉਂਦਾ ਏ ਕੋਈ ਖੁਸ਼ੀ ਨਾਲ ਮਰਦਾ ਏ,
ਵੱਡਾ ਮੋਹਬਤ ਏ ਸ਼ਾਸ਼ਤਰ ਹੁੰਦੀ ਏ ਇਹਨੂੰ ਚਲਾਣ ਦੀ ਗੱਲ।

ਮੰਜ਼ਿਲ ਤੇ ਪੁੱਜ ਜਾਂਦਾ ਏ ਰਾਹੀਂ ਜੇ ਪਹਿਚਾਣੇ ਰਾਹ ਆਪਣਾ,
ਨਹੀਂ ਤੇ ਹੋ ਮਿੱਟੀ ਫਿਰ ਹੁੰਦੀ ਏ ਮਿੱਟੀ ਨੂੰ ਭੁੱਲ ਜਾਣ ਦੀ ਗੱਲ।

—ਗੁਰਿੰਦਰ ਗਿੱਲ

## ਲਹੂ ਲੁਹਾਣ ਨੇ ਸ਼ਬਦ ਮੇਰੇ

ਲਹੂ ਲੁਹਾਣ ਨੇ ਸ਼ਬਦ ਮੇਰੇ ਚਲੋ ਇੰਨਾ ਨੂੰ ਅੱਜ ਲਿਖਿਆ ਜਾਵੇ,
ਲਿਖਾਂ ਕੋਈ ਗ਼ਜ਼ਲ ਅਜਿਹੀ ਜਿਸ ਵਿੱਚ ਦਰਦ ਨੂੰ ਪੜ੍ਹਿਆ ਜਾਵੇ।

ਰੱਬ ਵੀ ਸੁਨ ਲੈਂਦਾ ਫਰਿਆਦ ਜੇ ਸੱਚੇ ਮਨੋ ਉਹਨੂੰ ਕੀਤਾ ਜਾਵੇ ਯਾਦ,
ਚਾਰੋਂ ਧਾਮ ਸਭ ਮਿਲ ਜਾਂਦੇ ਨੇ ਹੱਥ ਮਾਪਿਆਂ ਦਾ ਜਦ ਫੜਿਆ ਜਾਵੇ।

ਮੇਰੇ ਤੇ ਡਿੱਗਿਆ ਏ ਮੇਰੇ ਖੁਆਬਾਂ ਉਡਾਨਾਂ ਦਾ ਮਲ੍ਹਬਾ ਜਿਹਾ ਸਾਰਾ,
ਸਿਸਕ ਰਿਹਾ ਹੈ ਦਿਲ ਮੇਰਾ ਦੱਸੋ ਕੀਕਣ ਇਹਨੂੰ ਕੱਢਿਆ ਜਾਵੇ।

ਕੁਫ਼ਰ ਬਦੀਆਂ ਖ਼ੌਫ਼ ਪਤਾ ਨਹੀਂ ਕੀਹਦੇ ਕੀਹਦੇ 'ਚ ਮੰਨ ਫਸਿਆ ਏ,
ਕੋਈ ਹੁਨਰ ਦਰਸਾਉ ਜੋ ਮੈਂ ਨੂੰ ਪਾਸੇ ਕਰ ਅੰਦਰ ਵੜਿਆ ਜਾਵੇ।

ਸਬਰ ਖ਼ਿਮਾ ਭਲਾਈ ਆਸ ਹੌਂਸਲਾ ਤੇ ਸੱਚਾਈ ਦਾ ਦੀਪ ਬਾਲਾਂ,
ਰੱਬ ਸੁਨ ਲਵੇ ਨੇੜੇ ਹੋਕੇ ਸ਼ਾਇਦ ਫਿਰ ਮੈਥੋਂ ਅੰਦਰ ਵੜਿਆ ਜਾਵੇ।

ਮੈਂ ਨਹੀਂ ਪਰ ਪਾਣੀ ਤੇ ਲਿਖੇ ਲੀਕ ਵਾਂਗੂ ਸ਼ਬਦ ਮੇਰੇ ਰਹਿ ਜਾਣਗੇ,
ਹੈ ਚਾਹਤ ਦਰਦ ਨਾਲ ਘੜੇ ਸ਼ਬਦਾਂ ਨੂੰ ਅਦਬ ਨਾਲ ਪੜਿਆ ਜਾਵੇ।

**—ਗੁਰਿੰਦਰ ਗਿੱਲ**



## ਅੱਖਰ ਮੇਰੀ ਰੂਹ ਹੈ

ਕਦੇ ਦੇਸ ਆਪਣੇ ਦੱਸਦੇ ਨਾ ਆਕੇ ਵਿੱਚ ਪ੍ਰਦੇਸਾਂ,
ਕਿਹੜੀ ਕਿਹੜੀ ਮੁਸੀਬਤ ਨਾ ਇਨ੍ਹਾਂ ਨੇ ਝਾਲੀ ਏ।
ਸਾਰੀ ਉਮਰ ਕਮਾਈਆਂ ਕਰਦਿਆਂ ਗੁਜ਼ਰੀ ਕਿਥੇ,
ਮਾਪੇ ਰਹਿ ਗਏ ਹਰ ਅੱਖ ਇਨ੍ਹਾਂ ਦੀ ਸਵਾਲੀ ਏ।

ਅੰਦਰੋਂ ਤੇ ਮਰੇ ਹੋਏ ਨੇ ਉਪਰੋਂ ਝੂਠੇ ਹਾਸੇ ਹੱਸਦੇ ਨੇ,
ਰਾਤ ਹਨੇਰਿਆਂ ਲੜਦੇ ਰੱਖਦੇ ਹਿੰਮਤ ਆਲੀ ਏ।
ਭਾਂਵੇ ਜ਼ਿੰਦਗੀ ਦੀ ਖੇਡ 'ਚ ਕਦੇ ਹਾਰ ਵੀ ਜਾਵਣ,
ਪਰ ਜ਼ਜ਼ਬਾਤਾਂ ਦੀ ਖੇਡਣ ਖੇਡ ਸਦਾ ਨਿਰਾਲੀ ਏ।

ਵਿਛੋੜੇ ਦੇ ਦਰਦਾਂ ਨੂੰ ਤੇ ਪੀ ਜਾਂਦੇ ਨੇ ਜੀ ਜਾਂਦੇ ਨੇ,
ਮਿਹਨਤ ਮੁਸ਼ੱਕਤ ਕਰ ਰੱਖਦੇ ਨ ਝੋਲੀ ਖਾਲੀ ਏ।
ਹੈ ਗੱਲ ਕਹਿਣ ਨੂੰ ਮੋੜ ਦੇਂਦੇ ਜ਼ਿੰਦਗੀ ਦੇ ਵਹਿਣ ਨੂੰ,
ਸਪਨੇ ਪੂਰੇ ਕਰਨ ਕੁਝ ਪਾਉਂਦੇ ਮਹਿਲ ਖਿਆਲੀ ਏ।

ਵੱਡੇ ਵੱਡੇ ਲੇਖਕ ਲਿਖ ਗਏ ਕੁਝ ਲਿਖਦੇ ਨੇ ਰਹਿੰਦੇ,
ਸਿਖਿਆ ਹੈ ਉਨ੍ਹਾਂ ਤੋਂ ਫਿਰ ਜਾਕੇ ਕਲਮ ਸੰਭਾਲੀ ਏ।
ਅੱਖਰ ਮੇਰੀ ਰੂਹ ਹੈ ਸ਼ਬਦ ਬਣ ਬੈਠੇ ਨੇ ਜ਼ਜ਼ਬਾਤ ਮੇਰੇ,
ਸੁਣਦੇ ਪੜ੍ਹਦੇ ਨੇ ਲੋਕੀਂ ਜੋ ਕੀਤੀ ਮੈਂ ਵਾਕਾਂ ਦੀ ਹਾਲੀ ਏ।

**—ਗੁਰਿੰਦਰ ਗਿੱਲ**

# ਕੋਈ ਰੀਝ ਨ ਰਹੇ ਅਧੂਰੀ

ਕਹਿੰਦੇ ਨੇ ਕਿਸੇ ਦੀ ਕੋਈ ਰੀਝ ਨ ਰਹੇ ਅਧੂਰੀ,
ਉਹਨੂੰ ਪੂਰੀ ਕਰ ਲਈ ਜੇ ਮਿਲ ਜਾਇ ਮਨਜ਼ੂਰੀ।

ਨਵੇਂ ਰਾਹ ਪੈਰ ਧਰਨਾ ਦਿਲ ਦੀ ਟੀਸ ਹਰਨਾ,
ਸਿਖਰਾਂ ਨੂੰ ਛੋਹਣਾ ਵੀ ਤਾਂ ਹੈ ਬਹੁਤ ਹੀ ਜਰੂਰੀ।

ਇਹ ਰੀਝ ਫਿਰ ਨਹੀਂ ਬੁਲੰਦੀ ਦੀ ਧਰਦੀ ਏ,
ਨਾ ਮਰੇ ਨਾ ਡਰੇ ਬਣ ਜਾਂਦੀ ਫ਼ਿਰ ਸਰੂਰੀ ਹੈ।

ਨਾ ਗਰਮੀ ਸਾੜ ਸਕੇ ਨਾ ਸਰਦੀ ਠਾਰ ਸਕੇ,
ਦਮ ਹੌਂਸਲੇ ਦਾ ਰੱਖ ਬਣ ਜਾਂਦੀ ਮਗ਼ਰੂਰੀ ਏ।

ਜੇ ਨਿਸ਼ਚੈ ਦੀ ਅੱਗ ਬਲੇ ਖੁਦ ਨਾਲ ਜੰਗ ਚਲੇ,
ਫਿਰ ਉਮੀਦ ਦੀ ਕਿਰਨ ਬਣ ਜਾਵੇ ਸਿੰਧੂਰੀ ਏ।

ਹਉਮੈ ਮਮਤਾ ਖੌਫ਼ ਦੁਚਿੱਤੀ ਉਸਾਰੇ ਜੋ ਕੰਧਾਂ,
ਰੱਬ ਨੂੰ ਮਿਲਣਾ ਔਖਾ ਹੁੰਦਾ ਆ ਜਾਂਦੀ ਦੂਰੀ ਏ।

ਦੁੱਖ 'ਚ ਡੁੱਬ ਕੇ ਲਿਖੀ ਜਾਵੇ ਗੁਣਗੁਣਾਈ ਜਾਵੇ ਤਾਂ,
ਫਿਰ ਉਸ ਗ਼ਜ਼ਲ ਦੀ ਖੁਦ ਹੋ ਜਾਂਦੀ ਮਸ਼ਹੂਰੀ ਏ।

**—ਗੁਰਿੰਦਰ ਗਿੱਲ**



# ਦਰਦ ਰੂਹ ਏ ਦਿਲ ਦਾ

ਦਰਦ ਰੂਹ ਏ ਦਿਲ ਦਾ ਲੱਖ ਚਾਹ ਕੇ ਵੀ ਮੈਂ ਛੁਪਾ ਨਹੀਂ ਸਕਿਆ,
ਉਹਨੇ ਅਥਰੂਆਂ 'ਚ ਪੜ੍ਹ ਲਿਆ ਹੋਣਾ ਏ ਜੋ ਮੈਂ ਸੁਣਾ ਨਹੀਂ ਸਕਿਆ।

ਅੱਗ ਲਾ ਵੀ ਸਕੇ ਲੱਗੀ ਬੁਝਾ ਸਕੇ ਅੱਖਾਂ ਚੋਂ ਹੰਝੂਆਂ ਦਾ ਵਹਿਣਾ,
ਮੁਸ਼ਕਿਲ ਹੁੰਦਾ ਏ ਮੂੰਹੋਂ ਕੁਝ ਕਹਿਣਾ ਮੈਂ ਕਦੇ ਕਰ ਦੁਆ ਨਹੀਂ ਸਕਿਆ।

ਪਹਿਲਾਂ ਜਿੰਦੜੀ ਰੁਲਦੀ ਏ ਤੇ ਫੇਰ ਹਕੀਕਤ ਇਸ਼ਕ ਦੀ ਖੁਲ੍ਹਦੀ ਏ,
ਮੇਰੀ ਕੀਕਣ ਖੁੱਲ੍ਹਦੀ ਮੈਂ ਤਾਂ ਜ਼ਖ਼ਮ ਦਿਲ ਦੇ ਕਦੇ ਦਿਖਾ ਨਹੀਂ ਸਕਿਆ।

ਹਰ ਰਾਤ ਆਸਮਾਨ ਡਿਗਦਾ ਏ ਤਾਰੇ ਟੁੱਟਦੇ ਨੇ ਚੰਨ ਵੀ ਬੁਝਦਾ ਏ,
ਹੋ ਗਿਆ ਉਹ ਗ਼ੈਰ ਦਾ ਮੈਂ ਉਹਨੂੰ ਕਦੇ ਆਪਣਾ ਬਣਾ ਨਹੀਂ ਸਕਿਆ।

ਉਮਰ ਦੀ ਅੱਧੀ ਰਾਤ ਬੀਤ ਗਈ ਜ਼ਿੰਦਗੀ ਜੀਣ ਦਾ ਮਕਸਦ ਨ ਮਿਲਿਆ,
ਉਹ ਮੇਰਾ ਹੋ ਨਾ ਸਕਿਆ ਮੈਂ ਕੋਈ ਵਸਲ ਦਾ ਖ਼ਾਬ ਸਜਾ ਨਹੀਂ ਸਕਿਆ।

ਆਪਣੇ ਦਿਲ ਤੋਂ ਜਦ ਮੈਂ ਜੁਦਾ ਹੋਇਆ ਫੇਰ ਕੱਲਾ ਬਹਿ ਕੇ ਮੈਂ ਰੋਇਆ,
ਅੱਥਰੂ ਭਿਜੀ ਮੇਰੀ ਤਹਰੀਰ ਛੱਪ ਸਕਦੀ ਸੀ ਪਰ ਮੈਂ ਛੁਪਾ ਨਹੀਂ ਸਕਿਆ।

ਚਾਹੁੰਦਾ ਸੀ ਮੈਨੂੰ ਵੀ ਕੋਈ ਜਲਾਵੇ ਆ ਕੇ ਗੱਲਵਕੜੀ ਦੇ ਛਲਾਵੇ ਪਾ ਕੇ,
ਮਰ ਗਿਆ ਅੰਦਰੋਂ ਅੰਦਰੀ ਉਹ ਆਇਆ ਨ ਖੁਦ ਨੂੰ ਮੈਂ ਜਲਾ ਨਹੀਂ ਸਕਿਆ।

**—ਗੁਰਿੰਦਰ ਗਿੱਲ**

# ਪੰਜਾਬੀ ਵਿਚ ਲਿਖਾਂ ਪੰਜਾਬੀ ਵਿਚ ਬੋਲਾਂ

ਪੰਜਾਬੀ ਵਿਚ ਲਿਖਾਂ ਪੰਜਾਬੀ ਵਿਚ ਬੋਲਾਂ ਹੀ ਕਹਿੰਦੀ ਮੇਰੀ ਲਿਆਕਤ ਏ,
ਕਿ ਕਹਾਂ ਹੁਣ ਮੈਨੂੰ ਪੰਜਾਬ ਤੇ ਪੰਜਾਬੀ ਨਾਲ ਕੁਛ ਖ਼ਾਸ ਹੀ ਮੁਹੱਬਤ ਏ।

ਬੋਹੜਾਂ ਹੇਠਾਂ ਜੁੜ ਬੈਠਦੇ ਸੀ ਬਜ਼ੁਰਗ ਕਬੱਡੀ ਖੇਡਦੇ ਹਾਣੀ ਸੰਗ ਹਾਣੀ ਸੀ,
ਸ਼ਾਹ ਵੇਲਾ ਲੈਕੇ ਜਾਂਦੀ ਜਨਾਨੀ ਵੱਲ ਅੱਖ ਚੁੱਕੇ ਵੇਖੇ ਕੀਹਦੀ ਜੁਰਅਤ ਏ।

ਚਾਵਾਂ ਨਾਲ ਜਾਂਦੇ ਸੀ ਪਿੰਡ ਨਾਨਕੇ ਤੇ ਕਦੇ ਜਾਣਾ ਪਿੰਡ ਹੁੰਦਾ ਭੂਆ ਦੇ ਸੀ,
ਹੁਣ ਨਾ ਰਹੇ ਓ ਨਾਨਕੇ ਦਾਦਕੇ ਨਾ ਪਿੰਡ 'ਚ ਦੇਂਦੀ ਸੱਦਾ ਭੂਆ ਦੀ ਮੁਹੱਬਤ ਏ।

ਨਾ ਰਹੀਆਂ ਉਹ ਹਵੇਲੀਆਂ ਦਲਾਨ ਵਰਾਂਡੇ ਨਾ ਰਹੇ ਕਲੀ ਕਰਾਉਣ ਵਾਲੇ ਭਾਂਡੇ,
ਖ਼ਤਮ ਹੋਈ ਜੂਹ ਪਿੰਡ ਦੀ ਨਾ ਭੁੱਜਦੇ ਨੇ ਦਾਣੇ ਭੱਠੀ ਬਣ ਗਈ ਬੁਝਾਰਤ ਏ।

ਬੇਈਮਾਨੀ ਨਾ ਕਰਦਾ ਸੀ ਕੋਈ ਹੁਸ਼ਿਆਰੀ ਨਾ ਜ਼ਖਮਾਂ ਤੇ ਚਲਦੀ ਸੀ ਆਰੀ,
ਰੰਗਣ ਵਾਲੇ ਚੁੰਨੀਆਂ ਕਿਥੇ ਗਏ ਲਿਲਾਰੀ ਨਾ ਪਿੰਡ 'ਚ ਰਹੀ ਕੋਈ ਚਾਹਤ ਏ।

ਨਾ ਕੋਈ ਖੇਡੇ ਲੁਕਣ ਮੀਚੀ ਨਾ ਗੁਲੀ ਡੰਡਾ ਨਾ ਰਹੇ ਗੀਟੇ ਨਾ ਟੱਪੇ ਕੋਈ ਰੱਸੀ,
ਛੱਪੜ ਨਾ ਕੋਈ ਰਾਹ ਕੱਚਾ ਤੇ ਨਾ ਬੇਰੀ ਦਾ ਕੰਡਾ ਪਿੰਡ ਦੀ ਵੀ ਕਿ ਕਿਸਮਤ ਏ।

ਨਾ ਰਿਹਾ ਚੁੱਲ੍ਹਾ ਚੌਂਕਾ ਨਾ ਬੇਬੇ ਪਕਾਵੇ ਰੋਟੀ ਨਾ ਮੱਝ ਗਾਂ ਰੱਖੇ ਕੋਈ ਨਾ ਬੋਤੀ,
ਰਸਮ ਰਿਵਾਜ਼ ਮੁੱਕ ਗਏ ਉੱਡ ਗਏ ਮਾਰ ਉਡਾਰੀ ਬਣ ਗਏ ਕਿਤਾਬੀ ਤਿਜ਼ਾਰਤ ਏ।

ਚੋਰਾਂ ਸਾਧਾਂ 'ਚ ਕੋਈ ਫ਼ਰਕ ਨਾ ਰਹਿ ਗਿਆ ਬਣ ਗਏ ਸਭ ਚਿੱਟੇ ਦੇ ਖਿਲਾੜੀ ਆ,
ਵੇਖੋ ਇਹ ਪੰਜਾਬ ਹੁਣ ਕਿਧਰ ਨੂੰ ਚਲਿਆ ਸੋਚਾਂ ਕਿਹੜੀ ਚਲੀ ਇਥੇ ਸਿਆਸਤ ਏ।

**—ਗੁਰਿੰਦਰ ਗਿੱਲ**



# ਮਾਂ

ਕੋਈ ਦੱਸੇ ਕਿਦਾਂ ਲਿਖ ਦਿਆਂ ਅੱਖਰ ਕਾਲੇ ਕਲ਼ਮ ਮੇਰੀ ਨਾ ਲਿਖਦੀ ਏ,
ਅੱਖਰ ਕੋਈ ਨਾ ਔਹੜੇ ਮੈਨੂੰ ਜਦ ਮਾਂ ਦੀ ਕੁਰਬਾਨੀ ਅੱਖੀਂ ਦਿਸਦੀ ਏ।

ਮਾਂ ਦਾ ਰਿਸ਼ਤਾ ਦੁਆਂਵਾਂ ਵਰਗਾ ਠੰਡੀਆਂ ਠੰਡੀਆਂ ਛਾਵਾਂ ਵਰਗਾ,
ਬੱਚਿਆਂ ਖ਼ਾਤਿਰ ਜਾਨ ਜੋਖ਼ਮ ਵਿਚ ਪਾ ਮਾਂ ਕੂਚ ਜਹਾਨੋਂ ਕਰ ਜਾਂਦੀ ਏ।

ਹਰ ਥਾਂ ਰੱਬ ਹੋ ਨਹੀਂ ਸਕਦਾ ਮਾਂ ਉਧਾਰ ਉਸਨੇ ਸਾਨੂੰ ਦਿੱਤੀ ਹੈ,
ਮਮਤਾ ਪਰੋਣ ਲਈ ਸ਼ਬਦ ਨਾ ਮਿਲਦੇ ਅਕਲ ਕੰਮ ਨਾ ਕਰਦੀ ਏ।

ਅੱਗ ਦੀਆਂ ਲਪਟਾਂ ਹੋਣ ਜਾ ਛੱਡਦਾ ਪਾਣੀ ਮਾਂ ਕਦੇ ਨਾ ਡਰਦੀ ਏ,
ਬੱਚਿਆਂ ਨੂੰ ਬਚਾਉਣ ਖਾਤਿਰ ਮਾਂ ਤੇ ਜਾ ਰੱਬ ਨਾਲ ਵੀ ਲੜਦੀ ਏ।

ਮਾਂਵਾਂ ਠੰਡੀਆਂ ਠੰਡੀਆਂ ਛਾਂਵਾਂ ਮਾਂਵਾਂ ਹੁੰਦੀਆਂ ਈ ਨੇ ਜੰਨਤ ਦਾ ਪਰਛਾਂਵਾਂ,
ਉੱਚਾ ਮਾਂ ਦਾ ਦਰਜਾ ਕੋਈ ਉਤਾਰ ਸਕੇ ਨਾ ਕਰਜ਼ਾ ਨਾ ਮਾਂ ਕਦੇ ਗਿਣਾਉਂਦੀ ਏ।

ਇਕ ਮਾਂ ਦੂਜਾ ਰੱਬ ਪਿਆਰੇ ਨੇ ਬਾਕੀ ਸਬ ਰਿਸ਼ਤੇ ਤੇ ਮਤਲਬੀ ਸਾਰੇ ਨੇ,
ਤਪਦੀਆਂ ਧੁਪਾਂ 'ਚ ਕੋਈ ਜਿਵੇਂ ਛਾਂ ਲੱਗਦੀ ਏ ਉਵੇਂ ਮਾਂ ਲੱਗਦੀ ਦਿਸਦੀ ਏ।

ਮਾਂ ਤੇ ਆ ਪੈਰ ਛੋਹਣ ਯੋਗ ਦਿਉ ਨਾ ਵਿਯੋਗ ਧਰਮ ਸ਼ਾਸ਼ਤਰ ਵੀ ਕਹਿੰਦੇ ਨੇ,
ਦੂਰ ਰਹਿ ਨੀ ਸਕਦੀ ਬੱਚਿਆਂ ਤੋਂ ਵਿਛੜ ਮਾਂ ਜਿਉਂਦੇ ਜੀ ਸਮਝੋ ਮਰ ਜਾਂਦੀ ਏ।

**—ਗੁਰਿੰਦਰ ਗਿੱਲ**

# ਛਲਾਵਾ ਏ ਬੁਲੰਦੀ ਹਾਸਿਲ ਨਾ ਹੁੰਦੀ

ਵੇਖ ਖੜੀ ਬੁਲੰਦੀ ਉੱਤੇ ਦੁਸ਼ਮਣ ਸੜਿਆ ਪਰ ਕਰੇ ਹੀਲਾ ਮੁਸਕਾਨ ਦਾ,
ਉਹਦੇ ਕੋਲੋਂ ਜਰ ਨਾ ਹੋਵੇ ਤੇ ਮੈਂ ਵੀ ਕਿਉਂ ਕਰਾਂ ਕੋਈ ਹੀਲਾ ਲੁਕਾਣ ਦਾ।

ਖੁਦ ਉੱਪਰ ਉੱਠਣ ਲਈ ਜ਼ੋਰ ਨਾ ਲਾਵੇ ਨ ਦੂਰ ਕਰੇ ਅਮਲ ਹਨੇਰੇ ਦਾ,
ਹਿੰਮਤ ਸਦਕਾ ਦਰਿਆ ਠਿੱਲ ਪੈਂਦੇ ਨੇ ਫਿਰ ਬਣੇ ਸਬਬ ਅੰਬਰੀ ਛਾਣ ਦਾ।

ਲੋਕੀਂ ਤਾਂ ਕੁਝ ਕਹਿ ਭੁੱਲ ਜਾਂਦੇ ਨੇ ਬਹੁਤ ਅੱਗੇ ਵੀ ਉਹ ਨਿਕਲ ਜਾਂਦੇ ਨੇ,
ਤਨ ਤੋਂ ਤਾਂ ਅਕਸਰ ਮਿੱਟ ਜਾਂਦੇ ਨੇ ਪਰ ਕਦ ਮਿਟਦਾ ਏ ਫੱਟ ਜ਼ੁਬਾਨ ਦਾ।

ਉਹੀ ਧੋਖਾ ਦੇ ਜਾਂਦੇ ਨੇ ਕੀ ਤੈਨੂੰ ਯਕੀਨ ਨਹੀਂ ਜਿਹੜੇ ਅਕਸਰ ਬੋਲ ਜਾਂਦੇ ਨੇ,
ਐਸੇ ਸ਼ਬਦਾਂ ਦੀ ਛਾਂਵੇਂ ਬਹਿ ਜਾਂਦੇ ਨੇ ਕੁਝ ਨੂੰ ਹੁੰਦਾ ਏ ਸ਼ੌਕ ਧੋਖਾ ਖਾਣ ਦਾ।

ਬਸ ਮੱਲੋਮੱਲੀ ਵਹਿ ਜਾਂਦੇ ਨੇ ਹੱਥ ਰੱਖ ਅੱਖੀਆਂ ਤੇ ਕਦੇ ਨ ਇਹ ਰੁਕਦੇ ਨੇ,
ਸ਼ੁਕਰ ਕਰੋ ਹੰਝੂਆਂ ਦਾ ਰੰਗ ਨ ਕੋਈ ਨਹੀਂ ਤੇ ਹੁੰਦਾ ਡਰ ਰਾਜ ਖੁੱਲ ਜਾਣ ਦਾ।

ਜ਼ਿੰਦਗੀ ਦਾ ਮਸਲਾ ਬੜਾ ਗੁੰਜਲਦਾਰ ਉਪਰੋਂ ਫੁੱਲ ਤੇ ਵਿਚੋਂ ਕੰਢਿਆਂ ਦੇ ਹਾਰ,
ਕੰਮ ਨੀ ਆਉਣੇ ਮਹਿਲ ਮੁਨਾਰੇ ਪਰ ਕੋਈ ਕਰੇ ਨ ਹੀਲਾ ਬੰਧਨ ਛੁਡਾਨ ਦਾ।

ਛਲਾਵਾ ਏ ਬੁਲੰਦੀ ਹਾਸਿਲ ਨ ਹੁੰਦੀ ਸਿਖਰ ਤੇ ਪਹੁੰਚ ਰੂਹ ਰਹਿ ਜਾਇ ਸੱਖਣੀ,
ਕਰੋ ਰੁਖ ਖ਼ੁਦਾ ਵੱਲ ਵੇਲਾ ਏ ਹੁਣ ਖ਼ੁਦਗ਼ਰਜ਼ੀ ਦੀ ਵਗਦੀ ਨ੍ਹੇਰੀ ਨੂੰ ਠੱਲ ਪਾਣ ਦਾ।

—ਗੁਰਿੰਦਰ ਗਿੱਲ



# ਵੰਡ ਦੇਸ਼ ਦੀ

ਅਸੀਂ ਤਾਂ ਅੱਜ ਵੀ ਪਏ ਬੜਾ ਝੂਰਦੇ ਹਾਂ ਦੇਖ ਵਾਗੇ ਤੇ ਖਿੱਚੀਆਂ ਲਕੀਰਾਂ ਨੂੰ,
ਦੱਸੋ ਮਨਾਈਏ ਆਜ਼ਾਦੀ ਦਿਵਸ ਕਿ ਰੋਈਏ ਵੰਡੇ ਹੋਏ ਓਨ ਪੰਜ ਨੀਰਾਂ ਨੂੰ।

ਸਾਡਾ ਕੁਝ ਵੀ ਨ ਵੰਡਿਆ ਸੀ ਰਿਸ਼ਤੇ ਸਾਂਝੇ ਗੁਰੂ ਪੀਰ ਫ਼ਕੀਰ ਸਾਂਝੇ ਸੀ,
ਮੁਸ਼ਕਿਲ ਹੈ ਬਿਆਨ ਦਿਲ 'ਚ ਪਈਆਂ ਤ੍ਰੇੜਾਂ ਹੱਥੀ ਆਈਆਂ ਸ਼ਮਸ਼ੀਰਾਂ ਨੂੰ।

ਕਿਓਂ ਗੂੰਗੇ ਬੋਲੇ ਹੋ ਗਏ ਕੱਖਾਂ ਤੋਂ ਹੌਲੇ ਹੋ ਗਏ ਵੰਡੀਆਂ ਦੇ ਰੌਲੇ ਪਾ ਗਏ,
ਚਾਹੁੰਦੇ ਸਾਂ ਆਜ਼ਾਦੀ ਪਰ ਇਕ ਦੂਜੇ ਦੇ ਵੈਰੀ ਬਣ ਭੁੱਲ ਗਏ ਜ਼ਮੀਰਾਂ ਨੂੰ।

ਸੁਕਰਾਤ ਪੀਤਾ ਹੋਣੈ ਇਕ ਪਿਆਲਾ ਜ਼ਹਿਰ ਦਾ ਅਸੀਂ ਤਾਂ ਪੀਤੇ ਨੇ ਲੱਖਾਂ,
ਇੱਜਤਾਂ ਖਾਤਿਰ ਧੀਆਂ ਖੂਹੀ ਧਕੀਆਂ ਨ ਪੁਛੋ ਚੁੰਨੀਆਂ ਹੋਈਆਂ ਲੀਰਾਂ ਦਾ।

ਉਹ ਚੀਕਾਂ ਚਾਂਗਰਾਂ ਦਾ ਨਾ ਮੁੱਲ ਪਿਆ ਨ ਲਫ਼ਜ਼ ਕਰ ਸਕਦੇ ਨੇ ਬਿਆਨ,
ਨਹੀਓਂ ਭੁੱਲਣੇ ਮਿਲੇ ਜੋ ਸੱਲ ਮਾਵਾਂ ਤੋਂ ਪੁੱਤ ਤੇ ਭੈਣਾਂ ਤੋਂ ਵਿਛੜੇ ਵੀਰਾਂ ਨੂੰ।

ਜਿਥੇ ਜੰਮੇ ਪਲੇ ਜਾ ਸਕਦੇ ਨਹੀਂ ਬਚਪਨ ਦੇ ਸਾਥੀ ਗਲ਼ ਲਾ ਸਕਦੇ ਨਹੀਂ,
ਇਕ ਦੂਜੇ ਨਾਲ ਨਾਤੇ ਟੁੱਟ ਗਏ ਕੀ ਕਰੀਏ ਦਿਲ 'ਚ ਵੱਸੀਆਂ ਤਸਵੀਰਾਂ ਨੂੰ।

ਨਨਕਾਣਾ ਜਾਣਾ ਚਾਹੁੰਦੇ ਹਾਂ ਬਚਪਨ ਵਾਲਾ ਸਮਾਂ ਲਿਆਉਣਾ ਚਾਹੁੰਦੇ ਹਾਂ,
ਬਣ ਦੁਸ਼ਮਣ ਖੜੇ ਸਰਹਦ ਤੇ ਕਿਵੇਂ ਕੋਈ ਤੋੜੇ ਟੈਂਕ ਤੋਪਾਂ ਦੀਆਂ ਜ਼ੰਜ਼ੀਰਾਂ ਨੂੰ।

—ਗੁਰਿੰਦਰ ਗਿੱਲ

# ਮੁਹੱਬਤ ਤਾਂ ਕੁਰਬਾਨੀ ਮੰਗਦੀ ਏ

ਰਸਤੇ ਲੰਮੇ ਪਹਾੜ ਜਏ ਨਾ ਖ਼ਤਮ ਹੁੰਦੇ ਨਾ ਮੰਜ਼ਿਲ ਦਿੱਸਦੀ ਏ,
ਦਿਲ ਵਿਚ ਇਕ ਆਸ ਦੀ ਲੌ ਜਗਦੀ ਏ ਜੋ ਕਦੇ ਨਾ ਬੁੱਝਦੀ ਏ।
ਬਾਗੀਂ ਖਿੜ੍ਹੇ ਨੇ ਫ਼ੁੱਲ ਤੇ ਤਾਰੇ ਵੀ ਜਗਮਗ ਰਹਿੰਦੇ ਕਰਦੇ ਨੇ,
ਕੌਣ ਕਰੇ ਦੁੱਖ ਮੇਰਾ ਸਾਂਝਾ ਨਾ ਰਾਤ ਮੁੱਕਦੀ ਏ ਨਾ ਚੁੱਪੀ ਟੁੱਟਦੀ ਏ।।

ਕਿਹਨੂੰ ਦੁੱਖ ਦੀ ਕਥਾ ਸੁਣਾਈਏ ਮਹਿਰਮ ਰਾਜ ਬਣਾਈਏ,
ਲੋਕੀਂ ਆਪ ਨੇ ਦੁਖਾਂ ਦੇ ਮਾਰੇ ਹਰ ਰਗ ਓਹਨਾ ਦੀ ਦੁਖਦੀ ਏ।
ਕੀ ਕੀ ਨ ਤੋਹਫ਼ਾ ਉਹ ਮੇਰੇ ਪੱਲੇ ਪਾ ਤੇ ਆਪ ਤੁਰ ਗਿਆ,
ਹੌਕੇ ਹਾਵਾਂ ਨਾ ਰੁਕਦੇ ਮੇਰੇ ਨਾ ਅੱਥਰ ਅੱਖੋਂ ਕਦੇ ਸੁਕਦੀ ਏ।।

ਲੱਖ ਵਾਰੀ ਅਜ਼ਮਾਈ ਦੁਨੀਆ ਬਾਰ ਬਾਰ ਕਿਉਂ ਆਜ਼ਮਾਵਾਂ,
ਨਾਗਾਂ ਤੋਂ ਵੱਧ ਜ਼ਹਿਰੀਲੀ ਦੁਨੀਆ ਬਾਰ ਬਾਰ ਮੈਨੂੰ ਡੱਸਦੀ ਏ।
ਲੱਗਾ ਏ ਦਿਲ ਨੂੰ ਇਸ਼ਕ ਦਾ ਰੋਗ ਅਵੱਲਾ ਪੀੜ ਨਿਆਰੀ ਏ,
ਲੱਖ ਲੁਕੋਵਾਂ ਪਰ ਦਾਸਤਾਨ ਦਿਲ ਦੀ ਲੁਕੋਇਆਂ ਨਾ ਲੁੱਕਦੀ ਏ।।

ਦਰਦ ਨੇ ਜਿਉਂਦਿਆਂ ਮਾਰ ਮੁਕਾਇਆ ਏ ਜੱਗ ਭੁਲਾਇਆ ਏ,
ਕਹਿੰਦੇ ਨੇ ਇਹ ਪੀੜ੍ਹਾ ਮਰਨ ਬਾਅਦ ਵੀ ਰਹੇ ਰੂਹ ਨੂੰ ਟੁੰਬਦੀ ਏ।
ਸੱਸੀ ਸੋਹਣੀ ਹੀਰ ਲੈਲਾ ਵਾਲਾ ਦਸਤੂਰ ਮੈਨੂੰ ਨਾ ਜਚਦਾ ਏ,
ਬਿਨ ਦਿਤਿਆ ਨਾ ਸਰਦਾ ਏ ਮੁਹੱਬਤ ਤਾਂ ਕੁਰਬਾਨੀ ਮੰਗਦੀ ਏ।।

**—ਗੁਰਿੰਦਰ ਗਿੱਲ**



# ਅਸੀਂ ਖੁਸ਼ ਹਾਂ ਹਾਰਾਂ ਤੇ

ਮੰਜ਼ਿਲ ਦਾ ਜੋ ਪਤਾ ਨ ਦੇਵਣ ਸਦਕੇ ਜਾਈਏ ਇੰਨਾ ਰਾਹਾਂ ਦੇ,
ਮੇਰੇ ਤਕ ਨ ਅੱਪੜੇ ਰਸਤੇ 'ਚ ਹੀ ਗੁੰਮ ਗਏ ਨੇ ਰੰਗ ਬਹਾਰਾਂ ਦੇ।

ਵਿੱਛੜ ਗਿਆ ਜਦ ਦਿਲ ਦਾ ਮਹਿਰਮ ਦੁੱਖ ਕਿਉਂ ਨਾ ਠਹਿਰਣ,
ਕੀ ਕਰਾਂ ਸ਼ਿਕਵਾ ਫੇਰ ਮੈਂ ਦੁਨੀਆਂ ਨਾਲ ਤੇ ਬਾਰਿਸ਼ ਫੁਹਾਰਾਂ ਤੇ।

ਕੀਤਾ ਕਦੇ ਮੈਂ ਗੈਰਾਂ ਨੂੰ ਮਜ਼ਬੂਰ ਨਾ ਤੇ ਆਪਣਿਆਂ ਨੂੰ ਦੂਰ ਨਾ,
ਕਿਓਂ ਸਾਂਭਾਂ ਕੁੰਜੀਆਂ ਪਤਾ ਏ ਨਿਭਦੇ ਨਾ ਰਿਸ਼ਤੇ ਨਾਲ ਦੀਵਾਰਾਂ ਦੇ।

ਮੇਹਣੇ ਮਾਰੇ ਜੱਗ ਸਾਰਾ ਜਿਵੇਂ ਇਸ਼ਕ ਕਰਨਾ ਜੁਰਮ ਹੈ ਭਾਰਾ,
ਨ ਸਮਝਣ ਚੋਬਾਂ ਦੇ ਮਿਟਦੇ ਨ ਭਰ ਜਾਂਦੇ ਨੇ ਫੱਟ ਤਲਵਾਰਾਂ ਦੇ।

ਦਿਲ ਸਾਗਰ ਤੋਂ ਡੂੰਘਾ ਕਦੇ ਬਣ ਸ਼ੀਸ਼ਾ ਹੋ ਜਾਂਦਾ ਚਕਨਾਚੂਰ,
ਕੀ ਫਾਇਦਾ ਫਿਰ ਰੁੱਸਣ ਦਾ ਜਦ ਕੋਈ ਹਾਲ ਨ ਪੁੱਛੇ ਬੀਮਾਰਾਂ ਦੇ।

ਕਿਉਂ ਉਸਦੇ ਪਿਆਰ ਵਫ਼ਾ ਦੀ ਲੱਜ ਪਾਲਣ ਲਈ ਹਾਂ ਮਜ਼ਬੂਰ,
ਅਣਮੁੱਲੀ ਚਾਹਤ ਦਾ ਮੁੱਲ ਨ ਪਾਵੇ ਟਿਕੇ ਨ ਉਹ ਕਦੇ ਕਰਾਰਾਂ ਤੇ।

ਉਹ ਵਿਚ ਮੈਦਾਨੋਂ ਭੱਜ ਗਏ ਨਹੀਂ ਰਿਹਾ ਸਰੋਕਾਰ ਪਿਆਰਾਂ ਨਾਲ,
ਇਸ਼ਕ ਬਾਜ਼ੀ ਜਿਤਨੀ ਕਾਹਤੋਂ ਅਸੀਂ ਵੀ ਬਣ ਚੁਕੇ ਹਾਂ ਮੁਰੀਦ ਹਾਰਾਂ ਦੇ।

**—ਗੁਰਿੰਦਰ ਗਿੱਲ**

# ਅੱਖਾਂ ਵੀ ਵਿਸ਼ਵਾਸ਼ ਨਾ ਕਰਦੀਆਂ

ਵੇਖ ਗ਼ਰੀਬਾਂ ਨੂੰ ਐਨੇ ਮਿਲੇ ਦਰਦ ਉਤੇ ਅੱਖਾਂ ਵੀ ਵਿਸ਼ਵਾਸ਼ ਨਾ ਕਰਦੀਆਂ,
ਇਕ ਪਾਸੇ ਤੇ ਮਾਰੇ ਕੋਰੋਨਾ ਦੂਜੇ ਪਾਸੇ ਮੀਹਾਂ ਵਿਚ ਕੁੱਲੀਆਂ ਨੇ ਢਹਿੰਦੀਆਂ।
ਬਹੁਤ ਸਾਰੇ ਘਰੋਂ ਹੋਏ ਬੇਘਰ ਨੇ ਖੁੱਲੇ ਆਸਮਾਨ ਥੱਲੇ ਕਰਦੇ ਪੁਕਾਰ ਨੇ,
ਗ਼ਰੀਬ ਨੂੰ ਪੁੱਛੇ ਕੋਈ ਆਉਂਦਾ ਤਰਸ ਮੈਨੂੰ ਵੇਖ ਲੋਕਾਂ ਨੂੰ ਪਾਠ ਪੂਜਾ ਕਰਦਿਆਂ।।

ਉਤੋਂ ਬੱਦਲ ਚੜ੍ਹ ਚੜ੍ਹ ਆਵੇ ਸਾਉਣ ਵੀ ਆਪਣੀ ਦਿਹਾੜੀ ਜਿਵੇਂ ਪੂਰੀ ਲਾਵੇ,
ਰਾਸ਼ਨ ਨਾ ਲੀੜਾ ਲੱਤਾਂ ਬਚਿਆ ਆਵੇ ਰੋਣ ਜੋ ਵੇਖਾਂ ਬੱਚਿਆਂ ਨੂੰ ਮਰਦਿਆਂ।
ਇਨਸਾਨੀ ਰਿਸ਼ਤੇ ਲੀਰੋਂ ਲੀਰ ਹੋਏ ਕਦਰਾਂ ਵੱਲੋਂ ਤਾਂ ਹੁਣ ਸਭ ਨੇ ਫ਼ਕੀਰ ਹੋਏ,
ਅਮੀਰ ਤਾਂ ਵੇਖਣ ਤਮਾਸ਼ਾ ਨਾਲ ਸਰਕਾਰਾਂ ਵੀ ਨੇ ਦਿਸਣ ਬੈਠ ਵੇਖਦੀਆਂ।।

ਢਿੱਡੋਂ ਭੁੱਖੇ ਜੇਬੋਂ ਖਾਲੀ ਤਰਲੇ ਮਿੰਨਤਾਂ ਕਰਦੇ ਨੇ ਜਿਉਂਦੇ ਜੀ ਪਏ ਮਰਦੇ ਨੇ,
ਕੂੜਦਾਨੇ ਚੋਂ ਚੁੱਕ ਚੁੱਕ ਖਾਣ ਵੇਖਣ ਵਾਲਿਆਂ ਨਜ਼ਰਾਂ ਭੋਰਾ ਤਰਸ ਨਾ ਕਰਦੀਆਂ।
ਦੇਸ਼ ਮੇਰੇ ਵਿਚ ਕੋਈ ਗਰੀਬ ਨੂੰ ਨਾ ਪੁੱਛੇ ਪੱਥਰਾਂ ਨੂੰ ਭੱਜ ਭੱਜ ਪਰ ਹੈ ਪੂਜੇ,
ਝਰਨਿਆਂ ਨੂੰ ਖ਼ੌਫ਼ ਜਿਉਂ ਸਾਗਰਾਂ ਦਾ ਗਰੀਬਾਂ ਦੇ ਸੁਪਨਿਆਂ ਤੋਂ ਨੀਂਦਾਂ ਵੀ ਨੇ ਡਰਦੀਆਂ।।

ਬਦਨਸੀਬ ਗਰੀਬ ਲੋਕਾਂ ਦੀ ਤਾਂ ਵੀ ਅਣਖ ਗਈ ਤੇ ਆਸ ਵੀ ਗੋਤੇ ਖਾਂਦੀ ਏ,
ਸੋਚਾਂ ਅਮੀਰਾਂ ਨੂੰ ਰੋਟੀ ਕਿਵੇਂ ਲੰਘਦੀ ਏ ਵੇਖ ਗਰੀਬਾਂ ਨੂੰ ਭੁੱਖ ਦੀ ਮਾਰ ਸਹਿੰਦਿਆਂ।
ਛੱਡ ਸਬ ਜਵਾਨ ਸੱਧਰਾਂ ਨੂੰ ਸਰਹੱਦ ਤੇ ਜਵਾਨ ਸਿੱਖ ਹੀ ਨੇ ਕਰਦੇ ਜੋ ਰਾਖੀਆਂ,
ਧੰਨ ਉਹ ਮਾਵਾਂ ਦਾ ਜਿਗਰਾ ਏ ਸੀ ਨਾ ਕਰਨ ਵੇਖ ਪਰਤ ਕੇ ਲਾਸ਼ਾਂ ਘਰੇ ਆਉਂਦੀਆਂ।।

**—ਗੁਰਿੰਦਰ ਗਿੱਲ**



# ਉਹਦੀ ਨਜ਼ਰ ਸਵੱਲੀ ਜੇ ਹੋ ਜਾਵੇ

ਖੁਆਬ ਅਧੂਰੇ ਨੇ ਖੁਆਬਾਂ ਦੀ ਨਾ ਕਦੇ ਤਾਬੀਰ ਹੁੰਦੀ ਏ,
ਕਿਵੇਂ ਲੁਕਾਵਾਂ ਨੈਣਾ ਦੇ ਸ਼ੀਸ਼ੇ ਤੇ ਤੇਰੀ ਤਸਵੀਰ ਹੁੰਦੀ ਏ।

ਤੇਰੇ ਵਿਚੋਂ ਮੈਂ ਮੁਕ ਗਈ ਮੇਰੇ ਵਿਚੋਂ ਮੁਕ ਗਿਆ ਹੈ ਤੂੰ,
ਜੇ ਮੇਰੇ ਵਿਚੋਂ ਮੈਂ ਮੁੱਕ ਜਾਇ ਇਹੋ ਚੰਗੀ ਤਕਦੀਰ ਹੁੰਦੀ ਏ।

ਗੂੜੇ ਖ਼ਾਬ ਤੇ ਗੂੜੇ ਸਾਕ ਹਉਮੈ ਦੀ ਝੋਲੀ ਪੈ ਖ਼ਾਕ ਹੁੰਦੇ ਨੇ,
ਹਕੀਕੀ ਇਸ਼ਕ ਸੱਚੀ ਮੋਹਬਤ ਨਾ ਲੱਭੇ ਨਾ ਬਣ ਜ਼ੰਜ਼ੀਰ ਹੁੰਦੀ ਏ।

ਇਕ ਚੁੱਪ ਤੇ ਸੌ ਸੁੱਖ ਪਰ ਚੁੱਪ ਵੀ ਬਘਾਵਤ ਬਣ ਜਾਂਦੀ ਏ,
ਲੋੜ ਪੈਣ ਤੇ ਫਿਰ ਚੁੱਪ ਹੀ ਬਣ ਖਾਦੀ ਵਾਂਗ ਸ਼ਮਸ਼ੀਰ ਹੁੰਦੀ ਏ।

ਰਹੇ ਸਜਦੇ 'ਚ ਚਾਰ ਪਹਿਰ ਮੁਰਸ਼ਦ ਦਾ ਫਿਰ ਦੀਦਾਰ ਕਰੇ ਹੈ,
ਲੋੜਾਂ ਭੁੱਲ ਕਰੇ ਬੰਦਗੀ ਇਹਨੀ ਚੰਗੀ ਵੀ ਨਾ ਕੋਈ ਤਕਦੀਰ ਹੁੰਦੀ ਏ।

ਦਿਲ ਨੇ ਅੰਦਰ ਸਾਂਭ ਰੱਖੀਆਂ ਨੇ ਅਸੀਂ ਬਾਹਰ ਲੱਭਦੇ ਫਿਰਦੇ ਆ,
ਜਿਹਨੂੰ ਅੰਦਰ ਨਜ਼ਰ ਆ ਜਾਇ ਉਹ ਰੂਹ ਫਿਰ ਵੱਡੀ ਫ਼ਕੀਰ ਹੁੰਦੀ ਏ।

ਹਰ ਸ਼ੈ 'ਚ ਫਿਰ ਉਹ ਨਜ਼ਰ ਆਂਵਦਾ ਏ ਦੂਰ ਕਦੇ ਨਾ ਜਾਂਵਦਾ ਏ,
ਉਹਦੀ ਨਜ਼ਰ ਸਵੱਲੀ ਜੇ ਹੋ ਜਾਵੇ ਮਿਲਦਾ ਏ ਜੇ ਤਕਦੀਰ ਜ਼ਹੀਰ ਹੁੰਦੀ ਏ ।

**—ਗੁਰਿੰਦਰ ਗਿੱਲ**

# ਰੱਬ ਦਾ ਕੀ ਮਿਲ ਹੀ ਜਾਣਾ

ਇਸ਼ਕ ਮੁਹੱਬਤ ਤਾਂਹੀਓਂ ਮਿਲਦਾ ਜੇ,
ਆਪਣਾ ਆਪ ਗਵਾਈਏ ਪਹਿਲਾਂ।
ਜਿੱਥੇ ਰਹਿਮਤਾਂ ਓਥੇ ਜ਼ਹਿਮਤਾਂ ਵੀ ਨੇ,
ਆ ਦਿਲ ਨੂੰ ਇਹ ਸਮਝਾਈਏ ਪਹਿਲਾਂ।।

ਔਖੇ ਨੇ ਰਾਹ ਇਸ਼ਕ ਦੇ ਖ਼ੁਦ ਨੂੰ ਜਲਾ,
ਫਿਰ ਹੁੰਦੇ ਆ ਪੂਰੇ ਚਾਅ ਇਸ਼ਕ ਦੇ।
ਤੀਲੀ ਅੰਦਰਜਾਵੇ ਨਾ ਭਾਂਬੜ ਮਚਾਵੈ,
ਜੇ ਨਾ ਗਾ ਦਿਲ ਨੂੰ ਰੁਸ਼ਨਾਈਏ ਪਹਿਲਾ।।

ਰੋਸ਼ਨੀ ਦੇ ਨਾ ਤੇ ਲੋਕੀ ਠੱਗ ਨਹੀਂ ਸਕਦੇ,
ਜੇ ਅਸੀਂ ਅੰਦਰ ਅਲਖ ਜਗਾਈਏ ਪਹਿਲਾਂ।।
ਸੱਚਿਆਂ ਲਈ ਸੱਚ ਤੇ ਰੋਸ਼ਨ ਹੁੰਦਾ ਈ ਏ,
ਝੂਠਿਆਂ ਤੋਂ ਜੇ ਆਪਣਾ ਆਪ ਬਚਾਈਏ ਪਹਿਲਾਂ।।

ਕੀ ਪਤਾ ਕਿਸੇ ਹੋਰ ਦੇ ਅਥਰੂ ਜੇ ਪੂੰਝਣੇ ਪੈਣੇ ਨੇ,
ਬੇਹਤਰ ਆਪਣੇ ਮੰਨ ਨੂੰ ਸਮਝਾਈਏ ਪਹਿਲਾਂ।
ਰਬਾਬ ਵੰਝਲੀ ਵਜਦੀ ਅੰਦਰ ਵੱਜੇ ਇਕ ਤਾਰਾ,
ਕਿਸੇ ਨੂੰ ਦੱਸੀਏ ਨਾ ਸੁਣ ਸੁਰ ਤਾਲ ਨੂੰ ਲਈਏ ਪਹਿਲਾਂ।।

ਰੱਬ ਦਾ ਕੀ ਮਿਲ ਹੀ ਜਾਣਾ ਜੇ ਮੰਨੇ ਤੂੰ ਓਹਦਾ ਭਾਣਾ,
ਸਬ ਨੂੰ ਸੀਨੇ ਲਾ ਕੇ ਜੇ ਅੰਦਰੋਂ ਵੈਰ ਮੁਕਾਈਏ ਪਹਿਲਾਂ।
ਕਵਿਤਾ ਗ਼ਜ਼ਲ ਦੇ ਜੰਗਲ ਵਿਚ ਜਿੰਨਾ ਮਰਜ਼ੀ ਘੁੰਮ ਲੈ,
ਲਿਖਣਾ ਤਾਂਹੀ ਆਉਂਦਾ ਗਿੱਲ ਜੇ ਸੱਟਾਂ ਦਿਲ ਤੇ ਖਾਈਏ ਪਹਿਲਾਂ।।

**—ਗੁਰਿੰਦਰ ਗਿੱਲ**



# ਮੈਨੂੰ ਸ਼ਬਦ ਸੱਦਾ ਦਿੰਦੇ ਨੇ

ਮੈਨੂੰ ਬਥੇਰੇ ਸ਼ਬਦ ਵੀ ਸੱਦਾ ਦਿੰਦੇ ਨੇ ਕੁਝ,
ਕੁਝ ਕਹਿਣ ਸੁਣਾਉਣ ਲਈ ਗੱਲ ਲਿਖਣ ਲਈ।
ਕਲ਼ਮ ਦਾ ਵਾਰ ਤਖ਼ਤ ਓ ਤਾਜ਼ ਹਿਲਾ ਕੇ,
ਰੱਖ ਦੇ ਐਸਾ ਕੁਝ ਹਾਲ ਬੇਹਾਲ ਲਿਖਣ ਲਈ।।

ਜਿਥੇ ਗੂਹੜ ਬਹੁਤੀ ਉਥੇ ਫਿੱਕ ਪੈਂਦੀ ਏ,
ਮਿੱਠੇ ਗੰਨੇ ਤੋਂ ਬਣੇ ਸ਼ਰਾਬ ਦਾ ਕਾਲ ਲਿਖਣ ਲਈ।
ਜੋ ਗੱਲ ਘਰ ਕਦੇ ਆਬਾਦ ਕਰਦੀ ਸੀ,
ਅੱਜ ਕਰਦੀ ਆ ਓਹੋ ਖਰਾਬ ਲਿਖਣ ਲਈ।।

ਜੋ ਅਸਮਾਨੀ ਚੜ੍ਹਦਾ ਏ ਕਦੇ ਓਹ ਲਹਿੰਦਾ ਏ,
ਜਿੱਤਦਾ ਕਦੇ ਢਹਿੰਦੇ ਦਾ ਹਿਸਾਬ ਲਿਖਣ ਲਈ।
ਬਹੁਤ ਗੂੜ੍ਹੇ ਯਾਰਾਨਿਆਂ ਦੀ ਅਲਫ਼ ਬੇ ਵੀ ਵੇਖੀ ਏ,
ਫੇਰ ਬਣਦੇ ਤਾਹਨਿਆਂ ਦੀ ਕਿਤਾਬ ਲਿਖਣ ਲਈ।।

ਜਿਹੜਾ ਕੰਡਿਆਂ 'ਚ ਪਏ ਗੁਲਾਬ ਨੂੰ ਐ ਕੱਢਦਾ,
ਚੁੱਭਦੇ ਕੰਡਿਆਂ ਦਾ ਤੇ ਹੁੰਦਾ ਹੱਥ ਲਾਲ ਲਿਖਣ ਲਈ।
ਦੂਰੋਂ ਸੁਨ ਫ਼ੁੰਕਾਰਾਂ ਭੱਜਣ ਨੇੜੇ ਕੋਈ ਲਗੇ ਨਹੀਂ,
ਪਿੱਛੋਂ ਲੀਹ ਕੁੱਟਣ ਤੇ ਜੋ ਮਿਲੇ ਜਵਾਬ ਲਿਖਣ ਲਈ।।

ਦਿਲ ਲੀਰੋ ਲੀਰ ਹੁੰਦਾ ਏ ਜਦ ਚੁੰਨੀ ਸਿਰ ਤੋਂ ਲੱਥੇ,
ਹੁੰਦੀ ਇੱਜ਼ਤ ਖ਼ਰਾਬ ਤੇ ਓਹਦੇ ਮਰਦੇ ਖ਼ਾਬ ਲਿਖਣ ਲਈ।
ਓਧਰ ਹੱਦ ਨਹੀਂ ਰਹਿਮਤਾਂ ਦੀ ਏਧਰ ਪਰੇਸ਼ਾਨੀਆਂ ਦੀ,
ਕਿਓਂ ਜਿਉਂਦਿਆਂ ਦੇ ਖ਼ਫ਼ਨ ਸੀਪਦੇ ਨੇ ਸਵਾਲ ਲਿਖਣ ਲਈ।।

**—ਗੁਰਿੰਦਰ ਗਿੱਲ**

# ਅਸੀਂ ਮੁਰੀਦ ਇਸ਼ਕ ਦੇ ਝੱਲੇ ਆ

ਮੁਕੱਦਰ ਹੋਵੇ ਤੇਜ਼ ਤਾਂ ਮਾੜਾ ਨਖਰਾ ਬਣ ਸੁਭਾਅ ਜਾਂਦਾ ਏ।
ਜੇ ਹੋਵੇ ਕਿਸਮਤ ਮਾੜੀ ਤਾਂ ਹਾਸਾ ਵੀ ਬਣ ਗੁਨਾਹ ਜਾਂਦਾ ਏ।।

ਜ਼ਖਮ ਤੇ ਜ਼ਖਮ ਉਹ ਦੇ ਜਾਵੇ ਲਾਉਣਾ ਮਰਹਮ ਭੁੱਲ ਜਾਵੇ,
ਫੜਾ ਹੱਥ ਮੇਰੇ ਤੋਹਫ਼ਾ ਤਨਹਾਈ ਦਾ ਉਹ ਹੱਥ ਛੁਡਾ ਜਾਂਦਾ ਏ।।

ਇਕ ਪਲ ਚੜਾਵੇ ਪੀਂਘ ਪਿਆਰ ਦੀ ਦੂਜੇ ਪਲ ਹੇਠਾਂ ਲਾ ਦੇਵੇ।
ਖ਼ਬਰੇ ਕਿਓਂ ਕਦਰਾਂ ਕੀਮਤਾਂ ਪਿਆਰ ਦੀਆਂ ਉਹ ਭੁੱਲ ਜਾਂਦਾ ਏ।।

ਅਸੀਂ ਮੁਰੀਦ ਇਸ਼ਕ ਦੇ ਝੱਲੇ ਆ ਖਾ ਧੋਖਾ ਦੇਖ ਬੈਠੇ ਇੱਕਲੇ ਆ।
ਕਿਓਂ ਛੱਡ ਸੱਚੇ ਪਿਆਰ ਨੂੰ ਵਿਚ ਬੇਗਾਨੀ ਤੱਕੜੀ ਉਹ ਤੁੱਲ ਜਾਂਦਾ ਏ।।

ਦਿਲ ਵਿਚ ਹੋਵੇ ਭਾਂਵੇ ਜ਼ਖਮਾਂ ਦਾ ਜ਼ਾਲ ਭਾਂਵੇ ਕੋਈ ਨਾ ਪੁਛੇ ਹਾਲ।
ਭਾਂਵੇ ਦਿਖਾਈ ਨਾ ਦੇਵੇ ਵਕਤ ਨਾਲ ਦਿਲ ਸਹਿਣਾ ਸਿੱਖ ਜਾਂਦਾ ਏ।।

ਪੀੜਾਂ ਦੀਆਂ ਤੰਦਾਂ ਜਦ ਕੱਸਦੀਆਂ ਨੇ ਤਨ ਨੂੰ ਫਿਰ ਡੱਸਦੀਆਂ ਨੇ,
ਫਿਰ ਬਣ ਝੱਲਾ ਦਿਲ ਹੌਕਿਆਂ ਦੀਆਂ ਬੁਰਕੀਆਂ ਨਾਲ ਭਰ ਜਾਂਦਾ ਏ।।

ਤਨਹਾਈਆਂ ਦੇ ਕਿੱਸੇ ਆਮ ਨੇ ਕਾਗਜ਼ ਤੇ ਲਿੱਖ ਦਿਤੇ ਤਮਾਮ ਨੇ,
ਕਲਮ ਦੀਵਾਨੀ ਲਿਖੇ ਨਾਮ ਤੇਰਾ ਤੇ ਕਾਗਜ਼ ਸਾਰਾ ਭਰ ਜਾਂਦਾ ਏ।।

ਜ਼ਿੰਦਗੀ ਦੀਆਂ ਰਾਹਵਾਂ ਵਿਚ ਅਕਸਰ ਹੀ ਅਣਹੋਣੀ ਹੋ ਜਾਂਦੀ ਏ,
ਮਨ ਚਾਹਿਆ ਖ਼ੋ ਜਾਂਦਾ ਏ ਤੇ ਸਾਥੀ ਅਣਚਾਹਿਆ ਮਿਲ ਜਾਂਦਾ ਏ।।

ਬਿਰਹਾ ਦੀ ਪੀੜ੍ਹ ਸਹਾਰਦਾ ਏ ਬੈਠਾ ਏ ਗ਼ਮਾਂ ਨੂੰ ਝੋਲੀ ਪਾ,ਸਭ ਜਾਣੇ,
ਤੂੰ ਹੀ ਤੂੰ ਫੇਰ ਕਿਓਂ ਕਰਨਾ ਇਸ਼ਕ ਹਕੀਕੀ ਦਿਲ ਭੁੱਲ ਜਾਂਦਾ ਏ।।

**—ਗੁਰਿੰਦਰ ਗਿੱਲ**



# ਕੀ ਮੈਂ ਤੂੰ ਦੀ ਔਕਾਤ ਆ

ਜੋ ਜਿਉਂਦੇ ਜੀ ਤਾਂ ਗਲੋਂ ਲਾਉਂਣਾ ਚਾਹੁੰਦੇ ਨੇ,
ਫਿਰ ਕਿਉਂ ਮਰਿਆਂ ਤੇ ਗੱਲ ਨਾਲ ਲਾਉਂਦੇ ਨੇ।

ਜਿਉਂਦਿਆਂ ਜੀ ਕਰ ਨਾ ਸਕੇ ਮਦਦ ਕੋਈ,
ਫਿਰ ਕਿਓਂ ਮਰਿਆਂ ਤੇ ਅਥਰੂ ਵਾਹਾਂਉਂਦੇ ਨੇ।

ਪਾਣੀ ਦਾ ਘੁੱਟ ਪਿਉਣਾ ਗੁਨਾਹ ਸਮਝਦੇ ਸੀ,
ਅੱਜ ਓਹੀ ਕਿਓਂ ਗੰਗਾ ਜਲ ਮੂਹੰ 'ਚ ਪਾਉਂਦੇ ਨੇ।

ਵੈਸੇ ਤਾਂ ਸੱਚ ਹੀ ਕਿਹਾ ਹੈ ਕਿਸੀ ਸਿਆਣੇ ਨੇ,
ਜ਼ਿੰਦਗੀ ਤੇ ਲਾਸ਼ ਨੂੰ ਅੱਗ ਆਪਣੇ ਹੀ ਲਾਉਂਦੇ ਨੇ।

ਘਰ ਦੀ ਦਹਿਲੀਜ਼ ਜੋ ਨਾ ਟੱਪਣ ਦੇਂਦੇ ਸੀ ਓਹੀ,
ਕਿਓਂ ਅੱਜ ਫਿਰ ਅਰਥੀ ਨੂੰ ਮੋਢਾ ਦੇਣਾ ਚਾਹੁੰਦੇ ਨੇ।

ਤਰਲੇ ਲੈਣ ਤੇ ਟੁੱਕ ਰੋਟੀ ਦਾ ਕੱਪੜਾ ਲੀਰ ਨ ਦੇਂਦੇ ਸੀ,
ਅੱਜ ਅਰਥੀ ਤੇ ਵਧੀਆ ਖ਼ਫ਼ਨ ਪਾਉਣਾ ਚਾਹੁੰਦੇ ਨੇ।

ਜੋ ਅਕਸਰ ਰੁੱਸੇ ਰਹਿੰਦੇ ਸੀ ਮੂਹੰ ਮੋੜ ਕੇ ਲੰਘਦੇ ਸੀ,
ਪੈਸੇ ਦੇ ਭੁੱਖੇ ਸਾਰੇ ਅੱਜ ਚੰਗਾ ਕਹਾਉਣਾ ਚਾਹੁੰਦੇ ਨੇ।

ਚੱਲ ਛੱਡ ਦੇ ਮਨਾ ਮੁੜਕੇ ਦੇਖਣਾ ਓਹਨਾ ਸਾਰਿਆਂ ਨੂੰ,
ਜੋ ਦੂਰ ਜਾਣਾ ਚਾਹੁੰਦੇ ਨੇ ਛੁਟਕਾਰਾ ਪਾਉਣਾ ਚਾਹੁੰਦੇ ਨੇ।

ਕੀ ਮੈਂ ਤੂੰ ਦੀ ਔਕਾਤ ਆ ਐਂਵੇ ਬੰਦਾ ਹੋ ਰਿਹਾ ਖੁਵਾਰ ਆ,
ਭੁੱਲਾਕੇ ਰੱਬ ਕੀ ਰੂਹ ਨੂੰ ਲਾਹਨਤਾਂ ਪਵਾਉਣਾ ਚਾਹੁੰਦੇ ਨੇ ....

**—ਗੁਰਿੰਦਰ ਗਿੱਲ**

# ਹਉਮੈ ਕਦੇ ਨਾ ਮੁੱਕਣ ਦੇਵੇ

ਹਉਮੈਂ ਕਦੇ ਨ ਮੁੱਕਣ ਦੇਵੇ ਨ ਮੁਕਾ ਪਾਉਂਦਾ ਏ,
ਭਾਂਵੇ ਘਰ ਗੁਰੂ ਦੇ ਰੋਜ਼ ਈ ਸਰ ਨਿਵਾਉਂਦਾ ਏ।
ਲਾਲੋ ਜਿਹਾ ਪਿਆਰਾ ਗੁਰ ਦਾ ਕੋਈ ਨ ਬਣ ਸਕਦਾ,
ਹੈ ਮਨਜ਼ੂਰ ਤੇ ਬਣ ਭਾਗੋ ਫਿਰੇ ਪਛਤਾਉਂਦਾ ਏ।।

ਕਦੇ ਮਾਨ ਨਾ ਰੱਖੇ ਆਪਣੇ ਬੇਗਾਨੇ ਦਾ,
ਦਿਖੇ ਹਰ ਸੁ ਬੇਰੁਖੀ ਦਾ ਹੁਨਰ ਅਪਣਾਉਂਦਾ ਏ।
ਬਾਬੇ ਨਾਨਕ ਨੇ ਤਾਂ ਕਿਰਤ ਕਮਾਈ ਕੀਤੀ ਸੀ,
ਬੰਦਾ ਤੇ ਬਸ ਫਿਰੇ ਠੱਗੀ ਠੋਰੀ ਲਾਉਂਦਾ ਏ।।

ਬਾਬੇ ਨੇ ਤਾਂ ਕੀਤੀ ਮਦਦ ਲੋੜਵੰਦਾਂ ਦੀ,
ਬੰਦੇ ਨੂੰ ਭੁੱਲਾ ਰੱਬ ਸਬਨੂੰ ਠੱਗਣਾ ਚਾਹੁੰਦਾ ਏ।
ਲੜ ਮਰਨ ਤੇ ਮਰ ਜਾਵਣ ਭਾਂਵੇ ਵੀਰ ਭਾਈ,
ਸਤਾ ਹੋਣੀ ਚਾਹੀਦੀ ਹਾਸਿਲ ਇਹੀ ਚਾਹੁੰਦਾ ਏ।।

ਭੁੱਲਾ ਕੌੜਾ ਸੱਚ ਨਾਲ ਨੀ ਜਾਣਾ ਕੁਝ ਵੀ,
ਫਿਰ ਵੀ ਖ਼ਫ਼ਨਾਂ ਨੂੰ ਜੇਬੇ ਲਾਉਣਾ ਚਾਹੁੰਦਾ ਏ।
ਗੁਰਬਾਣੀ ਨਾ ਮਨ ਵਸਾਈ ਨ ਚੇਤੇ ਆਈ,
ਝੂਠ ਕੁਫ਼ਰ ਦਾ ਦੀਵਾ ਜਗਾਉਣਾ ਚਾਹੁੰਦਾ ਏ।।

ਸਚੀ ਕਿਰਤ ਕਰੋ ਬੇਗਾਨੇ ਧਨ ਨਾ ਝੋਲੀ ਭਰੋ,
ਭੁੱਲ ਭੁੱਲਾ ਕੇ ਸਬ ਜ਼ਮੀਰ ਸੁਆਉਣਾ ਚਾਹੁੰਦਾ ਏ।
ਬਾਬੇ ਨੇ ਲੱਖ ਸਮਝਾਇਆ ਜ਼ਹਿਰ ਹੈ ਹੱਕ ਪਰਾਇਆ,
ਕਿਥੇ ਬੰਦਾ ਸਮਝੇ ਨਾ ਹੀ ਸਮਝਣਾ ਚਾਹੁੰਦਾ ਏ।।

ਪਤਾ ਹੈ ਕੀਤੇ ਕਰਮਾਂ ਦਾ ਫ਼ਲ ਹਰ ਕੋਈ ਹੈ ਪਾਉਂਦਾ।
ਕਿਸਮਤ ਦੇ ਸਰ ਮੜ੍ਹੇ ਦੋਸ਼ ਰੱਬ ਨੂੰ ਫਿਰੇ ਭੁਲਾਉਂਦਾ ਏ।।

**—ਗੁਰਿੰਦਰ ਗਿੱਲ**



# ਤੂੰ ਕੌਣ ....ਮੈਂ ਖੁਸਰਾ ਮੈਂ ਹਿਜੜਾ

ਨਾ ਇਸ ਪਾਰ ਨਾ ਮੈਂ ਉਸ ਪਾਰ ਨਾ ਮੈਂ ਪੁਰਸ਼ ਨਾ ਮੈਂ ਨਾਰ,
ਵੇਖ ਵੇਖ ਕੇ ਦੁਨੀਆਂ ਦੇ ਰੰਗਾਂ ਨੂੰ ਸੋਚ ਮੇਰੀ ਹੋਈ ਬੇਜ਼ਾਰ।

ਹਰ ਗਲੀ ਹਰ ਘਰ ਮੈਂ ਜਾਵਾਂ ਵਿਚ ਚੌਰਾਹੇ ਰੌਣਕ ਲਾਵਾਂ,
ਪੁੱਤ ਬੇਗਾਨੇ ਮੈਂ ਚੁੰਮਾਂ ਮੇਰੇ ਹਿੱਸੇ ਆਇਆ ਇਹੀ ਰੁਜ਼ਗਾਰ।

ਅਚਰਜ ਵਿਚ ਮੈਂ ਡੁੱਬਦੀ ਜਾਵਾਂ ਰਾਜੇ ਦੇ ਘਰ ਮੈਂ ਖੈਰ ਪਾਵਾਂ,
ਬਿਨ ਮੇਰੇ ਸ਼ਗੁਣਾ ਵਾਲੇ ਅਧੂਰੇ ਕਾਜ਼ ਮੈਂ ਮਰਦ ਨਾ ਨਾਰ।

ਨਾ ਮੇਰੀ ਕਦੇ ਵੇਲ ਵਧੇ ਮੈਂ ਇਸ ਸਭ ਤੋਂ ਹਾਂ ਬਹੁਤ ਹੀ ਪਰੇ,
ਧੁਰਾਂ ਤੋਂ ਲਿਖੀ ਬੇਕਾਰ ਹੈ ਨਾ ਲਗੇ ਇਸਨੂੰ ਫੁੱਲ ਨਾ ਖ਼ਾਰ।

ਮੇਰੇ ਅੰਦਰ ਵਸੇ ਬਿਰਹਾ ਪਤਾ ਨੀ ਕਿਹੜੇ ਜੁਰਮ ਦੀ ਮਿਲੀ ਸਜ਼ਾ,
ਅਣਜਾਣ ਕੁੱਖਾਂ ਦੀ ਪੀੜ੍ਹ ਤੋਂ ਮੈਨੂੰ ਭਲਾ ਪਿਆਰ ਦੀ ਕੀ ਸਾਰ।

ਨ ਮੈਂ ਆਦਮ ਜਾਈ ਨ ਜਾਈ ਹਵਾ ਖੁਦਾ ਕਿਓਂ ਹੈ ਮੇਰੇ ਤੋਂ ਖ਼ਫ਼ਾ,
ਮੈਨੂੰ ਲਗੇ ਧਰਤੀ ਉਪਰ ਬਣ ਬੋਝ ਮੇਰੀ ਹੋਂਦ ਵਧਾ ਰਹੀ ਭਾਰ।

ਹੋਵੇ ਵਿਆਹ ਜੰਮੇ ਬਾਲ ਅਸੀਂ ਪਾਉਂਦੇ ਹਾਂ ਜੀ ਜਾਂ ਨਾਲ ਧਮਾਲ,
ਹੁਣ ਆਇਆ ਇਨਕਲਾਬ ਪੁੱਛਦੇ ਹਾਂ ਕਿਓਂ ਅਸੀਂ ਪੁਰਸ਼ ਨਾ ਨਾਰ।

ਹੁਣ ਤੇ ਮੇਰੀ ਕੌਮ ਦੇ ਪੜ੍ਹ ਲਿਖ ਬਣੇ ਨੇ ਡਾਕਟਰ ਇੰਸਪੈਕਟਰ,
ਦੂਰ ਰਹਿੰਦੇ ਨੇ ਹੁਣ ਨੀ ਕਰਦੇ ਸਾਡੀ ਪੁਸ਼ਤਾਂ ਵਾਲਾ ਕਾਰੋਬਾਰ।

ਸਿਰ ਉਠਾ ਕੇ ਜਿਉਂਦੇ ਨੇ ਸਮਾਜ 'ਚ ਆਪਣਾ ਯੋਗਦਾਨ ਪਾਉਂਦੇ ਨੇ,
ਐਸਾ ਸਮਾਂ ਰੱਬ ਹੈ ਲਿਆਇਆ ਉਹਨੂੰ ਮੇਰੀ ਕੌਮ ਦਾ ਨਮਸਕਾਰ।

**—ਗੁਰਿੰਦਰ ਗਿੱਲ**

## ਜੀਣ ਲਈ ਹੌਂਸਲੇ ਕਰੂਰ ਰੱਖੋ

ਐ ਜ਼ਿੰਦਗੀ ਤੇ ਰੰਗ ਬਿਰੰਗੀ ਹੈ ਸੋ ਖ਼ੁਵਾਹਿਸ਼ਾਂ ਭਰਪੂਰ ਰੱਖੋ,
ਸੁਪਨੇ ਜੇ ਟੁੱਟ ਗਏ ਨੇ ਤੇ ਫਿਰ ਸਜਾਉਣ ਦਾ ਦਸਤੂਰ ਰੱਖੋ।
ਪਰਛਾਵੇਂ ਨੂੰ ਸਾਥੀ ਬਣਾਓ ਸਦਾ ਤੇ ਹੋਰਾਂ ਤੇ ਹੱਕ ਜਤਾਓ ਨਾ,
ਚਾਹੇ ਰੱਖ ਮੰਜ਼ਿਲ ਨਿਗਾਹਾਂ 'ਚ ਪਰ ਦਿਲ ਵਿਚ ਹੁਜ਼ੂਰ ਰੱਖੋ।
    ਬੀਤਿਆ ਵਕਤ ਹੱਥ ਆਉਣਾ ਨਹੀਂ ਕਿਸੇ ਨੇ ਹਸਾਉਣਾ ਨਹੀਂ,
    ਲੱਖ ਬੁਰੇ ਹਾਲਾਤਾਂ 'ਚ ਵੀ ਬੁੱਲਾਂ ਤੇ ਹਾਸਾ ਆਪਣੇ ਜਰੂਰ ਰੱਖੋ।

ਕਹਿੰਦੇ ਲੋਕ ਵਕਤ ਬਦਲਦਾ ਏ ਵਕਤ ਕਹੇ ਲੋਕ ਬਦਲਦੇ ਨੇ ,
ਹਨੇਰਿਆਂ ਲਈ ਬਣੋ ਸਵੇਰਾ ਤੇ ਬਦੀਆਂ ਤੋਂ ਖੁਦ ਨੂੰ ਦੂਰ ਰੱਖੋ।
ਸਾਹ ਸੀ ਜਿਹਨਾਂ ਦੇ ਸਾਹਾਂ 'ਚ ਜੇ ਛੱਡ ਗਏ ਨੇ ਤੁਹਾਨੂੰ ਰਾਹਵਾਂ 'ਚ,
ਆਪਣਿਆਂ ਲਈ ਚੜਣਾ ਪੈ ਜੇ ਸੂਲੀ ਤਾਂ ਚਿੱਤ ਵਿਚ ਮਨਸੂਰ ਰੱਖੋ।
    ਮਾਰੂ ਝੱਖੜਾਂ 'ਚ ਵੀ ਲੋਕ ਪਲ ਜਾਂਦੇ ਨੇ ਵਾ ਵਰੋਲੇ ਦਾ ਨਾ ਖੌਫ ਕਰੋ,
    ਬੇਸ਼ੱਕ ਟਾਹਣੀ ਤੋਂ ਟੁੱਟ ਜਾਓ ਪਰ ਜੀਣ ਲਈ ਹੌਂਸਲੇ ਕਰੂਰ ਰੱਖੋ।

ਝੂਠਾ ਸਤਿਕਾਰ ਨ ਕਰਿਓ ਫੱਟ ਨੀ ਮਿਟਦੇ ਜ਼ੁਬਾਂ ਦਾ ਵਾਰ ਨਾ ਕਰਿਓਂ,
ਬੇਸ਼ੱਕ ਬੇਗੁਨਾਹੀ 'ਚ ਮਿਲੇਸਜ਼ਾ ਫਿਰ ਵੀ ਸੱਚ ਦਾ ਚੇਹਰੇ ਤੇ ਨੂਰ ਰੱਖੋ।
ਮੁਹੱਬਤ ਕਰਨਾ ਧੂਫ਼ ਵਾਂਗੂ ਜਲਣਾ ਜਲਦੇ ਰਹਿਣਾ ਤੇ ਖੁਸ਼ਬੂ ਕਰਨਾ,
ਬਜ਼ੁਰਗਾਂ ਦੀ ਕਦਰ ਕਰਨਾ ਤੇ ਉਨ੍ਹਾਂ ਨੂੰ ਸੁਨਣ ਦਾ ਵਕਤ ਜਰੂਰ ਰੱਖੋ।
    ਆਪੇ ਹੀ ਉਹ ਲਾਵੇ ਕੁੰਡੀਆਂ ਤੇ ਆਪੇ ਹੀ ਫਿਰ ਉਹ ਖਿੱਚਦਾ ਡੋਰ ਹੈ,
    ਭੁੱਲ ਕੇ ਵੀ ਨ ਭੁਲੋ ਉਸ ਹੁਜ਼ੂਰ ਨੂੰ ਦਿਲ ਵਿੱਚ ਉਸਦਾ ਸਦਾ ਸੁਰੂਰ ਰੱਖੋ।

**—ਗੁਰਿੰਦਰ ਗਿੱਲ**



## ਲਾ ਲਾ ਲਾਰੇ ਦੇਸ਼ ਚਲਾਈ ਜਾਂਦੇ ਨੇ

ਕਲ ਦੇ ਹਾਕਿਮ ਜਾਈ ਜਾਂਦੇ ਨੇ ਤੇ ਨਵੇਂ ਆਈ ਜਾਂਦੇ ਨੇ,
ਹੋਰ ਕੁਛ ਨਾ ਕਰਨ ਦੇਸ ਲੁੱਟ ਲੁੱਟ ਹੀ ਖਾਈ ਜਾਂਦੇ ਨੇ।
ਸੀਮੇਂਟ ਬਜਰੀ ਗਾਡਰ ਸਰੀਆ ਪੁਲ ਸੜਕਾਂ ਨ ਛੱਡਦੇ,
ਖਾਕੇ ਫਿਰ ਡਕਾਰ ਵੀ ਨਾ ਮਾਰਦੇ ਪੇਟ ਵਧਾਈ ਜਾਂਦੇ ਨੇ।
    ਜਾਤਾਂ ਪਾਤਾਂ ਨ ਰੱਬ ਬਨਾਈਆਂ ਗੁਰੂਆਂ ਨੇ ਆ ਮੁਕਾਈਆਂ,
    ਇਕ ਦੂਜੇ ਨੂੰ ਕਹਿ ਹਿੰਦੂ ਸਿੱਖ ਈਸਾਈ ਲੜਾਈ ਜਾਂਦੇ ਨੇ।

ਕਰਦੇ ਚੋਰੀ ਘਾਸ ਫੂਸ ਦੀ ਤੇ ਕਿਧਰੇ ਕਫ਼ਨ ਤਾਬੂਤਾਂ ਦੀ,
ਜਵਾਨਾਂ ਕੇ ਕਫਨਾਂ ਚੋਂ ਵੀ ਬੋਝੇ ਭਰੀ ਤੇ ਭਰਾਈ ਜਾਂਦੇ ਨੇ।
ਰੱਬ ਸਰੂਪੀ ਡਾਕਟਰ ਨ ਕਰਦੇ ਠੋਰ ਮਨੁੱਖੀ ਅੰਗਾਂ ਦੇ ਨੇ ਚੋਰ,
ਗੋਡੇ ਗੁਰਦੇ ਦਿਲ ਵੇਚ ਖਾਂਦੇ ਨੇ ਪੈਸੇ ਬੋਝੇ ਪਾਈ ਜਾਂਦੇ ਨੇ।
    ਮਾਰਨ ਗੱਪਾਂ ਮੁਖਤ ਦੀਆਂ ਬਣਾਉਂਦੇ ਵਿਉਂਤਾਂ ਗੁਪਤ ਦੀਆਂ,
    ਫੁਕਰੇ ਹਾਕਿਮ ਬਸ ਲਾ ਲਾ ਲਾਰੇ ਦੇਸ਼ ਚਲਾਈ ਜਾਂਦੇ ਨੇ।

ਆਪ ਤੋਪਾਂ ਟੈਂਕਾਂ ਚੋਂ ਖਾਵਣ ਚੰਦ ਰੁਪਈਏ ਲੋਕਾਂ ਨੂੰ ਫੜਾਵਨ,
ਦੇਕੇ ਦਾਰੂ ਚਿੱਟਾ ਵੋਟਾਂ ਪਵਾਈ ਜਾਂਦੇ ਨੇ ਕੌਮ ਮੁਕਾਈ ਜਾਂਦੇ ਨੇ।
ਕਿਸਾਨ ਲੜ ਰਿਹਾ ਮੀਹਂ ਹਨੇਰੀ ਸਿਖਰ ਦੁਪਹਿਰੀ ਸੜ ਰਿਹਾ,
ਅੰਨ ਦਾਤਾ ਨੂੰ ਮਾਰ ਨ ਸਕਣ ਪਰ ਵਿਉਂਤਾਂ ਬਣਾਈ ਜਾਂਦੇ ਨੇ।
    ਪੰਜਾਬੀ ਦੇਵੇ ਜਾਨ ਸੋ ਬਚ ਜੇ ਹਿੰਦੁਸਤਾਨ ਕੀ ਆਨ ਬਾਣ ਸ਼ਾਨ,
    ਉਹ ਦੇਸ ਖਾਤਿਰ ਮਿਟਦੇ ਨੇ ਇਹ ਪੰਜਾਬ ਨਕਸ਼ੇ ਤੋਂ ਮਿਟਾਈ ਜਾਂਦੇ ਨੇ।

ਟੀਕੇ ਦਵਾਈਆਂ ਸਬ ਚੋਰੀ ਕਰਦੇ ਇਬਾਦਤ ਘਰਾਂ 'ਚ ਮੋਰੀ ਕਰਦੇ,
ਰੱਬ ਤੋਂ ਭੋਰਾ ਨ ਡਰਦੇ ਪੂਜਾ ਚੜ੍ਹਾਵਾ ਸਭ ਚੁਕੀ ਤੇ ਚੁਕਾਈ ਜਾਂਦੇ ਨੇ।
ਹੋਰ ਵੀ ਹੋਣੇ ਕਈ ਪੁੱਛੇ ਕਲਮ ਦੱਸ ਕਿਹੜੇ ਲਿਖਾਂ ਕਾਲੇ ਲੇਖ,
ਵੇਚ ਵੱਟ ਕੇ ਖਾ ਗਏ ਸਬ ਕੁਝ ਜੋ ਬਚਿਆ ਓਵੀ ਖਾਈ ਜਾਂਦੇ ਨੇ।
    ਕੀ ਲਿਖਾਂ ਕੀ ਛੱਡਾਂ ਲਿਖ ਲਿਖ ਨ ਭਰਦੀਆਂ ਗ਼ਰੀਬੀ ਦੀਆਂ ਖੱਡਾਂ,
    ਲਿਖਦੀ ਮੇਰੀ ਕਲਮ ਵੇਖਕੇ ਚੋਰ ਮੰਡਲੀ ਵਾਲੇ ਘਬਰਾਈ ਜਾਂਦੇ ਨੇ।

**—ਗੁਰਿੰਦਰ ਗਿੱਲ**

# ਨ ਕਰ ਮੇਰੀ ਮੇਰੀ

ਐਂਵੇ ਹੀ ਕਰੀ ਜਾਵੇ ਬੰਦਾ ਬਸ ਮੇਰੀ ਮੇਰੀ,
ਨਾ ਸਮਝੇ ਏ ਜਿੰਦ ਆ ਭਸਮ ਦੀ ਢੇਰੀ।
ਹੌਕਾ ਨ ਭਰ ਤੂੰ ਆਪਣੇ ਸਾਹਵਾਂ ਤੋਂ ਚੋਰੀ,
ਲੱਗ ਤੂੰ ਲੜ ਮਾਲਿਕ ਦੇ ਨਾ ਕਰ ਦੇਰੀ।।

ਪੜ੍ਹ ਕਿਤਾਬਾਂ ਫਿਰੇ ਤੂੰ ਗਿਆਨੀ ਬਣਦਾ,
ਆਪਣੇ ਆਪ ਨੂੰ ਵੀ ਪੜ੍ਹ ਹੁਣ ਨਾ ਕਰ ਦੇਰੀ।
ਜਾ ਬਹਿੰਦਾ ਏ ਤੂੰ ਗੁਰੁਦੁਆਰੇ ਮੰਦਿਰ ਮਸੀਤੇ.
ਆਪਣੇ ਅੰਦਰ ਵੜਦਾ ਨੀ ਕਰਦਾ ਹੇਰਾਫੇਰੀ।।

ਰੋਜ਼ ਦੁਨੀਆ ਨਾਲ ਲੜੇ ਹਜ਼ਾਰਾਂ ਕੁਫ਼ਰ ਤੋਲੇਂ,
ਕੀ ਕਰੇਂਗਾ ਜਦ ਰੱਬ ਘਰ ਲਗੂ ਕਚਿਹਰੀ।
ਲੋਭ ਲਾਲਚ ਨੂੰ ਛੱਡ ਪੱਲਾ ਹੁਣ ਰੱਬ ਤੂੰ ਫੜ,
ਨਿਕਲ ਵਿਚੋਂ ਜੋ ਪਈ ਵੱਗਦੀ ਏ ਲਾਲਚੀ ਹਨੇਰੀ।।

ਕਾਹਤੋਂ ਮਰੀ ਜਾਣਾ ਏ ਤੇ ਕਠ੍ਹਾ ਕਰੀ ਜਾਣਾ ਏ,
ਨਾਲ ਤੇ ਕੁਛ ਨੀ ਜਾਣਾ ਰੱਖ ਦਿਲ ਦੀ ਦਲੇਰੀ।
ਪਵੇ ਵਕਤ ਦੀ ਮਾਰ ਭੱਜ ਜਾਂਦੇ ਰਿਸ਼ਤੇਦਾਰ ਰੱਬ ਬਾਜੋਂ,
ਕੋਈ ਕੰਮ ਨੀ ਆਉਂਦਾ ਸਮਝ ਇਹੀ ਗੱਲ ਬਥੇਰੀ।।

—**ਗੁਰਿੰਦਰ ਗਿੱਲ**



# ਇੱਕਠਾ ਹੋ ਜਾਇ-ਪੰਜਾਬ ਦੋਬਾਰਾ

ਚੁਣ ਚੁਣ ਕੇ ਰੰਗ ਅਵੱਲੇ ਇਕ ਤਸਵੀਰ ਬਣਾਉਣਾ ਚਾਹੁੰਦੀ ਹਾਂ,
ਜਿਸ ਵੇਲੇ ਮੇਰੇ ਪੰਜਾਬ ਖੁਸ਼ਹਾਲ ਸੀ ਉਹ ਦਿਖਾਉਣਾ ਚਾਹੁੰਦੀ ਹਾਂ।

ਕਸ਼ਮੀਰ ਕਾਂਗੜਾ ਕੁੱਲੂ ਚੰਬਾ ਹੁੰਦਾ ਜਦ ਇਸ ਦੇ ਸਿਰ ਦਾ ਤਾਜ਼ ਸੀ,
ਕਾਬੁਲ ਕੰਧਾਰ ਤਕ ਰਾਜ ਸੀ ਉਹ ਨਕਸ਼ਾ ਬਣਾਉਣਾ ਚਾਹੁੰਦੀ ਹਾਂ।

ਕੁਰੂਕਸ਼ੇਤਰ ਹਰਿਆਣਾ ਦਿਲੀ ਯੂਪੀ ਵਿਚ ਵੀ ਪੰਜਾਬੀ ਅੰਦਾਜ਼ ਸੀ,
ਓਹਨਾ ਬੀਤੀਆਂ ਘੜ੍ਹੀਆਂ ਦਾ ਮੈਂ ਹਾਲ ਸੁਣਾਉਣਾ ਚਾਹੁੰਦੀ ਹਾਂ।

ਭਰਾਵਾਂ ਵਿਚ ਕਿਵੇਂ ਫੁੱਟ ਪਾ ਦਿਤੀ ਭਰਾਵਾਂ ਹੱਥੋ ਭਰਾ ਮਰਵਾ ਦਿਤੇ,
ਪਈਆਂ ਵਿਥਾਂ ਦਾਗ ਦਿਲਾਂ ਦੇ ਨਿਸ ਦਿਨ ਮੈਂ ਰਹਿੰਦੀ ਮਿਟਾਉਂਦੀ ਹਾਂ।

ਸੰਨ ਸੰਤਾਲੀ 'ਚ ਲੱਗਿਆ ਟੀਕਾ ਪਾਣੀ 'ਚ ਵੀ ਪੈ ਗਈਆਂ ਲੀਕਾਂ,
ਵੱਜੀਆਂ ਚੀਕਾਂ ਕਿਉਂ ਪਈਆਂ ਤਰੇੜਾਂ ਗੁਥੀ ਸੁਲਝਾਉਣਾ ਚਾਹੁੰਦੀ ਆ।

ਕਿਉਂ ਧਰਮ ਦੀਆਂ ਪਾ ਤਰੇੜਾਂ ਹਾਕਿਮ ਨੇ ਖਿੱਚੀਆਂ ਸੀ ਲਕੀਰਾਂ,
ਬਸ ਓਹਨਾ ਗਿਲੇ ਸ਼ਿਕਵਿਆਂ ਦਾ ਮੈਂ ਚਾਹੁੰਦੀ ਦਰਦ ਸੁਣਾਉਣਾ ਹਾਂ।

ਛੱਡ ਲਾਹੌਰ ਨਨਕਾਣਾ ਸਾਹਿਬ ਦੇ ਸਾਏ ਵਾਹਗੇ ਤੋਂ ਕੁਰਲਾਉਂਦੇ ਪਰਤ ਆਏ,
ਅੱਜ ਵੀ ਬਜ਼ੁਰਗ ਬੈਠੇ ਨੇ ਯਾਦਾਂ ਸਮੇਟ ਓਹੀ ਚਿਤਰ ਦਿਖਾਉਣਾ ਚਾਹੁੰਦੀ ਹਾਂ।

ਕਿਵੇਂ ਦੱਸਾਂ ਉਸ ਮਿੱਟੀ 'ਚ ਸਾਡਾ ਪਿਆਰ ਬੰਦ ਹੈ ਸੱਧਰਾਂ ਹਜ਼ਾਰ ਬੰਦ ਨੇ,
ਜੇ ਮਿਲੇ ਕਦੇ ਮੌਕਾ ਤਾਂ ਮੈਂ ਵੀ ਉਸ ਪਾਕ ਧੂੜ ਨੂੰ ਮੱਥੇ ਲਾਉਣਾ ਚਾਹੁੰਦੀ ਹਾਂ।

ਪਵੇ ਨਾ ਲੋੜ ਪਾਸਪੋਰਟ ਵੀਜ਼ੇ ਦੀ ਮੁੜ ਇੱਕਠਾ ਹੋ ਜਾਇ ਪੰਜਾਬ ਦੋਬਾਰਾ,
ਮਕਸਦ ਮੇਰਾ ਕਵਿਤਾ ਰਾਹੀਂ ਮੈਂ ਦਿਲਾਂ ਦੇ ਦਰਵਾਜ਼ੇ ਖੜਕਾਉਣਾ ਚਾਹੁੰਦੀ ਹੈ।

—**ਗੁਰਿੰਦਰ ਗਿੱਲ**

## ਮਨ

ਇਹ ਮਨ ਹੈ ਡਾਢਾ ਚੰਚਲ ਸਦਾ ਕਿਓਂ ਬਣ ਤਲਵਾਰ ਰਹਿੰਦਾ ਏ,
ਸੋਚਾਂ ਇਸ ਦੀਆਂ ਫੜ੍ਹ ਨਾ ਸਕੇ ਕੋਈ ਵਿਚ ਇਹ ਹੰਕਾਰ ਰਹਿੰਦਾ ਏ।

ਆਪਣੇ ਬਾਰੇ ਸੋਚਣ ਦੀ ਥਾਂ ਦੂਸਰਿਆਂ ਦਾ ਬੁਰਾ ਭਲਾ ਸੋਚੇ ਸਦਾ,
ਤੁਰੇ ਜਾਂਦੇ ਦੇ ਕੱਢੇ ਨੁਕਸ ਸਦਾ ਫੁੱਲ ਨੂੰ ਵੀ ਇਹ ਖਾਰ ਕਹਿੰਦਾ ਏ।

ਗਾਲ਼ਾਂ ਕੱਢੇ ਕਦੀ ਦਿਖਾਵੇ ਮੁੱਕੇ ਕਦੀ ਕਿਸੀ ਨੂੰ ਜਾਨ ਨ ਦੇਵੇ ਸੁੱਕੇ,
ਇਕਲ ਵਾਂਝੇ ਬਹਿ ਸਮਝਾਇਆ ਪਰ ਇਹ ਚੜ੍ਹੇ ਘੋੜੇ ਸਵਾਰ ਰਹਿੰਦਾ ਏ।

ਇਕ ਪਲ ਜੇ ਕਦੀ ਮੰਨ ਵੀ ਜਾਵੇ ਦੂਜੇ ਹੀ ਪਲ ਫਿਰ ਵਿਟਰ ਵੀ ਜਾਵੇ,
ਇਕਰਾਰ ਸਾਰੇ ਇਹ ਮੁਕਰ ਜਾਵੇ ਫਿਰ ਬਣ ਬੱਚਾ ਮੂਰਖ ਹੀ ਰਹਿੰਦਾ ਏ।

ਕਹਿੰਦਾ ਰੋਕੋ ਟੋਕੋ ਨ ਮੈਨੂੰ ਖੁੱਲੇ ਅਸਮਾਨਾਂ 'ਚ ਉਡਾਰੀਆਂ ਲਾਉਣ ਦੀਓ,
ਮਨਾ ਕਰਨ ਤੇ ਡੱਡੂ ਵਾਂਗੂ ਆਪਣੇ ਘਰ ਵਿਚ ਫੰਨੇ ਖਾਂ ਬਣਕੇ ਰਹਿੰਦਾ ਏ।

ਕੌਣ ਹੈ ਆ ਜੋ ਇਹਨੂੰ ਮਤਾਂ ਦੇਵੇ ਕਰਤੂਤਾਂ ਇਹਦੀਆਂ ਗਿਣ ਗਿਣ ਦੱਸੇ,
ਸੱਚ ਨਾਲ ਜਦ ਵਾਹ ਇਹਦਾ ਪੈਂਦਾ ਏ ਫੇਰ ਬਣ ਮੀਸਣਾ ਰੋਂਦਾ ਰਹਿੰਦਾ ਹੈ।

ਚਾਰ ਚੁਫੇਰੇ ਦੂਰ ਦੂਰ ਤੱਕ ਮਿਲ਼ਦੇ ਨੇ ਖਿੱਲਰੇ ਹੋਏ ਝੂਠ ਕੁੜ੍ਹ ਦੇ ਟੁਕੜੇ,
ਜਾਣੇ ਕੀ ਕਰਨੇ ਸੁ ਪਰ ਐਂਵੇ ਹੀ ਛੱਡ ਸੱਚ ਓਹਨਾ ਨੂੰ ਬਟੋਰਦਾ ਰਹਿੰਦਾ ਏ।

ਜੇ ਭੁੱਲੇ ਭਟਕੇ ਕਾਬੂ 'ਚ ਆ ਜਾਵੇ ਉਸ ਰੱਬ ਦੀ ਹੋਂਦ ਤੋਂ ਵੀ ਨਾ ਕਤਰਾਵੇ,
ਫੇਰ ਮਹਾਸੁਨ 'ਚ ਗੋਤੇ ਖਾ ਕਰੇ ਭਵਸਾਗਰ ਪਾਰ ਤੇ ਫਿਰ ਓਥੇ ਰਹਿੰਦਾ ਏ।

ਫੇਰ ਜੰਮਣ ਮਰਨ ਇਸਦਾ ਮੁੱਕ ਜਾਵੇ ਉਸ ਰੂਹ ਨਾਲ ਇਹ ਰੂਹ ਮਿਲਾਵੈ,
ਫੇਰ ਰੱਬ ਦੇ ਦਰਬਾਰ 'ਚ ਪਾ ਉਸਦੇ ਨਾਮ ਦਾ ਨੌਂ ਲੱਖਾਂ ਹਾਰ ਏ ਬਹਿੰਦਾ ਏ।

**—ਗੁਰਿੰਦਰ ਗਿੱਲ**



## ਸਿੱਖੀ

ਕੀ ਜਾਣੇ ਇਹ ਦੁਨੀਆਂ ਸਾਰੀ ਕਿਹਨੂੰ ਕਹਿੰਦੇ ਨੇ ਸਿੱਖੀ,
ਦੇਕੇ ਖ਼ੂਨ ਗੁਰੂਆਂ ਨੇ ਬੜ੍ਹੀ ਮੁਸ਼ਕਿਲ ਨਾਲ ਸੀਂਚੀ ਸਿੱਖੀ।
ਕਿੱਦਾਂ ਕਹਾਂ ਮਾਂ ਗੁਜ਼ਰੀ ਤੇਗ ਬਹਾਦਰ ਸਾਹਿਬਜ਼ਾਦੇ ਚਾਰੇ,
ਹੋਏ ਸ਼ਹੀਦ ਤੇ ਫੇਰ ਸਾਨੂੰ ਓਹਨਾ ਵਿਰਸੇ 'ਚ ਦਿਤੀ ਸਿੱਖੀ।।

ਨਿਤ ਨਵੇਂ ਖ਼ੂਨ ਇਹ ਮੰਗੇ ਜੀਉਂਦਿਆਂ ਨੂੰ ਸੂਲੀ ਤੇ ਟੰਗੇ,
ਖ਼ੂਨ ਪੀਣ ਦੀ ਵਾਦੀ ਇਸਨੂੰ ਨਿਤ ਸ਼ਹੀਦੀ ਮੰਗਦੀ ਸਿੱਖੀ।
ਤੇਜ਼ ਧਾਰ ਤੇ ਤੁਰਨਾ ਪੈਂਦਾ ਸਿਰ ਤਲੀ 'ਤੇ ਧਾਰਨਾ ਪੈਂਦਾ,
ਬਾਬੇ ਦੀਪ ਸਿੰਘ ਦੀ ਸ਼ਹੀਦੀ ਤੋਂ ਕਿੰਨੀ ਔਖੀ ਮਿਲੀ ਸਿੱਖੀ।।

ਮੁਸ਼ਕਿਲ ਰਾਹ ਹੈ ਚਲਦੀ ਮੌਤ ਦੀ ਪ੍ਰਵਾਹ ਨਾ ਕਰਦੀ,
ਭਾਈ ਮਤੀ ਦਾਸ ਦਾ ਆਰਾ ਭਾਈ ਦਿਆਲੇ ਦੀ ਦੇਗ ਹੈ ਸਿੱਖੀ।
ਸੀਸ ਜਾਵੇ ਪਰ ਸਿਰੜ੍ਹ ਨਾ ਜਾਵੇ ਬਲੀਦਾਨ ਦੀਆਂ ਹੱਦਾਂ ਟੱਪੇ,
ਗੁਰੂ ਅਰਜੁਨ ਦੇ ਛਾਲੇ ਦੇਖ ਫੇਰ ਸਮਝ 'ਚ ਆਉਂਦੀ ਸਿੱਖੀ।।

ਬਿਨ ਸਵਾਰਥ ਸੇਵਾ ਕਰਦੀ ਸਿਰ ਕਟ ਹਥੇਲੀ ਤੇ ਧਰਦੀ,
ਪਾਣੀ 'ਚ ਡੁੱਬੇ ਨਾ ਅੱਗ 'ਚ ਸੜੇ ਕੋਹਿਨੂਰ ਬਣ ਚਮਕਦੀ ਸਿੱਖੀ।
ਜੋ ਹੱਸ ਕੇ ਸਿਰ ਕਟਵਾਏ ਓਹੀ ਗੁਰੂ ਗੋਬਿੰਦ ਦਾ ਸਿੱਖ ਕਹਾਵੈ,
ਜੋ ਬੰਦ ਬੰਦ ਕਟਵਾਏ ਬੰਦਾ ਬਹਾਦਰ ਦੀ ਬਹਾਦੁਰੀ ਸਿੱਖੀ।।

ਗੁਰਸਿਖੀ ਦੀ ਖਾਤਿਰ ਸਿੰਘ ਕਸ਼ਟ ਉਠਾਏ ਖੱਪਰ ਵੀ ਲੁਹਾਏ,
ਟੁਕੜੇ ਟੁਕੜੇ ਬੱਚੇ ਕਰ ਝੋਲੀ ਪਵਾਏ ਉਨ੍ਹਾਂ ਮਾਵਾਂ ਦੀ ਸਿੱਖੀ।
ਲੱਭੀ ਇਹ ਚਮਕੌਰ ਗੜ੍ਹੀ ਚੋਂ ਵਿਰਸੇ 'ਚ ਮਿਲੀ ਗੁਰੂ ਗੋਬਿੰਦ ਤੋਂ,
ਬੋਲੇ ਸੋ ਨਿਹਾਲ ਹੈ ਸਿੱਖੀ ਚੜਦੀ ਕਲਾ ਸਤਿ ਸ੍ਰੀ ਅਕਾਲ ਹੈ ਸਿੱਖੀ।।

**—ਗੁਰਿੰਦਰ ਗਿੱਲ**

# ਉਹ ਸਾਜ਼ ਵੀ ਆਪੇ ਸਾਜ਼ਨਾਵਾਜ਼ ਵੀ ਆਪੇ

ਕਦ ਹੱਸਣਾ ਰੋਣਾ ਗਾਉਣਾ ਇਸ ਸਬ ਦਾ ਨਾ ਕਰ ਹਿਸਾਬ ਤੂੰ ਬੰਦਿਆਂ,
ਬੜ੍ਹੇ ਸਵਾਲ ਜਵਾਬ ਨ ਕੋਈ ਨਾ ਕਰਦਾ ਉਸਦਾ ਮਲਾਲ ਤੂੰ ਬੰਦਿਆਂ।
ਤੂੰ ਰੱਖ ਹੱਸਦਾ ਖਿੜਦਾ ਚੇਹਰਾ ਸਦਾ ਨਾ ਲਗਾ ਗ਼ਮਾਂ ਦੇ ਲੇਖੇ ਇਹਨੂੰ,
ਜੱਗ ਦੇ ਨਹੀਂ ਲਾਉਣੀ ਆ ਰੱਬ ਦੇ ਲੇਖੇ ਰੱਖੀ ਏ ਖਿਆਲ ਤੂੰ ਬੰਦਿਆਂ।।

ਕਾਫ਼ਿਰ ਕਾਫ਼ਿਰ ਭਾਂਵੇ ਤੂੰ ਅਖਵਾ ਲਈ ਪਰ ਬਿਰਤੀ ਉਸ ਨਾਲ ਲੈ ਰੱਖੀਂ,
ਚੁਪਚਾਪ ਆਸ਼ਿਕ ਹੋ ਜਾ ਰੱਬ ਦਾ ਫੇਰ ਹੁੰਦੇ ਵੇਖ ਉਸਦੇ ਕਮਾਲ ਤੂੰ ਬੰਦਿਆਂ।
ਭੁੱਖ ਜਿਸਮਾਂ ਦੀ ਤੇ ਪੈਸੇ ਦੀ ਬਣਾਈ ਜਾਂਦੀ ਆ ਆਦਮੀ ਨੂੰ ਆਪਣਾ ਆਸ਼ਿਕ,
ਭਾਂਵੇ ਪੜ੍ਹੀਂ ਦਿਲਾਂ ਦੀ ਕਿਤਾਬ ਪਰ ਰੱਖੀਂ ਦਿਲ ਆਪਣਾ ਸੰਭਾਲ ਤੂੰ ਬੰਦਿਆਂ।।

ਦੇਖ ਕਈ ਕੰਨ ਪੜ੍ਹਵਾਈ ਫਿਰਦੇ ਨੇ ਕਈ ਲੰਮੀਆਂ ਜਟਾਂ ਵਧਾਈ ਫਿਰਦੇ ਨੇ,
ਕੋਈ ਬੂਹੇ ਮਾਰ ਕੋਈ ਰੜੇ 'ਚ ਜਪੇ ਫੱਸੀ ਨਾ ਦੁਨੀਆਂ ਦੇ ਇਸ ਜਾਲ ਤੂੰ ਬੰਦਿਆਂ।
ਉਹ ਸਾਜ਼ ਵੀ ਆਪੇ ਸਾਜ਼ਨਾਵਾਜ਼ ਵੀ ਆਪੇ ਤੇਰੇ ਵਜੂਦ ਦਾ ਰਾਜ ਵੀ ਆਪੇ,
ਸੁਨ ਖਾਮੋਸ਼ੀ ਦੀ ਧੁਨ ਅੰਦਰੋਂ ਮਿਲਾਵੀਂ ਆਪਣਾ ਸੁਰ ਉਸਦੇ ਸਾਜ਼ ਨਾਲ ਤੂੰ ਬੰਦਿਆਂ।।

ਰਾਜਾ ਤੋਂ ਰੰਕ ਬਣਨ ਤੇ ਦੇਰ ਨਾ ਲੱਗਦੀ ਕਿਸਮਤ ਦੀ ਪਰੀ ਰਹਿੰਦੀ ਐ ਠੱਗਦੀ,
ਭੁੱਖੇ ਨੂੰ ਤੂੰ ਅੰਨ ਖੁਆਵੇਂ ਤਾਂ ਉਹ ਖੁਸ਼ ਹੁੰਦਾ ਹੈ ਰੱਖੀ ਇਹਨਾ ਕੁ ਖ਼ਿਆਲ ਤੂੰ ਬੰਦਿਆਂ।
ਅਖੀਰ ਮੌਤ ਨੇ ਗਲਵਕੜੀ ਤਾਂ ਪਾਉਣੀ ਏ ਮਿੱਟੀ 'ਚ ਮਿੱਟੀ ਤਾਂ ਮਿਲਣੀ ਹੈ,
ਕੱਚਾ ਐ ਮਕਾਨ ਏ ਮਿਲੇ ਨਾ ਜਹਾਨ ਐ ਨਾ ਕਰ ਕੋਈ ਹੋਰ ਭਾਲ ਤੂੰ ਬੰਦਿਆਂ।।

**—ਗੁਰਿੰਦਰ ਗਿੱਲ**



# ਕਿੱਸੇ ਪੁਰਾਣੇ ਕੋਈ ਸੁਣਾਉਂਦਾ ਨਹੀਂ

ਹੁਣ ਵਣਜਾਰਾ ਆਉਂਦਾ ਨਹੀਂ ਪੈਰ ਗਲੀ ਮੁਹੱਲੇ ਪਾਉਂਦਾ ਨਹੀਂ,
ਰੰਗ ਬਿਰੰਗੀਆਂ ਵੰਗਾਂ ਚੜ੍ਹਵਾ ਲੋ ਹੋਕਾ ਗਲੀ 'ਚ ਲਾਉਂਦਾ ਨਹੀਂ।
ਵਣਜਾਰਾ ਜਾਣੇ ਕਿੱਥੇ ਗਿਆ ਕੰਮਕਾਰ ਵੀ ਸ਼ਾਇਦ ਬਦਲ ਗਿਆ,
ਅਜਕਲ ਦੇ ਦੌਰ ਵਿਚ ਵੈਸੇ ਵੀ ਵੰਗਾਂ ਕੋਈ ਚੜਵਾਉਂਦਾ ਨਹੀਂ।।

ਕਿਤਾਬਾਂ 'ਚ ਦਿਖੇ ਵਣਜਾਰਾ ਬੈਠਾ ਹੈ ਦੁਬਕ ਕੇ ਪੰਨੇ ਦਾ ਲੈ ਸਹਾਰਾ,
ਪੈਂਦੀਆਂ ਸਨ ਕਦੇ ਬਾਤਾਂ ਅਜਕਲ ਕਿੱਸੇ ਪੁਰਾਣੇ ਕੋਈ ਸੁਣਾਉਂਦਾ ਨਹੀਂ।
ਪੁਰਾਣੀਆਂ ਖੇਡਾਂ ਨਾ ਖੇਡੇ ਕੋਈ ਚਲਦਾ ਨਾ ਰਸਤੇ ਟੇਢੇ ਮੇਦੇ ਕੋਈ,
ਮੁੰਡੇ ਹੋਏ ਨਸ਼ੇੜੀ ਫਿਰਦੇ ਕਿਓਂ ਸਿੱਧੇ ਰਾਹ ਇਹਨਾਂ ਨੂੰ ਕੋਈ ਲਾਉਂਦਾ ਨਹੀਂ।।

ਸਥਾਂ ਲੱਗਦੀਆਂ ਸੀ ਪੀਂਘਾਂ ਪੈਂਦੀਆਂ ਸਨ ਕੁੜੀਆਂ ਝੂਟੇ ਲੈਂਦੀਆਂ ਸੀ,
ਮੇਲੇ ਲੱਗਦੇ ਸੀ ਗਿੱਧੇ ਪੈਂਦੇ ਸੀ ਹੁਣ ਤੇ ਕੋਈ ਚਰਖਾ ਵੀ ਡਾਉਂਦਾ ਨਹੀਂ।
ਖੇਦ ਹੈ ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ ਸ਼ਬਦ ਮਰ ਰਹੀ ਹੈ ਵਾਕ ਵਾਕ,
ਅੰਗਰੇਜ਼ੀ ਦਾ ਦੌਰ ਹੈ ਚਲਦਾ ਪੰਜਾਬੀ 'ਚ ਕੋਈ ਫਤਿਹ ਬੁਲਾਉਂਦਾ ਨਹੀਂ।।

ਲਿੱਖੇ ਜਾਂਦੇ ਸੀ ਖਤ ਪਹਿਲਾਂ ਭੇਜੇ ਜਾਂਦੇ ਸੁੱਖ ਸੁਨੇਹੇ ਕਿਸੇ ਹੱਥ ਪਹਿਲਾਂ,
ਟੈਲੀਫੋਨ ਜਣੇ ਖਣੇ ਦੇ ਹੱਥ ਹੈ ਆਇਆ ਡਾਕੀਆ ਹੁਣ ਕੋਈ ਆਉਂਦਾ ਨਹੀਂ।
ਪੱਥਰਾਂ ਦੇ ਮਕਾਨ 'ਚ ਪੱਥਰ ਹੁਣ ਰਹਿੰਦੇ ਨੇ ਮਾਂ ਬਾਪ ਨੂੰ ਨਾ ਸਹਿੰਦੇ ਨੇ,
ਰਿਸ਼ਤਿਆਂ ਦੀਆਂ ਕਦਰਾਂ ਮੁੱਕੀਆਂ ਰੱਬ ਨੂੰ ਵੀ ਕੋਈ ਧਿਆਉਂਦਾ ਨਹੀਂ।।

**—ਗੁਰਿੰਦਰ ਗਿੱਲ**

# ਨਏ ਨਰੋਏ ਕਿਥੋਂ ਆਵਣ

ਅੱਜ ਕਲ ਦੇ ਨੇਤਾ ਖੂਬ ਰੰਗ ਵਿਖਾਉਂਦੇ ਨੇ,
ਗੱਲੀਂ ਬਾਤੀਂ ਪਰਜਾ ਦਾ ਦਿਲ ਪਰਚਾਉਂਦੇ ਨੇ।
ਭੁੱਖਾ ਮਰਦਾ ਤਾਂ ਬੇਸ਼ੱਕ ਮਰ ਜਾਵੇ ਕੋਈ,
ਉਹ ਸ਼ਿਕਨ ਤਕ ਨਾ ਮੱਥੇ ਤੇ ਲਿਆਉਂਦੇ ਨੇ।।

ਕੱਲ ਤਕ ਜੋ ਇਕ ਦੂਜੇ ਨੂੰ ਲਾਹਨਤਾਂ ਪਾਉਂਦੇ ਸੀ,
ਅਜਕਲ ਤਾਂ ਵੇਖੋ ਡਾਢੀਆਂ ਜੱਫੀਆਂ ਪਾਉਂਦੇ ਨੇ।
ਕੁਰਸੀ ਨਾਲ ਹੈ ਪਿਆਰ ਕਿਸਾਨ ਦੀ ਨ ਲੈਣ ਸਾਰ,
ਛੱਡ ਰੱਬ ਨੂੰ ਬਸ ਰਾਜਨੀਤੀ ਨੂੰ ਧਿਆਉਂਦੇ ਨੇ।।

ਝੂਠ ਕੁਫ਼ਰ ਤੋਲਣ ਬਸ ਮਿੱਠਾ ਮਿੱਠਾ ਬੋਲਣ,
ਧਰਤੀ ਛੱਡ ਅਸਮਾਨਾਂ ਨੂੰ ਜਾ ਟਾਕੀ ਲਾਉਂਦੇ ਨੇ।
ਇਹ ਭੋਲੀ ਭਾਲੀ ਜਨਤਾ ਨੂੰ ਰਹਿੰਦੇ ਨੇ ਠੱਗਦੇ,
ਸੇਵਾ ਕਹਿੰਦੇ ਨੇ ਪਰ ਰਹਿੰਦੇ ਸਤਾ ਹਥਿਉਂਦੇ ਨੇ।।

ਲੋਕੀਂ ਵਿਚਾਰੇ ਨ ਜਾਨਣ ਰਾਜਨੀਤੀ ਦੇ ਕਾਰੇ,
ਦੋ ਵਕਤ ਦੀ ਰੋਟੀ ਕਾਰਨ ਵੋਟਾਂ ਪਾ ਆਉਂਦੇ ਨੇ।
ਨਏ ਨਰੋਏ ਕਿਥੋਂ ਆਵਣ ਜੋ ਜਾਗ੍ਰਿਤੀ ਲਿਆਵਣ,
ਪੁਰਾਣੇ ਖੋਟੇ ਸਿੱਕਿਆਂ ਕਰਕੇ ਨਵੇਂ ਜਾਗ ਨਾ ਲਾਉਂਦੇ ਨੇ।।

**—ਗੁਰਿੰਦਰ ਗਿੱਲ**



# ਔਰਤ

ਔਰਤ ਹੈ ਕੋਈ ਕਿੱਸਾ ਨਾ ਕੋਈ ਕਹਾਣੀ ਐ,
ਔਰਤ ਤਾਂ ਇਸ ਕਾਇਨਾਤ ਦੀ ਮਹਾਰਾਣੀ ਹੈ।
ਸੰਸਾਰ ਰੂਪੀ ਬਾਗ਼ ਦਾ ਹੈ ਸਬਤੋਂ ਉਤਮ ਫੁਲ,
ਰਾਜੇ ਰਾਣੇ ਜੰਮੇ ਜਿਨ੍ਹੇ ਨਹੀਂ ਕੋਈ ਨਿਮਾਣੀ ਹੈ।।

ਰੱਬ ਦਾ ਭੇਜਿਆ ਹੋਇਆ ਜੋ ਇਕ ਫ਼ਰਿਸ਼ਤਾ ਹੈ,
ਦੱਸਣੀ ਤੁਹਾਨੂੰ ਅੱਜ ਓਹਦੀ ਕਹਾਣੀ ਹੈ।
ਲਾਟ ਵਾਂਗੂੰ ਬਾਲੇ ਕਦੇ ਵਾਂਙ ਸਿਗਰਟ ਧੁਖੇ,
ਦਰੋਪਦੀ ਕਦੇ ਸੀਤਾ ਵਾਂਙ ਰਹੇ ਬਣ ਨਿਮਾਣੀ ਹੈ।।

ਨਾਂ ਬਾਪ ਦਾ ਰੁਸ਼ਨਾਵੈ ਤੇ ਸੋਹਰੇ ਘਰ ਚਮਕਾਵੇ,
ਗੁਰਬਤ 'ਚ ਪਲੇ ਕਦੇ ਬਣੇ ਮਹਿਲਾਂ ਦੀ ਰਾਣੀ ਹੈ।
ਕਦੇ ਸ਼ਹਿਦ ਨਾਲੋਂ ਮੀਠੀ ਕਦੇ ਤੇਗ ਨਾਲੋਂ ਤਿੱਖੀ,
ਦੁਸ਼ਮਣ ਦਾ ਖ਼ਤਮ ਕਰ ਜਾਵੇ ਬਣ ਝਾਂਸੀ ਦੀ ਰਾਣੀ ਹੈ।।

ਕਦੇ ਖੂਨ ਬਣਕੇ ਛਲਕੇ ਕਦੇ ਬਣ ਨਾਗਿਨ ਡੱਸੇ,
ਸਮਝ ਅਬਲਾ ਜੋ ਦਬਾਏ ਕਰੇ ਉਸਦੀ ਖ਼ਤਮ ਕਹਾਣੀ ਹੈ।
ਨਾਂ ਇਸਨੂੰ ਕੋਈ ਜਾਣ ਪਾਏ ਇਹ ਬੜ੍ਹੇ ਕਸ਼ਟ ਹੰਢਾਏ,
ਮਾਂ ਦੀ ਨਿੱਘੀ ਕੁੱਖ ਬਣ ਕਰੇ ਬੱਚੇ ਦੀ ਨਿਗਰਾਨੀ ਹੈ।।

ਇਸ ਧਰਤੀ ਤੇ ਔਰਤ ਦੀ ਪੀੜ੍ਹਾ ਕਿੰਨੀ ਇੱਕ ਹੈ,
ਸੁਨਣਾ ਕਦੇ ਮਜ਼ਲੂਮ ਔਰਤ ਦੀ ਜ਼ੁਬਾਨੀ ਹੈ।
ਇਸ ਤੋਂ ਵੱਧ ਮੈਂ ਕੀਆ ਲਿਖਾਂ ਔਰਤ ਰੱਬ ਦਾ ਰੂਪ ਹੈ,
ਮੇਰੀ ਕਲਮ ਨਾਂ ਕਰਨਾ ਚਾਹੁੰਦੀ ਕੋਈ ਨਾਦਾਨੀ ਹੈ।।

**ਡਾਕਟਰ —ਗੁਰਿੰਦਰ ਗਿੱਲ**

# ਤੇਰੀ ਮੇਰੀ ਤੂੰ ਤੂੰ ਮੈਂ ਮੈਂ

ਰੱਬ ਦੀਆਂ ਦਿਤੀਆਂ ਦਾਤਾਂ ਦਾ ਤੂੰ ਸ਼ੁਕਰ ਮਨਾਇਆ ਕਰ,
ਕਹਿ ਦੇਵੇ ਜੇ ਕੋਈ ਚੰਗੀ ਮਾੜੀ ਬਸ ਤੂੰ ਜਰ ਜਾਇਆ ਕਰ।
ਮੰਨਿਆ ਪੈਸੇ ਬਹੁਤ ਹੈ ਤੇਰੇ ਕੋਲ ਪਰ ਨਾਂ ਬੋਲ ਤੂੰ ਉੱਚੇ ਬੋਲ,
ਪੈਸੇ ਹੀ ਸਬ ਕੁਛ ਨਹੀਂ ਹੁੰਦਾ ਤੂੰ ਰਿਸ਼ਤੇ ਵੀ ਪੁੱਗਾਈਆ ਕਰ।।

ਪਿਆਰ ਸਤਿਕਾਰ ਚੀਜ਼ ਆ ਬੜ੍ਹੀ ਜ਼ਿੰਦਗੀ ਲੰਮੀ ਨਹੀਂ ਹੈ ਖੜੀ,
ਮਾਪੇ ਹੁੰਦੇ ਨੀ ਸਿਆਪੇ ਕਦੇ ਗੱਲ ਓਹਨਾ ਦੀ ਸੁਨ ਆਇਆ ਕਰ।
ਤੇਰੀ ਮੇਰੀ ਤੂੰ ਤੂੰ ਮੈਂ ਮੈਂ ਕਰਦਾ ਹੰਕਾਰ ਨਾਲ ਭਰਦਾ ਜਾਣਾ ਹੈ,
ਪੈਸੇ ਪਿਛੇ ਭੱਜ ਲਿਆ ਬਹੁਤ ਕੁਛ ਪਲ ਰੱਬ ਲੇਖੇ ਵੀ ਲਾਇਆ ਕਰ।।

ਭਾਂਵੇ ਨ ਕਰ ਤੂੰ ਕੋਈ ਜੀ ਹੁਜ਼ੂਰੀ ਪਰ ਸਾਰੇ ਰਿਸ਼ਤੇ ਹੈਣ ਜਰੂਰੀ,
ਆਪਣੀ ਇੱਜ਼ਤ ਲੋਚਦਾ ਐ ਤੇ ਦੂਜਿਆਂ ਦੀ ਵੀ ਕਰ ਆਇਆ ਕਰ।
ਇੱਟਾਂ ਪੱਥਰ ਨਾਲ ਘਰ ਨਹੀਂ ਬਣਦੇ ਪਿਆਰ ਨਾਲ ਹੀ ਨੇ ਵਸਦੇ,
ਜ਼ਿੰਦਗੀ ਗੱਡੀ ਰੂਪੀ ਵਿਚ ਤੇਲ ਪਿਆਰ ਦਾ ਤੂੰ ਭਰ ਆਇਆ ਕਰ।।

ਸੋਚੇਂ ਤੇਰੇ ਜਿਹਾ ਦਾਨੀ ਕੋਈ ਨ ਤੇਰੇ ਤੋਂ ਵੱਡਾ ਅਭਿਮਾਨੀ ਕੋਈ ਨ,
ਇਹ ਸਮੇਂ ਦਾ ਚੱਕਰ ਹੈ ਇਹਨੂੰ ਪੱਲਾ ਸਤਿਕਾਰ ਦਾ ਫੜਾਇਆ ਕਰ।
ਹੁਣ ਛੱਡਦੇ ਹਉਮੈ ਕਰ ਲੈ ਤੂੰ ਤੋਬਾ ਚੱਖ ਲੈ ਤੂੰ ਪਿਆਰ ਦਾ ਚੋਗਾ,
ਅਖ਼ੀਰ ਉਸੀ 'ਚ ਮਿਲਣਾ ਹੈ ਮਿੱਟੀ ਗਾਰੇ ਨਾਲ ਵੀ ਤੂੰ ਹੱਥ ਮਿਲਾਇਆ ਕਰ।।

**—ਗੁਰਿੰਦਰ ਗਿੱਲ**



# ਉਹਦੀ ਓਟ ਆਸਰੇ

ਰੁਕੇ ਨ ਕਦੇ ਸੂਰਜ ਨੇ ਤਾਂ ਸਦਾ ਹੀ ਚੜਦੇ ਢਲਦੇ ਰਹਿਣਾ ਹੈ,
ਪਿਆਰ ਤਾਂ ਮੁੱਕ ਜਾਂਦਾ ਏ ਪਰ ਵੈਰ ਨੇ ਤਾਂ ਚਲਦੇ ਰਹਿਣਾ ਹੈ।

ਮਾੜੇ ਤੇ ਤੰਜ ਕੱਸਣਾ ਚੰਗਾ ਹੁੰਦਾ ਨੀ ਬਾਹਲੀ ਅੱਤ ਚੁੱਕਣਾ,
ਓਹਨਾ ਮਖੌਲ ਕਰੋ ਫੇਰ ਵੀ ਅਗਲੇ ਦੇ ਮਥ੍ਹੇ ਲੱਗਦੇ ਰਹਿਣਾ ਹੈ।

ਮਾੜਾ ਕਰਜ਼ ਉਧਾਰ ਚੁੱਕਣਾ ਪੈਂਦਾ ਕਰਜ਼ਦਾਰ ਥੱਲੇ ਲੱਗਣਾ,
ਨਹੀਂ ਤੇ ਕਰਜ਼ਦਾਰ ਨੇ ਤਾਂ ਤਕਾਦੇ ਲਈ ਬੂਹਾ ਮਲਦੇ ਰਹਿਣਾ ਹੈ।

ਚੋਰੀ ਠੱਗੀ ਹੁੰਦੀ ਆ ਮੰਦੀ ਚਲਾਕੀਆਂ ਵੀ ਲੈ ਬਹਿੰਦੀਆਂ ਨੇ,
ਕਿਰਤ ਕਰੋ ਕਿਰਤੀ ਦੇ ਤਾਂ ਚੁੱਲ੍ਹੇ ਨੇ ਸਦਾ ਬਲਦੇ ਰਹਿਣਾ ਹੈ।

ਸੜੋ ਨ ਕਿਸੀ ਦੀ ਚੜ੍ਹਾਈ ਵੇਖਕੇ ਮੁਹਂ ਮੋੜੀਏ ਨਾ ਦੁੱਖ ਵੇਖਕੇ,
ਕਰੋ ਨਾ ਗੁਮਾਨ ਰੂਪ ਧਨ ਦਾ ਇਹਨੇ ਮਿਲਦੇ ਖੁਸਦੇ ਰਹਿਣਾ ਹੈ।

ਰੁਕਦੀ ਆ ਲਾਲ ਬੱਤੀ ਤੇ ਆਕੇ ਗੱਡੀ ਹੋਵੇ ਭਾਂਵੇ ਸਪੀਡ ਵਾਲੀ,
ਸਾਹ ਮੁੱਕ ਸਿਵੇ ਬਲਦੇ ਨੇ ਨਵੇਂ ਜੀਆਂ ਵੀ ਪੈਦਾ ਹੁੰਦੇ ਰਹਿਣਾ ਹੈ।

ਝੁਕੋ ਬਸ ਇੱਕੋ ਉਸਦੇ ਦਰ ਅੱਗੇ ਰਹੋ ਸਦਾ ਉਸਦੇ ਹੀ ਲੜ ਲੱਗੇ,
ਕਿਓਂਕਿ ਉਹਦੀ ਓਟ ਆਸਰੇ ਆਇਆ ਸੰਕਟ ਟਲਦੇ ਰਹਿਣਾ ਹੈ।

ਓਹਦੇ ਉੱਤੇ ਹੀ ਆ ਪਵੇ ਜੋ ਕੋਈ ਚਾਹੇ ਵੀ ਚੰਨ ਉਤੇ ਥੁੱਕਣਾ,
ਸਿਰ ਹੁੰਦਾ ਹੰਕਾਰੀ ਦਾ ਸਦਾ ਨੀਂਵਾਂ ਲੋਭੀ ਨੂੰ ਥੁੱਕ ਪੈਂਦੇ ਚੱਟਣਾ ਹੈ।

**—ਗੁਰਿੰਦਰ ਗਿੱਲ**

# ਬੰਦਾ ਅੰਦਰ ਝਾਤੀ ਨਾਹੀ ਪਾਉਂਦਾ ਹੈ

ਕੋਈ ਕਹੇ ਰਾਮ ਮੇਰਾ ਕੋਈ ਅਲਾਹ ਮੇਰਾ ਉਹ ਤਾਂ ਸਭਦਾ ਸਾਂਝਾ ਹੈ,
ਇੱਕ ਰੱਬ ਨੂੰ ਮਨਾਉਣ ਲਈ ਕੋਈ ਉਸਾਰਦਾ ਤੇ ਕੋਈ ਢਾਹੁੰਦਾ ਹੈ।

ਕੋਈ ਮੰਦਿਰ ਮਸਜਿਦ ਗੁਰੁਦੁਆਰੇ ਅੰਦਰ ਸੀਸ ਝੁਕਾਵੇ ਫ਼ਰਿਆਦ ਲਾਵੇ,
ਕੋਈ ਖੜਕਾਵੇ ਟੱਲ ਗਿਰਜੇ ਦਾ ਫਿਰੇ ਲੋਕਾਂ ਤਾਈਂ ਵਖਾਉਂਦਾ ਹੈ।

ਕੋਈ ਸੂਰਜ ਨੂੰ ਮੱਥੇ ਟੇਕਦਾ ਕੋਈ ਪੱਥਰਾਂ 'ਚ ਫਿਰੇ ਸੱਧਰਾਂ ਨੂੰ ਟੋਲਦਾ,
ਵੱਖਰਾ ਰੱਬ ਹੈ ਸਭਦਾ ਸੁਣੇ ਨਾ ਕਿਸੇ ਦੀ ਆਪਣੀ ਹੀ ਸੁਣਾਉਂਦਾ ਹੈ।

ਮੰਨ ਦੀਆਂ ਗੰਡਾਂ ਨਾ ਖੁਲਾਂ ਦੇਵੇ ਬੰਦਾ ਸੋਚੇ ਕਦੀ ਚੰਗਾ ਤੇ ਕਦੀ ਮੰਦਾ,
ਆਪਣੀਆਂ ਲੋੜਾਂ ਥੋੜਾਂ ਮੁਤਾਬਿਕ ਹੀ ਰੱਬ ਨੂੰ ਪੂਜ ਪੁਜਾਂਉਂਦਾ ਹੈ।

ਟੁਕੜੇ ਹੋ ਜਾਵਣ ਲੱਖ ਹਜ਼ਾਰ ਰੁੱਸਿਆ ਰੱਬ ਮਨਾਉਣ ਲਈ ਕਰੇ ਕਾਰ,
ਦੇਖੇ ਨ ਘਰ ਬਾਹਰ ਦੂਜਿਆਂ ਦੀ ਜਾਨ ਲੈ ਓਹਦੇ ਰੱਤ 'ਚ ਨਹਾਉਂਦਾ ਹੈ।

ਸਿਰਜਣਹਾਰ ਕਹਾਰ ਤੋਂ ਨਾ ਕੋਈ ਡਰਦਾ ਏ ਖਾਲੀ ਸਜਦੇ ਕਰਦਾ ਏ,
ਬੰਦਾ ਸਮਝੇ ਨ ਓਹਦਾ ਜਿਵੇਂ ਚਿੱਤ ਕਰੇ ਸਭਨੂੰ ਓਹੀ ਰਾਹੇ ਪਾਉਂਦਾ ਏ।

ਲੱਖਾਂ ਮਹਲ ਨੇ ਦਿਲਾਂ ਦੇ ਅੰਦਰ ਜਿਹੜੇ ਡਿਗਦੇ ਢਹਿੰਦੇ ਰਹਿੰਦੇ ਨੇ,
ਜਿਥੇ ਰੱਬ ਹੈ ਵੱਸਦਾ ਫਿਰ ਵੀ ਬੰਦਾ ਅੰਦਰ ਝਾਤੀ ਨਾਹੀ ਪਾਉਂਦਾ ਹੈ।

**—ਗੁਰਿੰਦਰ ਗਿੱਲ**



# ਮਾਇਆ

ਮਾਇਆ ਤੈਨੂੰ ਸੱਤ ਸਲਾਮਾਂ ਜਿਥੇ ਜਾਂਵੇਂ ਪੁਆੜੇ ਪਾਉਂਦੀ ਏ,
ਪੁੱਤਰਾਂ ਹੱਥੋਂ ਪਿਓ ਤੇ ਭਰਾਵਾਂ ਹੱਥੋਂ ਭਰਾ ਤੂੰ ਮਾਰਵਾਉਂਦੀ ਏ।

ਬਿਨਾ ਦੀਨ ਈਮਾਨ ਚਲਦਾ ਧੰਦਾ ਬੰਦੇ ਨੂੰ ਨ ਸਮਝੇ ਬੰਦਾ,
ਜਿਸਦੀ ਜ਼ੇਬ 'ਚ ਤੂੰ ਆ ਜਾਵੇਂ ਓਹਨੂੰ ਫਿਰ ਤੂੰ ਰਬ ਬਣਾਉਂਦੀ ਏ।

ਮਾੜਿਆਂ ਉੱਤੇ ਤੂੰ ਫੇਰੇਂ ਰੰਦਾ ਦਾਸ ਕਿਥੇ ਜਾਵੇ ਗਰੀਬ ਬੰਦਾ,
ਦੁਨੀਆਂ ਉੱਤੇ ਤੂੰ ਹੈ ਭਾਰੂ ਬਸ ਗਰੀਬ ਨੂੰ ਧੱਕੇ ਪਵਾਉਂਦੀ ਏ।

ਬਣ ਵੱਡਾ ਰੱਬ ਤੂੰ ਕਰੇਂ ਹਰਜ਼ਾ ਕੌਣ ਜਾਣੇ ਤੇਰੀਆਂ ਰਮਜ਼ਾਂ,
ਹੱਥ ਫੜ੍ਹਾ ਆਪਣਾ ਡੰਡਾ ਤੂੰ ਦੁਨੀਆਂ ਨੂੰ ਫਿਰੇ ਡਰਾਉਂਦੀ ਏ।

ਤੈਨੂੰ ਸਾਂਭਣ ਲਈ ਭੇਸ ਵਟਾਉਂਦੇ ਨੇ ਮੱਕਾਰੀ ਚਲਾਉਂਦੇ ਨੇ,
ਧਰਮਾਂ ਦੀ ਆਢ 'ਚ ਬਿਠਾ ਤੂੰ ਹੋਰਨਾਂ ਦਾ ਅੱਗੇ ਮਰਾਉਂਦੀ ਏ।

ਕਿਥੇ ਜਾਵਣ ਲੋਕ ਵਿਚਾਰੇ ਦੁਨੀਆਂ 'ਚ ਜੋ ਨੇ ਭੁੱਖ ਦੇ ਮਾਰੇ,
ਬਣ ਬੈਠੀ ਹੈ ਤੂੰ ਵੱਡਾ ਸੱਪ ਹੈ ਜੋ ਭੁਖਿਆਂ ਤਾਈਂ ਲੜਾਉਂਦੀ ਏ।

ਤੈਨੂੰ ਪਾਕੇ ਦੁਨੀਆਂ ਵਿਚੋਂ ਪਿਆਰ ਮੁਹੱਬਤ ਮੁਕਦਾ ਜਾਂਦਾ ਏ,
ਆਂਗਨ 'ਚ ਕੰਧਾਂ ਮਰਵਾ ਟੱਬਰਾਂ 'ਚ ਰਹੇਂ ਫੁੱਟ ਪਵਾਉਂਦੀ ਏ।

ਤੈਨੂੰ ਕੋਈ ਕੰਮ ਨੀ ਰਹਿ ਗਿਆ ਕਿਉਂ ਤੇਰਾ ਭੱਠਾ ਬਹਿ ਗਿਆ,
ਰੱਬ ਭੁਲਾਕੇ ਦੁਨੀਆਂ ਨੂੰ ਤੂੰ ਆਪਣੀ ਜੈ ਜੈ ਬਲਵਾਉਂਦੀ ਏ।

**—ਗੁਰਿੰਦਰ ਗਿੱਲ**

# ਦੇ ਦੋ ਜੋ ਕਿਸਾਨ ਦਾ ਹੱਕ ਹੈ ਬਣਦਾ

ਲੈਂਦੇ ਨਾਮ ਸੇਵਾ ਦਾ ਅੰਦਰਖਾਤੇ ਮਾਇਆ ਦਾ ਚਲਦਾ ਧੰਦਾ,
ਆਪਣੇ ਸ਼ੌਕ ਰੰਗੀਨੀਆਂ ਲਈ ਦੇਖੋ ਕੀ ਕੀ ਕਰਦਾ ਬੰਦਾ।
ਬਣ ਲੀਡਰ ਬਹਿ ਬਹਿ ਜਾਵਣ ਖਾਦੀ ਦੇ ਉਹ ਕੱਪੜੇ ਪਾਵਣ,
ਕਾਲੇ ਧੰਨ ਜੇਬਾਂ ਨੇ ਭਰੀਆਂ ਫਿਰ ਵੀ ਕਰਦੇ ਇੱਕਠਾ ਚੰਦਾ।

ਕਈ ਬਣ ਬਾਬੇ ਲੁੱਟਣ ਨਜ਼ਾਰੇ ਕਰਦੇ ਫਿਰਦੇ ਨੇ ਘਾਲੇ ਮਾਲੇ,
ਕੋਠੜੀਆਂ ਤੋਂ ਮਹਿਲੀਂ ਪਹੁੰਚਣ ਕਹਿਣ ਚਲਦਾ ਚੰਗਾ ਧੰਦਾ।
ਖੰਗ ਜ਼ੁਕਾਮ ਵਾਲੀ ਬਿਮਾਰੀ ਕਹਿੰਦੇ ਆਈ ਕਰੋਨਾ ਮਹਾਂਮਾਰੀ,
ਪੈਸੇ ਖਾਤਿਰ ਰੱਬ ਵਰਗੇ ਡਾਕਟਰਾਂਵੀ ਮਾੜਿਆਂ ਤੇ ਫੇਰ ਤਾ ਰੰਦਾ।

ਪੱਤਰਕਾਰੀ ਲੱਗਦਾ ਮਰ ਗਈ ਓਹਨਾ ਦੀ ਜ਼ਮੀਰ ਹੈ ਸਾਰੀ,
ਕਰਦੇ ਮਾਇਆ ਨਾਲ ਯਾਰੀ ਖੋਲਣ ਝੂਠੀਆਂ ਖ਼ਬਰਾਂ ਦਾ ਪੁਲੰਦਾ।
ਇੱਕ ਸਰਹੱਦ ਤੇ ਬੈਠੇ ਜਵਾਨ ਸ਼ਹੀਦ ਵਾਰ ਜਿੰਦ ਲੈਂਦੇ ਮੌਤ ਖਰੀਦ,
ਇੱਕ ਬੈਠੇ ਕੁਰਸੀਆਂ ਮਾਰ ਗ਼ਰੀਬ ਚਲਾਵਨ ਪੂੰਜੀਪਤੀਆਂ ਦਾ ਧੰਦਾ।

ਧੁੱਪ ਛਾਂਵ ਮੀਂਹ ਦੀ ਨਾ ਜੋ ਕਰਦੇ ਸਾਰ ਬੈਠੇ ਧਰਨੇ ਨਾ ਮੰਨਦੇ ਹਾਰ,
ਨ ਮਾਇਆ ਮਾਇਆ ਕਰਦੇ ਦੁਨੀਆਂ ਵੀ ਮਿਲਾਵੈ ਕੰਧੇ ਨਾ ਕੰਧਾ।
ਓਹਨਾ ਦੀ ਸੋਚ ਫਿਕਰ ਦੇ ਖੰਬ ਨਾ ਕੱਟੋ ਨਾ ਸੱਧਰਾਂ ਨੂੰ ਰੱਸੇ ਪਾਓ,
ਇਨਸਾਫ਼ ਕਰੋ ਰੱਬ ਤੋਂ ਡਰੋ ਦੇ ਦੋ ਜੋ ਕਿਸਾਨ ਦਾ ਹੱਕ ਆ ਬਣਦਾ।

**—ਗੁਰਿੰਦਰ ਗਿੱਲ**



# ਬੈਠ ਉਹ ਕੁਰਸੀ ਸਭ ਖਾ ਜਾਂਦੇ ਨੇ

ਕਦੇ ਸੋਚ ਸਮਝ ਕੇ ਕਦੇ ਬਿਨਾ ਸੋਚ ਵੋਟ ਪਾ ਜਾਂਦੇ ਨੇ,
ਕਦੇ ਝੂਠੇ ਲਾਰਿਆਂ ਕਰਕੇ ਵੀ ਲੋਕੀਂ ਧੋਖੇ 'ਚ ਆ ਜਾਂਦੇ ਨੇ।

ਪੈਸੇ ਸੁੱਟਣ ਵਿਚਾਰਿਆਂ ਤੇ ਚੜਾਉਣ ਉੱਚੇ ਚੁਬਾਰਿਆਂ ਤੇ,
ਭੋਲੀ ਜਨਤਾ ਕੀ ਕਰੇ ਸ਼ਾਤਿਰ ਲੀਡਰ ਜਦ ਛਾ ਜਾਂਦੇ ਨੇ।

ਜਨਤਾ ਗੱਲਾਂ 'ਚ ਆ ਜਾਵੇ ਖੁਦ ਗੱਲ ਪੰਜਾਲੀ ਪਾ ਜਾਵੇ,
ਅਗਲੇ ਪੰਜ ਸਾਲ ਫਿਰ ਬੈਠ ਉਹ ਕੁਰਸੀ ਸਬ ਖਾ ਜਾਂਦੇ ਨੇ।

ਫਿਰ ਕਦੇ ਧਰਨੇ ਲਾਵਣ ਕਦੇ ਮਿੰਨਤਾਂ ਤਰਲੇ ਵੀ ਪਾਵਣ,
ਕੌਣ ਸੁਣਦਾ ਐ ਜਦ ਅੱਖੀਂ ਪੱਟੀ ਕੰਨਾਂ 'ਚ ਰੂੰ ਪਾ ਜਾਂਦੇ ਨੇ।

ਫਿਰ ਜਨਤਾ ਸੋਚੇ ਚਿਕਨੀ ਚੁਪੜੀਆਂ 'ਚ ਆਉਣਾ ਨਹੀਂ,
ਫਿਰ ਵੀ ਚੁਣ ਓਹਨਾ ਨੂੰ ਕਿਓਂ ਗੱਲ ਪਿਆ ਢੋਲ ਵਜਾ ਜਾਂਦੇ ਨੇ।

ਜਦ ਵੋਟਾਂ ਦਾ ਵੇਲਾ ਆਵੇ ਲੀਡਰ ਵੀ ਰੱਜ ਕੇ ਗੇੜੇ ਲਾਵੇ,
ਫੇਰ ਪਤਾ ਨਹੀਂ ਜਨਤਾ ਨੂੰ ਭਾਈ ਕੀ ਕੀ ਉਹ ਸੁੰਘਾ ਜਾਂਦੇ ਨੇ।

ਗੇੜੇ ਨਾਹਰੇ ਖੂਬ ਚਲਦੇ ਨੇ ਕੁਕੜ ਬੱਕਰੇ ਵੀ ਪੱਕਦੇ ਨੇ,
ਖਵਾ ਪਿਆ ਕੇ ਬੋਤੀ ਨੂੰ ਫਿਰ ਉਸੀ ਬੋਹੜ ਥੱਲੇ ਲੈ ਆਉਂਦੇ ਨੇ।

**—ਗੁਰਿੰਦਰ ਗਿੱਲ**

# ਜਿੰਨਾ ਦੀ ਕਾਬੁਲ ਤਕ ਸੀ ਬੱਲੇ ਬੱਲੇ

ਕੁਦਰਤ ਧਾਹਾਂ ਮਾਰ ਰੋ ਰਹੀ ਹੈ ਗ਼ਰੀਬੀ ਮੁਸੀਬਤ ਢੋ ਰਹੀ ਹੈ।
ਕਿਸੇ ਨੂੰ ਮਿਲੇ ਨ ਸੁੱਕੀ ਰੋਟੀ ਕਿਸੇ ਦੀ ਘਿਓ ਨਾਲ ਚੋ ਰਹੀ ਹੈ।।

ਛਡਿਆ ਨਾ ਕੱਖ ਵੀ ਪੱਲੇ ਜਿੰਨਾ ਦੀ ਕਾਬੁਲ ਤਕ ਸੀ ਬੱਲੇ ਬੱਲੇ।
ਨਸ਼ਿਆਂ ਦੇ ਫਿਕਰਾਂ ਨਾਲ ਵੇਖੋ ਇਹ ਜਵਾਨੀ ਕੁੱਬੀ ਹੋ ਰਹੀ ਹੈ।।

ਚੰਗਾ ਹਕੀਮ ਬਣੇ ਨ ਜੇਕਰ ਤਾਂ ਰਿਆਇਆ ਕਿਵੇਂ ਹੋਜੂ ਚੰਗੀ।
ਨਿੰਦਣਯੋਗ ਨੇ ਸਰਕਾਰ ਦੀ ਹਰਕਤਾਂ ਤੇ ਨਿੰਦਿਆ ਹੋ ਰਹੀ ਹੈ।।

ਕਿਹਨੂੰ ਆਖਾਂ ਕੀਕਣ ਦੱਸਾਂ ਲੁੱਟਦੇ ਪੰਜਾਬ ਨੂੰ ਵੇਖ ਰੋਵਾਂ ਕਿ ਹੱਸਾਂ।
ਗਲੀ ਗਲੀ ਕੂਚੇ ਕੂਚੇ ਸਿਆਸਤ ਹੀ ਨਸ਼ਿਆਂ ਦੇ ਅੱਕ ਚੋ ਰਹੀ ਹੈ।।

ਕਿਓਂ ਸਬ ਦੀਆਂ ਸੋਚਾਂ ਤੇ ਪਹਿਰੇ ਲੱਗੇ ਨੇ ਹੋਂਠਾਂ ਤੇ ਲੱਗੀ ਪਾਬੰਦੀ।
ਜਿਹੜੀ ਬੰਦੇ ਪਿੱਛੇ ਰੱਬ ਨਾਲ ਲੜਦੀ ਸੀ ਓਹੀ ਕੌਮ ਸੋਅ ਰਹੀ ਹੈ।।

ਸਿਆਸਤ ਲਾਵੇ ਲਾਰੇ ਖਾਕੇ ਮਿੱਠੀ ਘੁੱਟੀ ਪਈ ਜਨਤਾ ਘੁਰਾੜੇ ਮਾਰੇ।
ਨਾ ਕੋਈ ਬੋਲੇ ਨ ਕੋਈ ਕੁੰਡੀ ਖੋਲ੍ਹੇ ਸਾਰੀ ਨਸਲ ਤਬਾਹ ਹੋ ਰਹੀ ਹੈ।।

ਕੀ ਕਰਨ ਜੋ ਖੁੱਲ ਕੇ ਨਾ ਰੋ ਸਕਣ ਦੁਖੜੇ ਆਪਣੇ ਨਾ ਫੋਲ ਸਕਣ।
ਬਾਬਾ ਨਾਨਕਾ ਆ ਦੇਖ ਜਰਾ ਤੇਰੀ ਸੰਗਤ ਧਾਂਹੀਂ ਧਾਂਹੀਂ ਰੋ ਰਹੀ ਹੈ।।

**—ਗੁਰਿੰਦਰ ਗਿੱਲ**



# ਪੰਜਾਬ ਦੀ ਧਰਤੀ ਰੋਈ

ਹੁਣ ਕੁਝ ਐਧਰ ਤੇ ਕੁਝ ਉਧਰ ਰਲ-ਮਿਲ ਬਹਿੰਦੇ ਭਰਾਵਾਂ ਨਾਲ,
ਖੌਰੇ ਕਿੰਨੇ ਵੰਡੀਆਂ ਪਾ ਤੀਆਂ ਅਸੀਂ ਹੋਏ ਨਹੀਂ ਅੱਡ ਚਾਵਾਂ ਨਾਲ।

ਵਾ ਵਰੋਲਾ ਵੱਗਿਆ ਕਿ ਕੋਈ ਹਨੇਰੀ ਚੱਲੀ ਸੀ ਮੱਚੀ ਤਰਥੱਲੀ ਸੀ,
ਇਕ ਅਣਹੋਣੀ ਹੋਈ ਪੰਜਾਬ ਦੀ ਧਰਤੀ ਰੋਈ ਹੌਕੇ ਹਾਵਾਂ ਨਾਲ।

ਸਮਝ ਕਿਸੇ ਨੂੰ ਕੋਈ ਨ ਆਈ ਵੱਢਣ ਟੁੱਕਣ ਲੱਗ ਪਏ ਭਾਈ ਨੂੰ ਭਾਈ,
ਰੌਲਾ ਰੱਪਾ ਕਾਵਾਂ ਵਾਂਙ ਲੁੱਟਣ ਲੱਗ ਪਏ ਪੁੱਠਿਆਂ ਸਿਧਿਆਂ ਦਾਵਾਂ ਨਾਲ।

ਆਪਣੇ ਸੀ ਮੁਲਖ ਬੇਗਾਨੇ ਹੋ ਗਏ ਏਕੋ ਘਰ ਵਿਚ ਦੋ ਖ਼ਾਨੇ ਹੋ ਗਏ,
ਨਦੀਆਂ ਨਾਲੇ ਟੋਭੇ ਖੂਹ ਲਾਸ਼ਾਂ ਪਈਆਂ ਦਿਖਣ ਹਰ ਸੂ ਬੱਚੇ ਵੀ ਮਾਵਾਂ ਨਾਲ।

ਘਰ ਘਰ ਪੈ ਗਿਆ ਅਥਾਹ ਸੋਗ ਉੱਜੜ ਗਏ ਹੱਸਦੇ ਵੱਸਦੇ ਰਸਦੇ ਲੋਕ,
ਅੱਜ ਵੀ ਵਿਲਕਣ ਲੈਣ ਸੂਹਾਂ ਵਿਛੜੀਆਂ ਰੂਹਾਂ ਕਦੋਂ ਮਿਲਾਂਗੇ ਚਾਵਾਂ ਨਾਲ।

ਇੱਕ ਸਰੀਰ ਦੇ ਜਦ ਦੋ ਟੁੱਕੜੇ ਹੋਏ ਫਿਰ ਦੋਨੋ ਟੁੱਕੜੇ ਫਿਰ ਵਿਲਖੇ ਰੋਏ,
ਉਮਰਾਂ ਦੇ ਰੋਗ ਲੈਕੇ ਬਹਿ ਗਏ ਮਰ ਗਏ ਕੁਝ ਰਹਿ ਗਏ ਵੰਡ ਵੰਡਾਵਾਂ ਨਾਲ।

ਆਗੂ ਹਾਕਿਮ ਬੜੇ ਹੀ ਸ਼ਾਤਿਰ ਅੱਜ ਵੀ ਨੇ ਲੜਦੇ ਕੁਰਸੀ ਬਚਾਵਣ ਖਾਤਿਰ,
ਲੀਕਾਂ ਵਾਲੀ ਕੰਧ ਡਿੱਗਣ ਨ ਦੇਂਦੇ ਮਿਲਣ ਨ ਦੇਂਦੇ ਭਰਾਵਾਂ ਨੂੰ ਭਰਾਵਾਂ ਨਾਲ।

**—ਗੁਰਿੰਦਰ ਗਿੱਲ**

# ਖੇਡ ਮੁਕੱਦਰ ਨੇ ਟੇਡੀ ਖੇਡੀ

ਹੋਣ ਨੂੰ ਤੇ ਕੀ ਕੀ ਨਹੀਂ ਹੈ ਹੋਇਆ ਪਰ,
ਅਸੀਂ ਦੋਨੋਂ ਨ ਰਹਿ ਸਕੇ ਇਕ ਦੂਜੇ ਦੇ ਸਾਥ ਸੀ।
ਖੇਡ ਮੁਕੱਦਰ ਨੇ ਟੇਡੀ ਖੇਡੀ ਓਹਦਾ ਸੂਰਜ,
ਚੜਿਆ ਨ ਕਦੇ ਜੋ ਗੁਜ਼ਰੀ ਹਨੇਰੀ ਰਾਤ ਸੀ।।

ਆਪਣਾ ਰਿਸ਼ਤਾ ਅਸਾਂ ਐਂਵੇ ਮਾਰ ਮੁਕਾਇਆ,
ਜਦ ਦੂਜੇ ਰਿਸ਼ਤਿਆਂ ਤੇ ਆਈ ਬਾਤ ਸੀ।
ਸਾਡੇ ਜਜ਼ਬਾਤਾਂ ਦੀ ਓਹਨਾ ਕੀ ਕਦਰ ਹੈ ਪਾਈ,
ਕਬਰ ਖੋਦਨੀ ਪੈ ਗਈ ਜਿੱਥੇ ਨਿਕਲਣੀ ਬਰਾਤ ਸੀ।।

ਵਿਛੜੇ ਤਾਂ ਵਿੱਛੜ ਨਾ ਸੱਕੇ ਮਾਰ ਮੁਕਾ ਨ ਸੱਕੇ,
ਰੂਹ ਦੀ ਬੁੱਕਲ ਚੋਂ ਜੋ ਮਿਲੀ ਪਿਆਰ ਦੀ ਸੌਗਾਤ ਸੀ।
ਲੱਭਣ ਵਾਲੇ ਆਖ਼ਿਰ ਰੱਬ ਨੂੰ ਵੀ ਲੱਭ ਲੈਂਦੇ ਨੇ,
ਅਸੀਂ ਵੀ ਪਾ ਲੈਂਦੇ ਮੰਜ਼ਿਲ ਦੀ ਕਿਹੜੀ ਔਖੀ ਜ਼ਾਤ ਸੀ।।

ਕੱਟ ਸੱਕੇ ਨ ਸੁੱਟ ਸੱਕੇ ਅਸੀਂ ਮੋਹ ਦੀਆਂ ਤੰਦਾਂ,
ਉਸ ਵੇਲੇ ਬਣੇ ਕੁਛ ਇਹੋ ਜਿਹੇ ਈ ਹਾਲਾਤ ਸੀ।
ਤੂੰ ਨ ਮਿਲਿਆ ਤੇਰੇ ਬਦਲੇ ਜੋ ਵੀ ਹੈ ਮਿਲਿਆ,
ਉਸਨੂੰ ਮੈਂ ਸਮਝਿਆ ਉੱਪਰ ਵਾਲੇ ਦੀ ਹੀ ਦਾਤ ਸੀ।।

**—ਗੁਰਿੰਦਰ ਗਿੱਲ**



# ਸੱਚ ਧਰਮ ਸ਼ਰਮ ਹੈ ਲੁਕਦੀ ਫਿਰਦੀ

ਕਹਿਣ ਵਾਲੇ ਸਾਡੇ ਵੱਡੇ ਵਡੇਰੇ ਕੀ ਪਤਾ ਕੀ ਕੁਝ ਕਹਿ ਗਏ ਨੇ,
ਜੋ ਚੱਲਣਗੇ ਓਹਨਾ ਦੇ ਪੂਰਨਿਆਂ ਤੇ ਦੱਸੋ ਕਿੰਨੇ ਕੁ ਰਹਿ ਗਏ ਨੇ।

ਤਾਣ ਚਾਦਰੇ ਸਬ ਬੈਠੇ ਨੇ ਸੁੱਧ ਬੁੱਧ ਖੋਈ ਮੂੰਹੋਂ ਬੋਲ ਨ ਸਕੇ ਕੋਈ,
ਬਰਛੀਆਂ ਖਾਵੇ ਦਿਲ ਤਪਾਵੈ ਕੌਣ ਚੁੱਪ ਬੈਠਿਆਂ ਦੇ ਇਸ਼ਾਰੇ ਕਹਿ ਗਏ ਨੇ।

ਵਗਾਈ ਅਜਿਹੀ ਹਵਾ ਕੁਦਰਤ ਨੇ ਹੋ ਕੇ ਖ਼ਫ਼ਾ ਦੁਨੀਆ ਹੋ ਜੁ ਸਫ਼ਾ,
ਪਤਾ ਨਹੀਂ ਕਦੋਂ ਮੁੱਕ ਜਾਣੇ ਕੁਛ ਸਾਹ ਅਸਾਡੇ ਉਧਾਰੇ ਰਹਿ ਗਏ ਨੇ।

ਸੱਚ ਧਰਮ ਸ਼ਰਮ ਹੈ ਲੁਕਦੀ ਫਿਰਦੀ ਕੂੜ ਦੀ ਹੱਟੀ ਤੇਜ਼ ਹੈ ਚਲਦੀ,
ਬਿਨ ਕਰਮ ਕਾਂਡ ਵਿਖਾਵੇ ਦੇ ਮੰਦਿਰ ਮਸਜਿਦ ਗੁਰੁਦੁਆਰੇ ਰਹਿ ਗਏ ਨੇ।

ਆਪਣਾ ਖੀਸਾ ਭਰਦੇ ਬਿਨਾ ਇਖਲਾਕ ਦੇ ਚੋਰ ਉਚੱਕੇ ਜੋ ਲੀਡਰ ਬਣਦੇ,
ਝੁੱਗੀਆਂ ਵਾਲੇ ਵੋਟਾਂ ਦੇਕੇ ਵੀ ਝੁੱਗੀਆਂ ਦੇ ਵਿਚ ਹੀ ਵੇਚਾਰੇ ਰਹਿ ਗਏ ਨੇ।

ਐਸਾ ਕੋਈ ਸੱਜਣ ਵੀਰ ਕੋਈ ਸਾਕ ਨਹੀਂ ਜੋ ਵੇਲਾ ਲੈਣ ਸੰਭਾਲ ਕੋਈ,
ਨ ਦਰਦ ਵੰਡਾਵੇ ਦੁੱਖ ਵੇਲੇ ਹੁਣ ਤੇ ਮਤਲਬ ਦੇ ਰਿਸ਼ਤੇ ਨਾਤੇ ਰਹਿ ਗਏ ਨੇ।

ਦੱਸ ਉਹ ਕੌਮ ਕਿਓਂ ਮਿਲੇ ਖ਼ਾਕ ਨਹੀਂ ਜਿਸ ਵਿਚ ਕੋਈ ਇਤਫ਼ਾਕ ਨਹੀਂ,
ਉਸਦਾ ਤੇ ਫਿਰ ਰੱਬ ਹੀ ਹੈ ਰਾਖਾ ਵੱਡੇ ਸਿਆਣੇ ਇਹ ਗੱਲ ਕਹਿ ਗਏ ਨੇ।

**—ਗੁਰਿੰਦਰ ਗਿੱਲ**

# ਮਾਤ ਪਾਉਂਦੇ ਗਿਰਗਟ ਨੂੰ

ਦੱਸ ਔਖੇ ਵੇਲੇ ਦਾ ਸ਼ਿਕਵਾ ਕੀ ਕਰੀਏ ਦੁਖਾਂ ਲਾਏ ਡੇਰੇ ਨੇ,
ਭਾਂਵੇ ਫੁੱਲਾਂ ਦੇ ਬਾਗ ਖਿੜੇ ਨੇ ਫਿਰ ਵੀ ਕੰਢੇ ਚਾਰ ਚੁਫੇਰੇ ਨੇ।
ਬੇਕਦਰਾਂ ਦੀ ਯਾਰੀ ਨਾਲੋਂ ਨਾਲ ਕਿਤਾਬਾਂ ਯਾਰੀ ਚੰਗੀ ਏ,
ਐਬਾਂ ਵਿਚ ਨੀ ਪੈਂਦਾ ਬੰਦਾ ਫਿਰ ਸਿੱਖਦਾ ਹੁਨਰ ਬਥੇਰੇ ਨੇ।।

ਖੂਹ ਗਰਜ਼ਾਂ ਦਾ ਭਰਦਾ ਨ ਇੱਛਾਵਾਂ ਦਾ ਬਾਲਨ ਬਲਦਾ ਨ,
ਪੈਸੇ ਤਾਂ ਖੇਡ ਹੈ ਮਿਲ ਜੂ ਜੋ ਹੋਣਗੇ ਭਾਗ ਸਵੱਲੇ ਤੇਰੇ ਨੇ।
ਹਰ ਸਵਾਲ ਦਾ ਜਵਾਬ ਏ ਰੋਟੀ ਮਿਲੇ ਨ ਜੇ ਹੋਵੇ ਕਿਸਮਤ ਖੋਟੀ,
ਬੁਝਾਵੇ ਕੌਣ ਜਦ ਭੁੱਖ ਦੇ ਭਾਂਬੜ ਮੱਚਦੇ ਹੋਣ ਚਾਰ ਚੁਫੇਰੇ ਨੇ।।

ਰਾਤ ਹਨੇਰੀ ਬੱਦਲ ਗਰਜੇ ਚੰਨ ਵੀ ਕਿਧਰੇ ਲੁੱਕ ਗਿਆ ਲੱਗਦਾ,
ਕੁਝ ਵੀ ਨਜ਼ਰੀਂ ਨ ਆਵੇ ਫਿਰ ਵੀ ਕਹਿਣ ਵਾਲੇ ਕਹਿਣ ਸਵੇਰੇ ਨੇ।
ਸਬ ਲੋਕਾਂ ਦੇ ਹੱਥ ਰੰਗੇ ਨੇ ਲਾਲ ਲਾਲ ਇਕ ਦੂਜੇ ਦੇ ਲਹੂ ਨਾਲ,
ਮਾਤ ਪਾਉਂਦੇ ਗਿਰਗਟ ਨੂੰ ਇੰਨਾ ਕੋਲ ਰੰਗ ਉਹਤੋਂ ਵੀ ਵਧੇਰੇ ਨੇ।।

ਕਹਿੰਦੇ ਮੇਹਨਤ ਮੰਜ਼ਿਲ ਤੇ ਪਹੁੰਚਾ ਦੇਵੇ ਹਿੰਮਤ ਹੱਕ ਦਿਲਾ ਦੇਵੇ,
ਕੀਕਣ ਪਾਹੁੰਚਾਂਗੇ ਜੇ ਰਾਹ ਹਨੇਰੇ ਨੇ ਤੇ ਰਾਹ ਖ਼ਾਬਾਂ ਦੇ ਲੰਮੇਰੇ ਨੇ।
ਰੱਖ ਯਕੀਨ ਖੁਦਾ ਤੇ ਤੁਰਿਆ ਚੱਲ ਰੁੱਕ ਨਾ ਤੂੰ ਕਿਧਰੇ ਇਕ ਵੀ ਪਲ,
ਨਜ਼ਰ ਸਵੱਲੀ ਉਸਦੀ ਮਿੱਟਾ ਦੇਵੇ ਕਿਸਮਤ ਤੇ ਛਾਏ ਘੁੱਪ ਹਨੇਰੇ ਨੇ।।

**—ਗੁਰਿੰਦਰ ਗਿੱਲ**



# ਵੇਲੇ ਦੀ ਸ਼ਤਰੰਜ ਨਾਲ ਦੱਸੋ

ਉਹ ਪੱਥਰ ਦਿਲਸੀ ਪੱਥਰ ਵਰਗਾ ਜੀਹਦੀ ਮੈਂ ਬੰਦਗੀ ਕੀਤੀ,
ਲੈ ਲੈਕੇ ਨਾਮ ਓਹਦਾ ਵਾਂਗ ਫ਼ਕੀਰਾਂ ਬਸਰ ਜ਼ਿੰਦਗੀ ਕੀਤੀ।

ਅੱਖਰ ਆਕਾਰ ਬਦਲਣ ਦੇ ਯੋਗ ਨੇ ਹਿਰਖ ਕਦੇ ਸੋਗ ਨੇ,
ਬਣਨਾ ਪਿਆ ਅੱਖਰਾਂ ਦਾ ਭੇਤੀ ਤਾਂ ਜਾਕੇ ਫਿਰ ਸ਼ਾਇਰੀ ਕੀਤੀ।

ਮਾਂ ਮੜੀ ਮਸੀਤ ਮਾਲ਼ਾ ਮੱਠ ਮੰਦਰ ਸਬ ਹੈ ਅੱਖਰਾਂ ਅੰਦਰ,
ਮੰਮਾ ਇੱਕੋ ਬਣੇ ਸਬ ਇਹ ਜਦ ਕੰਨਾਂ ਬਿੰਦੀ ਨੇ ਦੋਸਤੀ ਕੀਤੀ।।

ਬਚਨ ਉਦੇਸ਼ ਸੁਨੇਹਾ ਓਹੀ ਹੈ ਅੱਖਰਾਂ ਦੇ ਆਕਾਰ ਨੇ ਵੱਖਰੇ,
ਵਕਤ ਕਵੀ ਕਦੇ ਕਥਾਕਾਰ ਬਦਲੇ ਜਿੰਨਾ ਨੇ ਹੈ ਰੋਸ਼ਨੀ ਕੀਤੀ।

ਗ੍ਰੰਥਾਂ ਦੇ ਵਿਖਿਆਨ ਨਹੀਂ ਲੜਦੇ ਗੀਤਾ ਤੇ ਕੁਰਾਨ ਨਹੀਂ ਲੜਦੇ,
ਵੱਖਰੀ ਵੱਖਰੀ ਸੋਚ ਸੀ ਜਿਹਨੇ ਭਰਾਵਾਂ 'ਚ ਪੈਦਾ ਦੁਸ਼ਮਣੀ ਕੀਤੀ।

ਸਮਝ ਸੱਚ ਦੀ ਕਹਿੰਦੇ ਮਰਕੇ ਆਵੇ ਜਿਉਂਦੇ ਨੂੰ ਕੌਣ ਸਮਝਾਵੇ,
ਵੇਲੇ ਦੀ ਸ਼ਤਰੰਜ ਨਾਲ ਦੱਸੋ ਹੁਣ ਕੀਹਨੇ ਹੈ ਸਿਕੰਦਰੀ ਕੀਤੀ।

ਰੂਹਾਂ ਦੀ ਗੱਲ ਰੂਹਾਂ ਜਾਨਣ ਹੋਰ ਕਿਸੀ ਨੂੰ ਹੈ ਨਹੀਓਂ ਚਾਨਣ,
ਦੀਦ ਉਹ ਓਹਨੂੰ ਦੇਂਦਾ ਅੰਦਰੋਂ ਜਿਹਨੇ ਓਹਦੀ ਹੈ ਚਾਕਰੀ ਕੀਤੀ।

**—ਗੁਰਿੰਦਰ ਗਿੱਲ**

# ਇਸ਼ਕ ਅਵੱਲੜਾ ਸਦਾ ਭਾਰੀ ਇਹਦਾ ਪਲੜਾ

ਮੈਂ ਤੇ ਕਲਮ ਮੇਰੀ ਜਦੋਂ ਵੀ ਅਸੀਂ ਰਲਮਿਲ ਬਹੀਏ,
ਸਦਾ ਲਿਖੀਏ ਹਕੀਕਤ ਇਸ ਦੁਨੀਆਂ ਜ਼ਮਾਨੇ ਦੀ।
ਹੱਕ ਸੱਚ ਲਈ ਜੋ ਪਿਆ ਹੈ ਲੜਦਾ ਫਿਰ ਉਹ ਕਿਓਂ,
ਭਰਦਾ ਫਿਰੇ ਹੈ ਮੋਟੀ ਸਾਰੀ ਭਾਰੀ ਰਕਮ ਜ਼ੁਰਮਾਨੇ ਦੀ।।

ਜ਼ਖ਼ਮ ਅਵੱਲਾ ਜਦ ਵੀ ਕਦੇ ਕੋਈ ਰਿਸਦਾ ਦਿੱਸਦਾ ਏ,
ਸਮਝੋ ਯਾਦ ਸਤਾਵੇ ਆਪਣੇ ਉਸ ਹੋ ਗਏ ਬੇਗਾਨੇ ਦੀ।
ਕੁਝ ਪਿਆਰੇ ਤਾਂ ਝੋਲੀ ਪਾਵਨ ਖੁਸ਼ੀਆਂ ਦੇ ਨਜ਼ਰਾਨੇ,
ਕਿੱਦਾਂ ਸਾਰ ਸੁਣਾਵਾਂ ਪਿਆਰ 'ਚ ਮਿਲੇ ਧੋਖੇ ਹਰਜਾਨੇ ਦੀ।।

ਮਾਫੀ ਦੇ ਹੰਝੂ ਖਾਰੇ ਮਿੱਠੇ ਕੌਲ਼ਾਂ ਦਾ ਅਗਾਜ਼ ਨੇ ਕਰਦੇ,
ਤਦ ਸਮਝ ਵੀ ਆ ਜਾਵੇ ਵੈਰੀਆਂ ਨਾਲ ਯਾਰਾਨੇ ਦੀ।
ਜ਼ਿੰਦਗੀ ਤੇ ਮੌਤ ਦੇ ਖੇਲ ਵੀ ਕੁਝ ਬਹੁਤ ਹੀ ਅਜੀਬ ਨੇ,
ਸੀਸ ਮੰਗ ਕਿਰਪਾਨ ਲਿਖੇ ਵਾਰਤਾ ਕ੍ਰਾਂਤੀ ਦੇ ਅਫ਼ਸਾਨੇ ਦੀ।।

ਹੱਡਾਂ ਦੇ ਟੋਕਰੇ ਸਾਹਾਂ ਨੇ ਚੁੱਕੇ ਥੱਕ ਗਏ ਪਰ ਪੈਂਡਾ ਨ ਮੁੱਕੇ,
ਮਿੱਟੀ ਤੋਂ ਮਿੱਟੀ ਦਾ ਸਫਰ ਹੈ ਕਿ ਦਾਸਤਾਨ ਆਂਸੂ ਬਹਾਨੇ ਦੀ।
ਇਸ਼ਕ ਅਵੱਲੜਾ ਸਦਾ ਭਾਰੀ ਇਹਦਾ ਪਲੜਾ ਗੱਲ ਕਰਾਂ ਮੈਂ,
ਅੱਵਲ ਤੋਂ ਪਹਿਲਾਂ ਤੇ ਪਰਲੋ ਤੋਂ ਬਾਦ ਰੂਹਾਂ ਦੇ ਸਾਬਤ ਬਾਣੇ ਦੀ।।

**—ਗੁਰਿੰਦਰ ਗਿੱਲ**



# ਖੁਦ ਖੰਜਰ ਬਣ ਲਹਿੰਦੇ ਨੇ ਸੀਨੇ

ਨਾਲ ਸੋਚ ਦੇ ਅਟਕ ਕੇ ਜਿਹੜੇ ਵੀ ਮੈਂ ਖਾਬ ਵੇਖਾਂ ਮੂਧੇ ਮੂੰਹ ਡਿਗਦਾ ਸੋਈ।
ਅੰਨੀਆਂ ਬੋਲੀਆਂ ਗੂੰਗੀਆਂ ਰਾਤਾਂ 'ਚ ਖੁਦ ਨੂੰ ਨ ਮੇਰੇ ਵਾਂਗ ਬਾਲਦਾ ਕੋਈ।।

ਪੱਥਰਾਂ ਸੰਗ ਪੱਥਰ ਹੋ ਗਏ ਦੁਨੀਆਂ ਦੀ ਸੱਥ 'ਚ ਬਹਿ ਗਏ ਕਿਵੇਂ ਪਹੁੰਚਾਵਾਂ ਸੁਨੇਹਾ।
ਸੀਨਿਆਂ ਅੰਦਰ ਧੁੱਖ ਕੇ ਅੱਖਰਾਂ ਦੇ ਆਕਾਰ 'ਚ ਢਲ਼ਕੇ ਵੀ ਨ ਅੱਪੜਦਾ ਕੋਈ।।

ਦਿਲ ਰੋਵੇ ਤੇ ਰੋਵਣ ਅੱਖੀਆਂ ਕਰਾਂ ਕੋਸ਼ਿਸ਼ਾਂ ਲੱਖਾਂ ਪਰ ਨਾ ਜਾਵਣ ਦੱਸੀਆਂ।
ਐਸੀਆਂ ਮਾਰੂ ਪੀੜ੍ਹਾਂ ਜੋ ਤੂੰ ਦਿਤੀਆਂ ਨੇ ਦੱਸ ਕਿ ਕਿਵੇਂ ਹੈ ਸਹਾਰਦਾ ਕੋਈ।।

ਆ ਪਹੁੰਚਾ ਮੈਂ ਕਤਲ਼ਗਾਹਾਂ ਦੀ ਬਸਤੀ ਅੰਦਰ ਦਿੱਖਦੇ ਕਿਹੋ ਜਹੇ ਨੇ ਮੰਜ਼ਰ।
ਖੁਦ ਖੰਜਰ ਬਣ ਲਹਿੰਦੇ ਨੇ ਸੀਨੇ ਖੰਜਰ ਦੀ ਨ ਲੋੜ ਨਾ ਹੈ ਲੱਭਦਾ ਕੋਈ।।

ਨਲਕਿਆਂ ਵਾਂਗੂੰ ਗੇੜਨੇ ਪੈਂਦੇ ਨੇ ਅੱਜ ਕਲ ਆਪਣੇ ਆਪ ਤਾਂ ਰਿੜਦੇ ਨਹੀਂ।
ਨ ਰਹਿ ਗਈ ਮੀਹਂ ਵਰਗੀ ਤਾਸੀਰ ਇੰਨਾਦੀ ਨ ਆਪ ਮੁਹਾਰੇ ਬਰਸਦਾ ਕੋਈ।।

ਕੋਈ ਦੀਪਕ ਜੁਗਨੂੰ ਕੋਈ ਤਾਰਾ ਕੋਈ ਬਣ ਦਿਲ ਟਿਮਟਿਮਾਂਦਾ ਰਹਿੰਦਾ ਹੈ।
ਸਜ਼ਾ ਤਾਂ ਓਹਨੂੰ ਹੈ ਮਿਲ ਕੇ ਰਹਿੰਦੀ ਸਜ਼ਾ ਤੋਂ ਕਦੇ ਦੇਖਿਆ ਹੈ ਬੱਚਦਾ ਕੋਈ।।

ਇਸ਼ਕ ਝਨਾਂ ਦੀਆਂ ਛੱਲਾਂ ਦੇ ਵਿੱਚ ਹਰ ਕੋਈ ਡੁੱਬਕੀ ਲਾਉਣਾ ਚਾਹੁੰਦਾ ਏ।
ਲੈ ਵੀ ਲੈਂਦੇ ਨੇ ਦਿਲ ਦਾ ਦੀਵਾ ਜੇ ਬੁਝ ਜਾਵੇ ਤਾਂ ਫੇਰ ਕਿੱਥੇ ਹੈ ਤਰਦਾ ਕੋਈ।।

**—ਗੁਰਿੰਦਰ ਗਿੱਲ**

## ਠਿੱਲ੍ਹਨਾ ਹੈ ਅੰਦਰ ਤੇ ਅੰਦਰ ਹੀ ਹੈ ਡੁੱਬਣਾ

ਜੇ ਨ ਕਢੇਂ ਤੂੰ ਦਸਵੰਧ ਵੀ ਤਾਂ ਦੱਸ ਕੀ ਫਾਇਦਾ,
ਫਿਰ ਤੇਰੀਆਂ ਕੀਤੀਆਂ ਕਿਰਤ ਕਮਾਈਆਂ ਦਾ।
ਰਲਮਿਲ ਕੇ ਰਿਹਾ ਕਰ ਤੂੰ ਹੁੰਦਾ ਨਹੀਂ ਫਾਇਦਾ,
ਆਪਣੇ ਹੀ ਭਾਈਆਂ ਨਾਲ ਵੰਡੀਆਂ ਪਾਈਆਂ ਦਾ।।

ਆਪਣੇ ਦੁੱਖ ਦਰਦ ਤੂੰ ਹੱਸ ਕੇ ਸਹਿ ਜਾਇਆ ਕਰ,
ਭੇਦ ਨ ਖੋਲਿਆ ਕਰ ਦਿਲੀ ਰੀਝਾਂ ਲੁਕਾਈਆਂ ਦਾ।
ਜੇ ਕੋਈ ਭੁੱਖਾ ਦਰ ਤੇਰੇ ਤੇ ਆਵੇ ਮੁਹੰ ਦੀ ਬੁਰਕੀ ਦੇ ਦੀਂ,
ਨਾ ਬਣੀ ਜਰੀਆ ਤੂੰ ਓਹਦੀਆਂ ਹਾਵਾਂ ਹਾਈਆਂ ਦਾ।।

ਸੋਚ ਦੀ ਸੂਲੀ ਟੰਗਿਆ ਏ ਪੀੜ੍ਹਾਂ ਦਾ ਭੰਡਾਰਾ ਤੇਰਾ,
ਨਾਮ ਸੰਗ ਬਿਰਤੀ ਲਾ ਲੈ ਫਾਇਦਾ ਨਹੀਂ ਦਵਾਈਆਂ ਦਾ।
ਮੈਨੂੰ ਤੇ ਹੀ ਹੁਣ ਇੱਦਾ ਜਾਪੇ ਦਰਦ ਖ਼ਜ਼ਾਨਾ ਮੁੱਕ ਜੂ ਆਪੇ,
ਮਿਲੂਗਾ ਫ਼ਲ ਓਹਦੇ ਨਾਲ ਬਿਰਤੀਆਂ ਲਾਈਆਂ ਦਾ।।

ਹਰ ਸਤਰ ਮੇਰੀ ਗਿੱਲੀ ਏ ਹਰਫ਼ ਮੇਰੇ ਨੇ ਸਲਾਹਬੇ ਹੋਏ,
ਲੋਕਾਂ ਦੇ ਦੁੱਖ ਦੂਰ ਕਰ ਨਾ ਸਕਾਂ ਕੀ ਫਾਇਦਾ ਪੜ੍ਹਾਈਆਂ ਦਾ।
ਠਿੱਲ੍ਹਨਾ ਹੈ ਅੰਦਰ ਤੇ ਅੰਦਰ ਹੀ ਹੈ ਡੁੱਬਣਾ ਅਨੰਤ ਯੁਗਾਂ ਤੋਂ,
ਭਟਕਦੀ ਰੂਹ ਨੂੰ ਮਿਲੇ ਸਿਲਾ ਫਿਰ ਰੱਬ ਨਾਲ ਲਾਈਆਂ ਦਾ।।

**—ਗੁਰਿੰਦਰ ਗਿੱਲ**



## ਯਾਦਾਂ ਤੇਰੀਆਂ ਜਦ ਮੈਨੂੰ ਨਹੁੰਦਰ ਮਾਰਨ

ਯਾਦਾਂ ਤੇਰੀਆਂ ਜਦ ਮੈਨੂੰ ਨਹੁੰਦਰ ਮਾਰਨ ਫਿਰ ਪੀੜਾ ਨ ਰੁੱਕਦੀ ਏ।
ਦਿਲ ਰੋਵੇ ਅੱਖਾਂ ਹੰਝੂ ਕੇਰਨ ਕੀ ਦੱਸਾਂ ਜਦ ਦੁਨੀਆਂ ਮੈਨੂੰ ਪੁੱਛਦੀ ਏ।।

ਗੁੰਮ-ਸੁੰਮ ਖੜ੍ਹੀਆਂ ਮੇਰੀਆਂ ਸੱਧਰਾਂ ਦਿਨ ਰਾਤ ਤੇਰਾ ਰਸਤਾ ਦੇਖਣ।
ਨਾ ਤੂੰ ਆਵੇਂ ਨ ਤੂੰ ਆਉਣਾ ਫਿਰ ਵੀ ਰਹੇ ਆਸ ਦੀ ਬੱਤੀ ਬਲਦੀ ਏ।।

ਮੈਂ ਇੱਕਲੀ ਜਾਨ ਨਿਮਾਣੀ ਦੁੱਖ ਦਰਦਾਂ ਘੇਰਿਆ ਮੈਨੂੰ ਬਣ ਕੇ ਢਾਣੀ।
ਨ ਰੁੱਸਦੇ ਨੇ ਹੌਕੇ ਹਾਵੇ ਮੇਰੇ ਨ ਅੱਥਰ ਹੀ ਅੱਖੀਆਂ ਵਿਚੋਂ ਸੁੱਕਦੀ ਏ।।

ਲੱਗਾ ਰੋਗ ਅਵੱਲਾ ਨਿਕਲੇ ਪੀੜ੍ਹ ਨਿਰਾਲੀ ਪੈ ਗਿਆ ਕਿਹੜੇ ਜੰਜਾਲੀਂ।
ਬੁਰਾ ਦਿਲ ਹਾਲ ਹੈ ਹੋਇਆ ਦਰਦਾਂ ਵਿੰਨੀ ਰੂਹ ਵੀ ਰਹੇ ਕੁਰਲਾਂਦੀ ਏ।।

ਯਾਦ ਤੇਰੀ ਜਦ ਆਵੇ ਦਿਲਚੋਂ ਨਿਕਲਣ ਹੂਕਾਂ ਵਾਂਗ ਕੋਇਲ ਮੈਂ ਕੂਕਾਂ।
ਐਂਵੇ ਪਿਆਰ ਦੇ ਪੱਕੇ ਰਿਸ਼ਤੇ ਟੁੱਟ ਗਏ ਜਿਵੇਂ ਕੱਚ ਦੀ ਚੂੜੀ ਟੁੱਟ ਜਾਂਦੀ ਏ।।

ਆਪਣੇ ਜ਼ਖਮਾਂ ਦੇ ਨਜ਼ਾਰੇ ਵੇਖਾਂ ਰਾਤੀਂ ਨਹੀਂ ਦਿਨ ਵਿੱਚ ਵੀ ਮੈਂ ਤਾਰੇ ਵੇਖਾਂ।
ਤਕਦੀਰ ਚਲਿਤ੍ਰ ਕਰਦੀ ਟੁੱਟੇ ਨ ਜ਼ੰਜ਼ੀਰ ਦੁਖਾਂ ਦੀ ਸਗੋਂ ਪੱਕੀ ਹੁੰਦੀ ਜਾਂਦੀ ਏ।।

ਉਸ ਜ਼ਾਲਿਮ ਨਾਲ ਪਿਆਰ ਨਿਭਾਉਣ ਖ਼ਾਤਰ ਕੀ ਕੁਝ ਨਹੀਂ ਮੈਂ ਢੋਇਆ।
ਦੁਨੀਆਂ ਭਰ ਦੇ ਤਾਅਨੇ ਮਿਹਣੇ ਸੁਣਕੇ ਪੱਕਦੀ ਨ ਚੁੱਪ ਰਹਿ ਸਹਿ ਜਾਂਦੀ ਏ।।

**—ਗੁਰਿੰਦਰ ਗਿੱਲ**

# ਕਿਤੇ ਰੱਬ ਸਦਾਵਣ ਬੰਦੇ

ਧੋਖੇ ਲਾਲਚ ਨੇ ਦੁਨੀਆਂ ਭਰਮਾਈ ਚਲਦੇ ਲਾਲਚ ਦੇ ਸਭ ਧੰਦੇ,
ਲਾਲਚ ਨੇ ਹੱਥ ਬੰਨੇ ਨੇ ਸਬਦੇ ਸਬਨਾਂ ਗਲੀਂ ਲਾਲਚ ਦੇ ਫੰਦੇ।

ਕੋਈ ਰੋਣੇ ਰੋਣ ਤਕਦੀਰਾਂ ਦੇ ਖਾਲੀ ਹੱਥ ਤੇ ਬੋਝੇ ਹੁੰਦੇ ਫ਼ਕੀਰਾਂ ਦੇ,
ਕਿਤੇ ਸੱਚ ਦੀ ਖਾਤਿਰ ਸੂਲੀ ਚੜਦੇ ਕਿਤੇ ਰੱਬ ਸਦਾਵਣ ਬੰਦੇ।

ਤੱਕੇ ਸ਼ੀਸ਼ੇ ਵਿਚ ਆਪਣਾ ਮੁਖੜਾ ਸੱਚ ਦਿਖਾਏ ਕੱਚ ਦੇ ਟੁਕੜਾ,
ਲੁਕੋ ਕੇ ਕੁਝ ਨ ਰੱਖੇ ਕਹੇ ਫਿਰ ਜਾਵਣਗੇ ਤੇਰੇ ਵੀ ਦਿਨ ਨੇ ਜੋ ਮੰਦੇ।

ਇੱਕੋ ਅੱਖਰ ਜੋ ਹੋਸ਼ ਭੁਲਾਵੇ ਮੈਂ ਮੈਂ ਕਰਦਾ ਫਿਰੇ ਸਮਝ ਨ ਆਵੇ,
ਮੈਂ ਮੈਂ ਕਰਦਾ ਮਿੱਟ ਜਾਂਦੇ ਮੌਤ ਅੱਗੇ ਅਕਸਰ ਹਾਰ ਜਾਂਦੇ ਨੇ ਬੰਦੇ।

ਸਿਰ ਝੁਕੇ ਪਿਆਰ ਦੇ ਅੱਗੇ ਇਸਤੋਂ ਵੱਡਾ ਕੋਈ ਕਰਜ਼ ਨਾ ਲੱਗੇ,
ਉਚਾ ਸੁੱਚਾ ਪਿਆਰ ਦਾ ਰਿਸ਼ਤਾ ਫੇਰੋ ਨ ਇਸਤੇ ਨਫਰਤ ਦੇ ਰੰਦੇ।

ਜੱਗ ਝੂਠਾ ਝੂਠੀਆਂ ਯਾਰੀਆਂ ਨੇ ਹੱਕ ਸੱਚ ਦੀਆਂ ਨ ਕਮਾਈਆਂ ਨੇ,
ਬਣ ਬਾਗ਼ਾਂ ਦੇ ਮਾਲੀ ਰੱਖਿਆ ਕਰਦੇ ਪਰ ਉਗਾਈ ਜਾਂਦੇ ਨੇ ਕੰਡੇ।

ਜੋ ਚੜਦਾ ਲਹਿੰਦਾ ਏ ਅੱਜ ਜੋ ਜਿੱਤਦਾ ਕਲ ਅਕਸਰ ਢਹਿੰਦਾ ਏ,
ਆਵਾਗਵਣ ਦਾ ਚੱਕਰ ਚੱਲੇ ਸਬਨੂੰ ਜਾਣਾ ਪੈਂਦਾ ਚੰਗੇ ਚਾਹੇ ਮੰਦੇ।

**—ਗੁਰਿੰਦਰ ਗਿੱਲ**



# ਪੈਸੇ ਨ ਖੀਸਾ ਭਰਿਆ ਗ਼ਜ਼ਲਾਂ ਨਾਲ

ਅਸੀਂ ਆਪੇ ਰੁਸਦੇ ਅਪਣੇ ਨਾਲ ਤੇ ਫਿਰ ਅਪਣਾ ਆਪ ਹਾਂ ਮਨਾਂਦੇ।
ਆਪਣੀਆਂ ਗੱਲਾਂ ਆਪੇ ਕਰਦੇ ਕਦੇ ਕਿਸੀ ਗੈਰ ਨੂੰ ਨ ਹਾਂ ਸੁਣਾਂਦੇ।।

ਆਪਣੀ ਖੁਸ਼ੀ 'ਚ ਆਪੇ ਖੁਸ਼ ਹੁੰਦੇ ਆਪਣੇ ਗ਼ਮ ਵੀ ਆਪੇ ਸਹਿੰਦੇ।
ਹੋਣ ਹੰਝੂਆਂ ਦੇ ਮੋਤੀ ਜਾਂ ਜ਼ਖ਼ਮਾਂ ਦੇ ਹੀਰੇ ਕਦੇ ਕਿਸੀ ਨੂੰ ਨ ਦਿਖਾਂਦੇ।।

ਆਪੇ ਆਪਣੇ ਨਾਲ ਬੁਝਾਰਤਾਂ ਪਾਉਂਦੇ ਤੇ ਫਿਰ ਆਪੇ ਹੀ ਬੁੱਝ ਲੈਂਦੇ।
ਸਵਾਲ ਨੂੰ ਸਵਾਲ ਹੀ ਰੱਖਦੇ ਜਦ ਤੱਕ ਉਸਦੇ ਜਵਾਬ ਨ ਮਿਲ ਜਾਂਦੇ।।

ਬਲਦੇ ਨੇ ਜਦ ਭਾਂਬੜ ਅੰਦਰ ਉਸ ਅੱਗ ਵਿਚ ਵੀ ਅਸੀਂ ਆਪੇ ਸੜਦੇ।
ਲੱਖ ਲੋਕੀਂ ਲਾਵਣ ਤੋਹਮਤਾਂ ਪਰ ਅਸੀਂ ਕਿਸੇ ਤੇ ਨ ਤੋਹਮਤ ਹਾਂ ਲਾਂਦੇ।।

ਕਦੇ ਬੀਤੇ ਵਕ਼ਤ 'ਚ ਹਾਂ ਟੁਬੀਆਂ ਲਾਈਏ ਕਦੇ ਭਵਿੱਖ 'ਚ ਜਾ ਬਹੀਏ।
ਕਦੇ ਆਪੇ ਹੀ ਸਮਝੌਤਾ ਕਰਕੇ ਵਰਤਮਾਨ ਵਿਚ ਵੀ ਪਰਤ ਹਾਂ ਆਂਦੇ।।

ਕੀ ਕਰੀਏ ਹੋ ਜਾਂਦੇ ਹਾਂ ਬੇਆਸ ਕਦੇ ਜ਼ਿੰਦਗੀ ਭੈੜੀ ਆਵੇ ਨ ਰਾਸ ਕਦੇ।
ਤਾਂਗ ਮਿਲਣ ਦੀ ਮਿਟੇ ਨਾ ਦਰਦ ਸਮੇਟ ਰੁੱਕ ਜਾਂਦੇ ਹਾਂ ਅੱਗੇ ਜਾਂਦੇ ਜਾਂਦੇ।।

ਸੂਰਜ,ਚੰਨ ਤਾਰੇ ਦਿਲ ਦੀ ਕਾਲਖ਼ ਧੋ ਨਾ ਸੱਕੇ ਅਸੀਂ ਰੋ ਵੀ ਨ ਸਕੇ।
ਪੈਸੇ ਨ ਖੀਸਾ ਭਰਿਆ ਗ਼ਜ਼ਲਾਂ ਨਾਲ ਨ ਚਾਹ ਕੇ ਵੀ ਲਿਖ ਹਾਂ ਜਾਂਦੇ।।

**—ਗੁਰਿੰਦਰ ਗਿੱਲ**

# ਇਸ਼ਕ ਹੈ ਮੰਡੀ ਸਿਰ ਫਿਰਿਆਂ ਦੀ

ਜ਼ਖ਼ਮ ਮੁਹੱਬਤ 'ਚ ਨੇ ਜੋ ਮਿਲਦੇ ਓਹੀਓ ਮੁਹੱਬਤ ਦਾ ਨਜ਼ਰਾਨਾ ਏ,
ਨਿਭਾਵੇ ਨ ਸਾਥ ਕਦੇ ਚੱਲੇ ਇਹ ਤਾਂ ਇੱਕ ਦੋ ਦਿਨ ਦਾ ਅਫ਼ਸਾਨਾ ਏ।

ਜ਼ਖਮ ਇਹ ਲਾਉਣੇ ਸੌਖੇ ਨਹੀਂ ਰਿਸ਼ਤੇ ਪੁਗਾਉਣੇ ਕੋਈ ਸੌਖੇ ਨਹੀਂ,
ਸਿਰ ਦੇਣੇ ਪੈਂਦੇ ਨੇ ਮਾਰੂਥਲ ਗਾਹੁਣੇ ਪੈਂਦੇ ਨੇ ਮੰਗੇ ਇਹੀ ਨਜ਼ਰਾਨਾ ਏ।

ਰੱਬ ਜਾਣੇ ਜਾਂ ਉਹ ਜਾਣੇ ਜੋ ਲੁਟਾਈ ਖਾਂਦਾ ਏ ਤੇ ਖਾਈ ਹੀ ਜਾਂਦਾ ਏ,
ਤਖ਼ਤ ਓ ਤਾਜ਼ ਦਿਲਾਂ ਦੇ ਪੌਣੇ ਸੌਖੇ ਨਹੀਂ ਭਰਨਾ ਪੈਂਦਾ ਹਰਜ਼ਾਨਾ ਏ।

ਪਿਆਰ ਸੁਗੰਦੀ ਬਹੁਤ ਹੈ ਮਹਿੰਗੀ ਮੁਹੱਬਤ ਇਹਨੂੰ ਮੁਫ਼ਤ ਨ ਵੰਡਦੀ,
ਬਣ ਸੱਜਣ ਲੋਕੀਂ ਠੱਗਦੇ ਓਹੀ ਜਾਵੇ ਠੱਗਿਆ ਜੋ ਦਿਲ ਦੀਵਾਨਾ ਏ।

ਸਾਜ਼ ਇਸ਼ਕ ਦਾ ਉਹੀ ਵੱਜਦਾ ਕਰਦਾ ਯਾਰ ਦੇ ਵਜੂਦ 'ਚ ਹੈ ਜੋ ਸਜਦਾ ਕਰਦਾ,
ਇਸ਼ਕ ਹੈ ਮੰਡੀ ਸਿਰ ਫਿਰਿਆਂ ਦੀ ਓਹੀ ਆਵੇ ਜਿੰਨੇ ਸਿਰ ਕਟਾਨਾ ਏ।

ਮੈਂ ਸ਼ਾਇਰ ਮੇਰੀ ਤਾਬ੍ਹ ਨਿਰਾਲੀ ਸਦਾ ਖੇਡਾਂ ਮੈਂ ਇਸ਼ਕ ਹਕੀਕੀ ਵਾਲੀ,
ਸੁਣਾਵਾਂ ਮੈਂ ਦਰਦ ਕਹਾਣੀ ਪੀੜ ਪੁਰਾਣੀ ਜੋ ਸੁਣਨਾ ਚਾਹੇ ਨ ਜ਼ਮਾਨਾ ਏ।

ਰੱਬ ਮੇਹਰ ਕਰੇ ਲੱਗੇ ਬੇੜਾ ਪਾਰ ਜਾਵਾਂ ਨ ਮੈਂ ਇਸ਼ਕ ਦੀ ਬਾਜ਼ੀ ਹਾਰ,
ਓਹੀ ਖੋਲ੍ਹੇ ਜਿੰਦਰੇ ਓਸੀ ਹੱਥ ਚਾਬੀ ਵਜੂਦ ਮੇਰਾ ਤਾਂ ਇੱਕ ਨਿਆਣਾ ਏ।

—**ਗੁਰਿੰਦਰ ਗਿੱਲ**



# ਮੋਹ ਦੀਆਂ ਵਾਹੀਆਂ ਦੁੱਖ ਦੀਆਂ ਪੰਡਾਂ

ਚਾਹੇ ਇਸ਼ਕ ਹਕੀਕੀ ਹੋਵੇ ਜਾਂ ਫਿਰ ਹੋਵੇ ਇਸ਼ਕ ਮਿਜਾਜ਼ੀ।
ਜਿਹੜੇ ਸੱਚ ਦੇ ਪੂਰਨਿਆਂ ਤੇ ਚਲਣ ਮਾਰ ਜਾਂਦੇ ਨੇ ਬਾਜ਼ੀ।।

ਮੋਹ ਦੀਆਂ ਵਾਹੀਆਂ ਦੁੱਖ ਦੀਆਂ ਪੰਡਾਂ ਛੱਡਣੀਆਂ ਪੈਂਦੀਆਂ।
ਉੱਡਣ ਲਈ ਆਕਾਸ਼ਾਂ ਅੰਦਰ ਫਿਰ ਹੁੰਦੀ ਏ ਰੂਹ ਰਾਜ਼ੀ।।

ਇੱਕ ਸੱਚ ਤੋਂ ਜਿੰਦ ਵਾਰਦੇ ਇੱਕ ਯਾਰ ਲਈ ਜਿੰਦ ਹਾਰਦੇ।
ਪੱਕਿਆਂ ਵਾਲੇ ਰੱਬ ਪਾਵਨ ਕੱਚਿਆਂ ਤੇ ਤਰ ਧੱਕੇ ਖਾਂਦੇ ਪਾਜ਼ੀ।।

ਦੁਨੀਆਂ ਦੇ ਪਰਲੇ ਪਾਸੇ ਵੀ ਇਕ ਦੁਨੀਆ ਹੋਰ ਹੈ ਵੱਸਦੀ।
ਜਿਹੜਾ ਓਥੇ ਵੱਸਣਾ ਚਾਹੇ ਖੇਡਣੀ ਪੈਣੀ ਇਸ਼ਕ ਦੀ ਬਾਜ਼ੀ।।

ਇਸ਼ਕ ਦੀਆਂ ਦਰਗਾਹਵਾਂ ਅੰਦਰ ਪੱਤ ਨਹੀਂ ਹੁੰਦੀ ਖੰਡਰ।
ਹੱਕ ਸੱਚ ਦੇ ਰਸਤੇ ਚਲਕੇ ਬਣ ਜਾਂਦੀ ਏ ਟੋਹਰ ਨਵਾਬੀ।।

ਪਤਾ ਨਹੀਂ ਕੀ ਗਤੀ ਆ ਸਮੇਂ ਦੀ ਕਲ ਕਿਧਰ ਨੂੰ ਮੁੜ ਜਾਵੇ।
ਤੇਰ ਮੇਰ ਦਾ ਰੌਲਾ ਮੁੱਕੇ ਤਾਂਹੀ ਜਿਤੀ ਜਾਇ ਹਰਦੀ ਜਾਂਦੀ ਬਾਜ਼ੀ।।

ਦੁਨੀਆ ਛੱਡਣ ਲਈ ਤਿਆਰ ਰਹੋ ਦੁੱਖ ਸੁਖ ਤੇ ਅਸਵਾਰ ਰਹੋ।
ਬਿਰਤੀ ਲੱਗੇ ਰੂਹ ਚੈਨ ਪਾਵੇ ਤਾਂ ਮਿਲੇ ਉਸ ਪਾਰ ਦੀ ਚਾਬੀ।।

—**ਗੁਰਿੰਦਰ ਗਿੱਲ**

# ਪੰਜਾਬ ਤੇ ਪੰਜਾਬੀਅਤ

ਪੰਜਾਬ ਦਾ ਜੁਗਰਾਫ਼ੀਆ ਇਹ ਦਿਖਾਂਦਾ ਏ,
ਇਹਦੀ ਕੋਈ ਹੱਦ ਨਹੀਂ ਕੋਈ ਲਕੀਰ ਨਹੀਂ।
ਇਹਦੀ ਮਿੱਟੀ 'ਚ ਜੋ ਅੰਨ ਉੱਗੇ ਬਿਆਨ ਕਰ,
ਸਕਦਾ ਇਸਦੀ ਕਦੇ ਕੋਈ ਵੀ ਤਾਸੀਰ ਨਹੀਂ।।

ਇਸ ਮਿੱਟੀ ਚੋ ਉਪਜੇ ਅੰਨ ਦੀ ਸਰੀਰਕ ਧੰਨ ਦੀ,
ਲਫ਼ਜ਼ ਨ ਮਿਲਣ ਕਰ ਸਕਦੀ ਤਾਰੀਫ ਨਹੀਂ।
ਇਸਤੋਂ ਉਪਜੇ ਖ਼ੂਨ ਵਿਚ ਮਿਲੇ ਸੋਚ ਹੋਸ਼ ਜੋਸ਼,
ਸਿਦਕ ਸਿਰੜ ਜਿਸਦੀ ਕਰ ਸਕੇ ਕੋਈ ਰੀਸ ਨਹੀਂ।।

ਇਸ ਕੌਮ ਦਾ ਖ਼ੂਨ ਜਦ ਵੀ ਉਬਾਲੇ ਮਾਰਦਾ ਏ,
ਵੱਡਿਆਂ ਵੱਡਿਆਂ ਦੇ ਸੀਨੇ ਫਿਰ ਇਹ ਠਾਰਦਾ ਏ।
ਸਿਕੰਦਰ ਅਬਦਾਲੀ ਅਕਬਰ ਬਾਬਰ ਜੋ ਵੀ ਹੋਵੇ,
ਸਮੇਂ ਦੇ ਹਾਕਿਮਾਂ ਨੂੰ ਰੱਖੇ ਠੁੱਡੇ ਸਮਝੇ ਕੋਈ ਚੀਜ਼ ਨਹੀਂ।।

ਚੱਲੇ ਉਸ ਰਾਹ ਤੇ ਜੋ ਨਾਨਕ ਨੇ ਹੈ ਦਿਖਾਇਆ,
ਗੋਬਿੰਦ ਨੇ ਚੱਲ ਵਿਖਾਇਆ ਵੰਸ਼ ਕੁਰਬਾਨ ਕਰਾਇਆ।
ਚਾਹੇ ਖੁਦ ਭੁੱਖਾ ਰਹੇ ਭੁਖਿਆਂ ਤਾਂਈ ਲੰਗਰ ਛਕਾਵੇ,
ਲਾਚਾਰਾਂ ਦੀ ਕਰੇ ਮਦਦ ਹੋਰ ਕੋਈ ਚਲਾਵੇ ਰੀਤ ਨਹੀਂ।।

ਆਪਾ ਵਾਰ ਦਏ ਕੌਮ ਦੇਸ਼ ਦੀ ਖਾਤਿਰ ਹੋ ਕੁਰਬਾਨ ਜਾਵੇ,
ਜ਼ੁਲਮ ਸਹੇ ਨ ਸਹਿਣ ਦਾਵੇ ਜ਼ੁਲਮੀ ਨੂੰ ਲਲਕਾਰ ਜਾਇ।
ਮੁਹੱਬਤ ਦਾ ਮਹਿਰਮ ਗੁਨਹਗਾਰ ਤੇ ਵੀ ਰਹਿਮ ਕਰੇ,
ਗੁਰੂ ਦਾ ਭਾਣਾ ਮੰਨੇ ਇਸ ਤੋਂ ਵੱਧ ਇਹਦੀ ਕੋਈ ਪ੍ਰੀਤ ਨਹੀਂ।।

**—ਗੁਰਿੰਦਰ ਗਿੱਲ**



# ਮਾਇਆ

ਮਾਇਆ ਮਾਇਆ ਮਾਇਆ ਮਾਇਆ,
ਮਾਇਆ ਨੇ ਹੈ ਸਬ ਜੱਗ ਭਰਮਾਇਆ।
ਜੇ ਜ਼ੇਬ ਖਾਲੀ ਮੰਨੇ ਨ ਵਿਸਾਖੀ ਦੀਵਾਲੀ,
ਇਹਨੇ ਕਿਹੜੇ ਰਾਹ ਦੁਨੀਆਂ ਨੂੰ ਪਾਇਆ।।

ਨਾ ਚਾਚਾ ਤਾਇਆ ਨ ਢੁੱਕਦੀ ਫੁੱਫੀ ਮਾਸੀ,
ਲਾਗੇ ਨ ਲੱਗੇ ਪੁੱਤਰ ਖੁਦ ਦਾ ਜਾਇਆ।।
ਯਾਰ ਨਿਭਾਵੇ ਯਾਰੀ ਨ ਭਾਈ ਭੈਣ ਪਿਆਰੀ,
ਭਾਈਆ ਪੁਛੇ ਦੱਸ ਤੂੰ ਕਿਧਰੋਂ ਹੈ ਆਇਆ।।

ਸਾਵਣ ਦੀਆਂ ਬਹਾਰਾਂ ਨ ਪੀਂਘਾਂ ਝੂਟਣ ਨਾਰਾਂ,
ਬਿਨ ਪੈਸੇ ਦੇ ਦੱਸ ਕਿਵੇਂ ਜਾਊਗਾ ਸਜਾਇਆ।
ਕਿਵੇਂ ਸੱਜੇ ਜੋਬਨ ਜਵਾਨੀ ਜਦ ਗਲ ਨਹੀਂ ਗਾਨੀ,
ਬਿਨ ਮਾਇਆ ਲੱਗੇ ਸਬ ਕੁਝ ਹੀ ਪਰਾਇਆ।।

ਨਾ ਚਲੇ ਇਸ਼ਕ ਕਾ ਧੁਰਾ ਹੋ ਸਕੇ ਨ ਕਦੇ ਪੂਰਾ,
ਪੈਸੇ ਦੀ ਹੈ ਖੇਡ ਨਿਆਰੀ ਇਹਨੇ ਮਾਨ ਭਟਕਾਇਆ।
ਹੱਥ ਹੋਵੇ ਜਦ ਖਾਲੀ ਕਾਸਾ ਉੱਡ ਜਾਇ- ਫਿਰ ਹਾਸਾ,
ਨਾ ਹੋਵੇ ਆਦਰ ਭਾਉ ਕਿਤੇ ਨ ਜਾਇ- ਕਰਾਇਆ।।

ਬਿਨ ਪੈਸੇ ਸਬ ਚੌਪਟ ਹੈ ਮੁੱਛਾਂ ਨੂੰ ਚੜੇ ਨ ਵੱਟ ਹੈ,
ਦੁਨੀਆਂ ਰਾਜ਼ੀ ਨ ਹੁੰਦੀ ਮਾਇਆ ਹੀ ਹੈ ਸਰਮਾਇਆ।
ਕੀ ਆਖਾਂ ਸਮਝ ਨੀ ਆਉਂਦਾ ਮਨ ਰਹੇ ਬਾਤਾਂ ਪਾਉਂਦਾ,
ਮਾਇਆ ਨੇ ਲੋਕਾਂ ਦੀ ਅਕਲ ਤੇ ਪਰਦਾ ਹੈ ਪਾਇਆ।।

**—ਗੁਰਿੰਦਰ ਗਿੱਲ**

# ਸ਼ਾਇਰ

ਸ਼ਾਇਰੀ ਬਾਰੇ ਕੀ ਆਖਾਂ ਕੁਝ ਸਮਝ ਨੀ ਆਉਂਦਾ,
ਕੀ ਕੀ ਆਖੇ ਕੀ ਕੀ ਹੈ ਸ਼ਾਇਰ ਬੁਝਾਰਤਾਂ ਪਾਉਂਦਾ।
ਆਖੇ ਦੁੱਧ ਨ ਦੇਵੇ ਨਾਗਿਨੀ ਜ਼ਹਿਰ ਨ ਦੇਵੇ ਗਾਂ,
ਗੱਲਾਂ ਲਿਖੇ ਅਨਹੋਣੀਆਂ ਫਿਰ ਰਹੇ ਸੁਣਾਉਂਦਾ।।

ਸ਼ਾਇਰੀ ਕਰੇ ਵਡਿਆਈਆਂ ਤੇ ਉਹ ਵੱਡਾ ਕਹਾਵੈ,
ਪਰਬਤ ਨੂੰ ਰਾਈ, ਰਾਈ ਨੂੰ ਕਰ ਪਰਬਤ ਵਡਿਆਉਂਦਾ।
ਕੌੜਾ ਕਦੇ ਨ ਬੋਲਦਾ ਸਦਾ ਮਿੱਠੀ ਰੱਖੇ ਜ਼ੁਬਾਨ,
ਦਿਲ ਦੀਆਂ ਵਾਗਾਂ ਖਿੱਚ ਕੇ ਰਹੇ ਝੋਲੀ ਬਿਠਾਉਂਦਾ।।

ਅੱਖਾਂ ਤੋਂ ਅੰਨਾ ਨ ਬੋਲਾ ਹੈ ਲੋਕੀਂ ਕਹਿਣ ਭੋਲਾ ਏ,
ਸੁਣੇ ਦੇਖੇ ਲਿਖ ਦੱਸੇ ਕੌਣ ਬਣਾਵੇ ਤੇ ਕੌਣ ਏ ਢਾਉਂਦਾ।
ਦੁਖੀਆਂ ਦੀ ਅੱਖੋਂ ਚੋਂ ਚੁਣ ਚੁਣ ਕੰਢੇ ਦੁੱਖ ਵੰਡਾਵੇ,
ਉਸਨੂੰ ਹੈ ਪਤਾ ਕਿਹੜਾ ਹਸਾਵੇ ਕਿਹੜਾ ਏ ਰੁਵਾਉਂਦਾ।।

ਜ਼ੋਰਾਵਰ ਲੋਕਾਂ ਤੋਂ ਡਰਦਾ ਨਹੀਂ ਪਿੱਛੇ ਹੱਟਦਾ ਨਹੀਂ,
ਨ ਮਰੇ ਸ਼ਾਇਰ ਆਪਣੀ ਲੇਖਣੀ 'ਚ ਰਹੇ ਜਿਉਂਦਾ।
ਸ਼ਾਇਰ ਦੇ ਮਰਨੇ ਤੇ ਯਾਰੋ ਬਹੁਤ ਫਰਕ ਨ ਪੈਂਦਾ,
ਦੂਜਾ ਸ਼ਾਇਰ ਓਹਦੀ ਲਿਖਤ ਨੂੰ ਪੜ੍ਹ ਪੜ੍ਹ ਰਹੇ ਸੁਣਾਉਂਦਾ।।

**—ਗੁਰਿੰਦਰ ਗਿੱਲ**



# ਕਿਰਦਾਰ ਨੇ ਵਿਕਾਊ

ਕਿਰਦਾਰ ਨੇ ਵਿਕਾਊ ਇਮਾਨ ਦੀ ਹੱਟੀ ਚਲਦੀ ਨਹੀਂ,
ਪੱਥਰ ਨੂੰ ਕਦੇ ਪੀੜ ਨਾ ਹੋਵੇ ਲੋਹੇ ਸੱਟ ਵੱਜਦੀ ਨਹੀਂ।
ਗ਼ਮ ਨਾਲ ਜੀਹਦਾ ਵਾਹ ਪਿਆ ਏ ਚਿੰਤਾ ਦੀ ਚੋਗ ਚੁਗੇ,
ਗਰੀਬ ਕੀ ਕਰੇ ਵਿਚਾਰਾ ਬਿਪਤਾ ਓਹਦੀ ਟਲਦੀ ਨਹੀਂ।।

ਨਾ ਦਰਦ ਕੋਈ ਜਾਣੇ ਕਿਸੇ ਦਾ ਨ ਕੋਈ ਰੋਗ ਪਛਾਣੇ,
ਇਸ ਸ਼ਹਿਰ ਦੇ ਮਸੀਹੇ ਕਰਦੇ ਕੋਈ ਗੱਲ ਚੱਜਦੀ ਨਹੀਂ।
ਮੁਫ਼ਲਿਸ ਦੀ ਗ਼ੈਰਤਮੰਦੀ ਏ ਇਨਸਾਨ ਦੀ ਹਾਲਤ ਮੰਦੀ ਏ,
ਹਾਕਿਮ ਦੀ ਮੈਂ ਕੀ ਸੁਣਾਵਾਂ ਓਹਦੀ ਨੀਯਤ ਰੱਜਦੀ ਨਹੀਂ।।

ਖੇਲ ਸਿਆਸਤ ਖੇਲੇ ਵੋਟਾਂ ਵੇਲੇ ਲਾਵੇ ਨੋਟਾਂ ਦੇ ਮੇਲੇ,
ਕਰੇ ਗੁਮਰਾਹ ਦੁਨੀਆਂ ਨੂੰ ਇਹ ਵੀ ਗੱਲ ਜਚਦੀ ਨਹੀਂ।
ਸ਼ਰਾਬੀ ਜੋ ਮਸੀਤੇ ਜਾਵੇ ਮੁੱਲਾਂ ਮੈਖ਼ਾਨੇ 'ਚ ਮੇਲੇ ਲਾਵੇ,
ਮੈਂ ਕਹਾਂ ਫਿਰ ਉਹ ਕਦੇ ਕਰਦੇ ਭਗਤੀ ਰੱਬ ਦੀ ਨਹੀਂ।।

ਝੂਠ ਫਰੇਬ ਦੇ ਪਰਦੇ ਲਾਹਾਂ ਚੁੱਪ ਨੂੰ ਸੂਲੀ ਟੰਗਾ ਨਾ,
ਹਵਸਾਂ ਦਾ ਦੌਰ ਦੇਖਕੇ ਕੀ ਸੱਟ ਕਾਲਜੇ ਵੱਜਦੀ ਨਹੀਂ।
ਇਹ ਦੁਨੀਆਂ ਹੈ ਪੱਥਰ ਦਿਲ ਪੱਥਰਾਂ ਨੂੰ ਰਹੇ ਪੂੱਜਦੀ,
ਇਧਰ ਉਧਰ ਮੱਥੇ ਟੇਕੇ ਕਰੇ ਗਲ ਜਾਣੈ ਹੱਜ ਦੀ ਨਹੀਂ।।

**—ਗੁਰਿੰਦਰ ਗਿੱਲ**

## ਵਕਤ

ਵਕਤ ਬੜਾ ਬਲਵਾਨ ਪਤਾ ਨਹੀਂ ਕਿਥੇ ਜਾਕੇ ਇਹ ਠਹਿਰਦਾ।
ਬੰਦ ਆਪਣੀਆਂ ਅੱਖਾਂ ਖੋਲੋ ਲੱਗੇ ਹੁਣ ਵਕਤ ਹੈ ਕਹਿਰ ਦਾ।।

ਵਕਤ ਦੀ ਰਚਨਾ ਵਕਤ ਦੇ ਲੀਲਾ ਵਕਤ ਦੇ ਸਾਰੇ ਕੌਤਕ ਨੇ।
ਕੀਹਦੇ ਹੱਥ ਦੇਵੇ ਸ਼ਾਹੂਕਾਰੀ ਕਿਹਨੂੰ ਦੇਵੇ ਪਿਆਲਾ ਜ਼ਹਿਰ ਦਾ।।

ਵਕਤ ਚਲਾਵੇ ਤਾਂ ਅਸੀਂ ਚਲੀਏ ਰੁਕਣ ਨੂੰ ਕਹੇ ਤਾਂ ਅਸੀਂ ਰੁਕੀਏ।
ਅਸੀਂ ਵਕਤ ਦੇ ਗੋਲ਼ੇ ਕਰੀ ਜਾਣੇ ਆ ਸਾਮਾਨ ਇੱਕਠਾ ਕਹਿਰ ਦਾ।।

ਵਕਤ ਨਾਲ ਦਿਨ ਔਰ ਰਾਤ ਵਕਤ ਨਾਲ ਆਵੇ ਪਤਝੜ ਬਹਾਰ।
ਵਕਤ ਦੀ ਹਰ ਸ਼ੈ ਗ਼ੁਲਾਮ ਗ਼ੁਲਾਮੀ 'ਚ ਨਾ ਚੱਲੇ ਪਤਾ ਕਿਸੀ ਪਹਿਰ ਦਾ।।

ਵਕਤ ਕਦੇ ਨ ਰਹਿੰਦਾ ਇੱਕੋ ਜਿਹਾ ਇਹ ਸਦਾ ਰਹੇ ਹੈ ਬਦਲਦਾ।
ਗ਼ਮੀ ਖੁਸ਼ੀ ਦੇ ਦੇਵੇ ਝੋਕੇ ਸਵੇਰੇ ਹੋਰ ਤੇ ਰੰਗ ਹੋਵੇ ਹੋਰ ਦੁਪਹਿਰ ਦਾ।।

ਕੌਣ ਹੈ ਐਸਾ ਯੋਧਾ ਅਲੂਣਾ ਜੋ ਸਮੇਂ ਦੀ ਗਤੀ ਨੂੰ ਦੇ ਸਕੇ ਹਲੂਣਾ।
ਫੁਲ ਮਹਿਕਦੇ ਨੇ ਕੀ ਕਹਾਂ ਮੌਸਮਾਂ ਦੇ ਕਹਿਰ ਸੂਲਾਂ ਦੇ ਜ਼ਹਿਰ ਦਾ।।

**—ਗੁਰਿੰਦਰ ਗਿੱਲ**



## ਅੰਦਰ ਸ਼ਬਦ ਹੈ ਚਲਦਾ

ਕਦੇ ਪੱਥਰਾਂ ਅੱਗੇ ਸੀਸ ਨਾ ਨਿਵਾਇਆ ਕਰ,
ਬਸ ਤੂੰ ਉਸ ਰੱਬ ਸੱਚੇ ਨੂੰ ਧਿਆਇਆ ਕਰ।
ਦਰਦ ਸ਼ਿੱਦਤ ਨਾਲ ਨਿਭਾਈ ਕਿਓਂ ਜਾਣਾ ਏ,
ਕਦੇ ਝੂਠੀ ਮੂਠੀ ਦਿਲ ਨੂੰ ਪਰਚਾਇਆ ਕਰ।।

ਲੋਕੀਂ ਬੇਈਮਾਨ ਬੜੇ ਨੇ ਲੁੱਟਣ ਨੂੰ ਖੜੇ ਨੇ,
ਚੁੱਪ ਫੜ ਨ ਦਿਲ ਦਾ ਹਾਲ ਸੁਣਾਇਆ ਕਰ।
ਜ਼ਿੰਦਗੀ ਮੁਸ਼ਕਤਾਂ ਦਾ ਨਾਮ ਦੁਖਾਂ ਦਾ ਜਾਮ,
ਸਬਦੇ ਹੱਥੀਂ ਨਮਕ ਹੈ ਜ਼ਖਮ ਨ ਦਿਖਾਇਆ ਕਰ।।

ਯਾਰਾਂ ਖਾਤਿਰ ਨੀਲਾਮ ਹੋ ਆਪਣਾ ਮੁੱਲ ਗਵਾਉਣਾ,
ਬੇਕਦਰਾਂ ਦੀ ਦਹਿਲੀਜ਼ ਨ ਤੂੰ ਲੰਘ ਜਾਇਆ ਕਰ।
ਸ਼ਬਦੀਂ ਜਾਲ ਵਿਛਾ ਲਿਖਦਾ ਏ ਤੂੰ ਗ਼ਜ਼ਲ ਤੇਰੀ,
ਨ ਲੁਕਾਇਆ ਕਰ ਸੱਥ ਵਿਚ ਜਰੂਰ ਸੁਣਾਇਆ ਕਰ।।

ਮਾਲ ਖ਼ਜ਼ਾਨੇ ਸਾਂਭ ਬੈਠਾ ਹੈ ਤੂੰ ਮਲਕੜੇ ਹੀ ਧਰਤੀ ਦੇ,
ਚੁਕਾਉਣਾ ਪੈਂਦਾ ਏ ਤੂੰ ਮਿੱਟੀ ਦਾ ਕਰਜ਼ ਚੁਕਾਇਆ ਕਰ।
ਗ਼ਰਜ਼ਾਂ ਰਿਸ਼ਤੇ ਪੈਸਾ ਦੁਨੀਆਂ ਤੇ ਇਹਦੇ ਰਸਮ ਰਿਵਾਜ਼,
ਨਿਕਲ ਇਸ ਭੀੜ 'ਚ ਨ ਆਪਣਾ ਕਤਲ ਕਰਾਇਆ ਕਰ।।

ਪੜ੍ਹ ਜਾ ਭਾਂਵੇ ਤੂੰ ਚਾਰੇ ਵੇਦ ਗੀਤਾ ਕੁਰਾਨ ਗਰੰਥ,
ਸੱਚ ਦੀ ਹਾਮੀ ਭਰ ਝੂਠਿਆਂ ਨੂੰ ਮੂਹੰ ਨਾ ਲਾਇਆ ਕਰ।
ਮੜ੍ਹੀਆਂ ਬੁੱਤ ਨ ਪੂਜ ਤੂੰ ਰੱਖ ਬਸ ਇੱਕੋ ਖ਼ਸਮ ਖ਼ੁਦਾ,
ਅੰਦਰ ਸ਼ਬਦ ਹੈ ਚਲਦਾ ਓਥੇ ਬਿਰਤੀ ਲਾਇਆ ਕਰ।।

**—ਗੁਰਿੰਦਰ ਗਿੱਲ**

# ਰੱਬ ਵੀ ਮੈਥੋਂ ਕੀ ਚਾਹੁੰਦਾ ਏ

ਦਿਲ ਦੀਆਂ ਗੱਲਾਂ ਮੈਂ ਦਿਲ ਵਿਚ ਰੱਖਾਂ,
ਜਦ ਕੋਈ ਨ ਪੁੱਛੇ ਫਿਰ ਕੀਹਨੂੰ ਮੈਂ ਦੱਸਾਂ।
ਐਂਵੇ ਧੜ ਧੜ ਧੜਕੇ ਹਰ ਗੱਲ ਉੱਤੇ,
ਦੱਸ ਕਿੰਨਾ ਹੋਰ ਦਿਲ ਨੂੰ ਮੈਂ ਸਮਝਾਵਾਂ।।

ਰੁਕੇ ਨ ਦਿਲ ਦੀ ਪੀੜ ਉਜਾਗਰ ਹੋਵੇ,
ਰੋਵੇ ਦਿਲ ਹੰਝੂ ਭਰ ਭਰ ਰੋਵਣ ਅੱਖਾਂ।
ਦੁੱਧ ਦੇ ਜਲੇ ਲੱਸੀ ਫੂਕ ਫੂਕ ਪੀਈਏ,
ਸੁਪਨੇ ਪੂਰੇ ਹੁੰਦੇ ਨਹੀਂ ਚਾਹੇ ਕਿੰਨਾ ਧੋਵਾਂ।।

ਪਤਾ ਨੀ ਰੱਬ ਵੀ ਮੈਥੋਂ ਕੀ ਚਾਹੁੰਦਾ ਏ,
ਹਰ ਉਹ ਸੁਪਨਾ ਤੋੜੇ ਜਿਹੜਾ ਵੀ ਮੈਂ ਵੇਖਾਂ।
ਬਾਹਲਾ ਦੁੱਖ ਦੇਵੇ ਬੀਤੇ ਵੇਲੇ ਦਾ ਭਾਰ,
ਸਮਝ ਨ ਆਵੇ ਹੁਣ ਕਿਥੋਂ ਤਕ ਮੈਂ ਢੋਵਾਂ।।

ਕਰਦੇ ਮਾਨ ਲੋਕ ਰੁਪਈਆਂ ਦੀ ਥਈਆਂ ਦਾ,
ਨਾਲ ਤਕਦੀਰਾਂ ਸੁਖ ਮਿਲਦੇ ਕਿਵੇਂ ਸਮਝਾਵਾਂ।
ਕਹਿੰਦੇ ਰੋਣ ਨਾਲ ਦਰਦ ਘੱਟ ਜਾਂਦਾ ਏ,
ਕੋਈ ਨ ਮੇਰਾ ਦੱਸ ਕੀਹਦੇ ਗੱਲ ਲੱਗ ਰੋਵਾਂ।।

**—ਗੁਰਿੰਦਰ ਗਿੱਲ**



# ਨਾਗਾਂ ਤੋਂ ਵੱਧ ਜ਼ਹਿਰੀਲੀ ਦੁਨੀਆਂ

ਦੁੱਖ ਦਰਿਆ ਸਮੁੰਦਰ ਬਣ ਹੜਿਆ ਰੁੜ ਗਏ ਸਬ ਕਿਨਾਰੇ।
ਉਮੀਦਾਂ ਦੇ ਸਬ ਬੰਨ੍ਹ ਟੁੱਟ ਗਏ ਜਦ ਛੁੱਟ ਗਏ ਸਬ ਸਹਾਰੇ।।

ਚਲਾਕੀ ਕਰਦੀ ਦੁਨੀਆਂ ਨਾਲ ਕੀ ਮੇਰਾ ਦਰਦ ਵੰਡਾਉਣਾ ਏ।
ਜਿਹੜੇ ਨਾਲ ਮੈਂ ਦੁੱਖ ਫ਼ਰੋਲਾਂ ਓਹੀ ਮੇਹਣਿਆਂ ਦੇ ਪੱਥਰ ਮਾਰੇ।।

ਬਹੁਤ ਵਾਰੀ ਅਜ਼ਮਾਇਆ ਪਰ ਮੇਰੇ ਕੰਮ ਨ ਕੋਈ ਆਇਆ।
ਨਾਗਾਂ ਤੋਂ ਵੱਧ ਜ਼ਹਿਰੀਲੀ ਦੁਨੀਆਂ ਜਦ ਵੀ ਚਾਹੇ ਡੰਗ ਮਾਰੇ।।

ਦਿਲ ਕਰਦਾ ਏ ਭਰ ਕੇ ਆਹਾਂ ਹੌਕੇ ਦੁਨੀਆਂ ਨੂੰ ਫੂਕ ਮੁਕਾਵਾਂ।
ਆਪਣੇ ਮਤਲਬ ਪੂਰੇ ਹੋਵਣ ਤੇ ਜੋ ਲੱਗ ਜਾਂਦੀ ਏ ਕਿਨਾਰੇ।।

ਦੁੱਖ ਦਰਦ ਨਾ ਪਿੱਛਾ ਛੱਡੇ ਭਾਵੇਂ ਪਾ ਪਿਟਾਰੀ ਕੋਈ ਛੱਜੇ ਰੱਖੇ।
ਮਰਦਿਆਂ ਤੱਕ ਵੀ ਨਾ ਗੱਲੋਂ ਲੱਥਣ ਭਾਂਵੇ ਨ ਕੋਈ ਪੁਕਾਰੇ।।

ਗ਼ਮ ਮਾਰ ਮੁਕਾਉਂਦੇ ਨੇ ਫਿਰ ਭੀ ਦਿਲ ਨੂੰ ਭਰਮਾਉਂਦੇ ਨੇ।
ਦਿਲ ਦਾ ਰੋਗ ਅਵੱਲਾ ਪੀੜ੍ਹ ਨਿਆਰੀ ਖੌਫ਼ ਜੁਦਾਈ ਮਾਰੇ।।

ਕਲਮ ਨੂੰ ਖ਼ੂਨ ਦਾ ਵੱਤਰ ਲਾਵਾਂ ਫਿਰ ਕਾਗਜ਼ ਤੇ ਉਤਾਰਾਂ।
ਹਰਫ਼ ਮੇਰੇ ਅੱਡੀਆਂ ਚੁੱਕ ਵੇਖਣ ਕਿ ਬਈ ਸਾਨੂੰ ਕੋਈ ਪੁਕਾਰੇ।।

**—ਗੁਰਿੰਦਰ ਗਿੱਲ**

# ਉੜੇ ਐੜੇ ਵਾਲਾ ਕਾਇਦਾ

ਬਸਤਾ ਫੱਟੀ ਗਾਚੀ ਕਲਮ ਸਿਆਹੀ ਹੁੰਦੀ ਓਦੋਂ ਕੋਲ ਸੀ,
ਭੁੱਲ ਨਾ ਜਾਂਵੀਂ ਕਾਪੀ ਮੁੰਡਿਆਂ ਇਹੋ ਹੁੰਦੇ ਦਾਦੀ ਦੇ ਬੋਲ ਸੀ।
ਉੜੇ ਐੜੇ ਵਾਲਾ ਕਾਇਦਾ ਕਰਦਾ ਨਹੀਂ ਸੀ ਵਜ਼ਨ ਜ਼ਿਆਦਾ,
ਟੱਪਦੇ ਕੁੱਦਦੇ ਬੋਲਦੇ ਤੁਰੀ ਜਾਂਦੇ ਇਕ ਪਹਾੜੇ ਦੇ ਬੋਲ ਸੀ।।

ਸੱਸਾ ਸਲੇਟ ਹਾਹਾ ਹਾਥੀ ਕੱਕਾ ਕਲਮ ਤੇ ਖਖਾ ਖ਼ਰਗੋਸ਼,
ਗੱਗੇ ਤੋਂ ਗਾਉ ਮਾਤਾ ਘੱਗੇ ਤੋਂ ਘਰ ਹੁੰਦਾ ਜੋ ਅਨਮੋਲ ਸੀ।
ਚਚੇ ਤੋਂ ਚਾਚਾ ਪਿਆਰਾ ਜੋ ਕੰਧਾੜੇ ਚੁੱਕਦਾ ਸੀ ਦਿਨ ਸਾਰਾ,
ਨਾਂਹ ਨੁਕੜ ਨ ਕਦੇ ਕਰਦਾ ਪੁਗਾਉਂਦਾ ਆਪਣੇ ਬੋਲ ਸੀ।।

ਛਛਿਓ ਯਾਦ ਆਏ ਛੋਲਿਆਂ ਦੇ ਦਾਣੇ ਜੋ ਭੱਠੀ ਪੈਂਦੇ ਸੀ ਭੁਨਾਨੇ,
ਜੱਜੇ ਤੋਂ ਜਾਮਨੂੰ ਕੱਚੇ ਪੱਕੇ ਖਾ ਜਾਂਦੇ ਜੋ ਹੁੰਦੇ ਗੋਲ ਗੋਲ ਸੀ।
ਗਣਿਤ ਪੜ੍ਹਿਆ ਜਾਂਦਾ ਸੀ ਇਤਿਹਾਸ ਜਾਣਿਆ ਜਾਂਦਾ ਸੀ,
ਥੋੜੀ ਬਹੁਤੀ ਸਾਇੰਸ ਹਿੰਦੀ ਤੇ ਹੁੰਦਾ ਸੌਖਾ ਜਿਹਾ ਭੂਗੋਲ ਸੀ।।

ਨ ਚੁੱਕੇ ਅਸਾਂ ਬਸਤੇ ਭਾਰੇ ਅੱਧੀ ਛੁਟੀ ਖਾਂਦੇ ਸੀ ਰੋਟੀ ਸਾਰੇ,
ਕਿਤਾਬਾਂ ਵਰਦੀਆਂ ਮੁਫ਼ਤ ਗਿਆਨ ਹੁੰਦਾ ਬਿਨਾ ਮੋਲ ਸੀ।
ਮਾਤ ਬੋਲੀ 'ਚ ਅਸੀਂ ਸਾਂ ਪੜਦੇ ਹੱਥੀਂ ਛਾਂਵਾਂ ਸਾਂ ਰਹਿੰਦੇ ਕਰਦੇ,
ਸਿਖੀਆਂ ਹੋਰ ਵੀ ਭਾਸ਼ਾ ਪਰ ਪੰਜਾਬੀ 'ਚ ਹੀ ਕਰਦੇ ਕਲੋਲ ਸੀ।।

**—ਗੁਰਿੰਦਰ ਗਿੱਲ**



# ਸੂਖਮ ਬਲਾਤਕਾਰ

ਖਾਲੀ ਜਿਸਮਾਂ ਦਾ ਜ਼ਬਰ ਜਨਾਹ ਕਰਨਾ ਹੀ,
ਕੋਈ ਬਲਾਤਕਾਰ ਨਹੀਂ ਹੈ ਅਖਵਾਉਂਦਾ।
ਸਗੋਂ ਕਾਮ ਵਾਸਨਾ ਭਰੀਆਂ ਨਜ਼ਰਾਂ ਨਾਲ,
ਤੱਕਣਾ ਵੀ ਤਾਂ ਬਲਾਤਕਾਰ ਹੀ ਹੈ ਹੁੰਦਾ।।

ਜਦੋਂ ਵੀ ਵਾਸ਼ਨਾ ਦੇ ਗਰਮ ਬੁੱਲੇ ਵੱਗਦੇ ਨੇ,
ਕੋਮਲ ਸ਼ਰੀਰਾਂ ਦੇ ਲਈ ਜ਼ੁਲਮ ਜਿਹੇ ਲੱਗਦੇ ਨੇ।
ਅੱਧਖਿੜੀਆਂ ਕਲੀਆਂ ਦੀ ਚੀਖ ਅੰਦਰ ਅੰਦਰ,
ਹੀ ਦੱਬ ਜਾਵੇ ਤਾਂ ਬਲਾਤਕਾਰ ਹੀ ਹੈ ਹੁੰਦਾ।।

ਕਦੇ ਤਾਂ ਦਫਤਰ ਦੀ ਚਾਰਦੀਵਾਰੀ ਅੰਦਰ,
ਤੇ ਕਦੇ ਖੁੱਲ੍ਹੇ ਮੈਦਾਨ 'ਚ ਬਣ ਬੈਠੇ ਬਾਂਦਰ।
ਕੋਮਲ ਕਲੀਆਂ ਦੇ ਜਿਸਮਾਂ ਨੂੰ ਫਿਰੇ ਨਾਪਦਾ,
ਸਿਆਣਾ ਇਹਨੂੰ ਬਲਾਤਕਾਰ ਹੀ ਹੈ ਕਹਿੰਦਾ।।

ਰੂਹ ਕੁਮਲਾਵੇ ਦੌਲਤਾਂ ਨਾਲ ਜੋ ਵਿਆਹੀ ਜਾਇ,
ਹਵਸ ਹੱਥੋਂ ਇੱਜ਼ਤ ਲੀਰੋ ਲੀਰ ਕਰਾਈ ਜਾਇ।
ਫਿਰ ਰੂਹਾਂ ਦਾ ਕੁਮਲਾਉਣਾ ਜੀਂਦੇ ਜੀ ਮਰਨਾ,
ਕਬਰ 'ਚ ਨ ਪੈਣਾ ਇਹ ਵੀ ਬਲਾਤਕਾਰ ਹੀ ਹੈ ਹੁੰਦਾ।।
ਸਫਰ ਕਰਨਾ ਤੇ ਨਿਗਾਹਾਂ ਦਾ ਸ਼ਿਕਾਰ ਬਣਨਾ,
ਬਲਦੇ ਜਿਸਮ ਦਾ ਫਿਰ ਸੜਨਾ ਤੇ ਠੰਡਾ ਪੈਣਾ।
ਠੰਡੇ ਪਏ ਜਿਸਮ ਦਾ ਫਿਰ ਭੰਬੜ੍ਹ ਬਣ ਮੱਚਣਾ,
ਕੁਝ ਕਰ ਨ ਸਕਣਾ ਬਲਾਤਕਾਰ ਹੀ ਹੈ ਹੁੰਦਾ।।

ਸਿਰ ਦੇ ਸਾਈਂ ਦਾ ਖੁਸਣਾ ਆਸਾਂ ਦਾ ਕਤਲ ਹੋਣਾ,
ਪਰਾਏ ਮਰਦ ਦੇ ਅਰਪਣ ਹੋਣਾ ਤਿਲ ਤਿਲ ਮਰਨਾ।
ਵਿਧਵਾ ਤਲਾਕਸ਼ੁਦਾ ਦਾ ਜਦ ਜੀਣਾ ਹਰਾਮ ਹੁੰਦਾ ਏ,
ਆਤਮਾ ਤੇ ਪੈਣ ਝਰੀਟਾਂ ਤਾਂ ਬਲਾਤਕਾਰ ਹੀ ਹੈ ਹੁੰਦਾ।

ਕਦਮ ਕਦਮ ਹਰ ਘੜੀ ਸੂਖਮ ਬਲਾਤਕਾਰ ਹੁੰਦੇ ਨੇ,
ਬਣੇ ਸੁਰਖੀ ਅਖਬਾਰਾਂ ਦੀ ਨਾ ਕਾਨੂੰਨ ਸਾਹਵੇਂ ਆਉਂਦੇ ਨੇ।
ਰਹਿ ਲਫ਼ਜ਼ਾਂ ਦੀ ਕੈਦ 'ਚ ਮੈਥੋਂ ਵਰਨਣ ਨਹੀਂ ਹੈ ਹੁੰਦਾ,
ਕੀ ਮਰਦ ਦੀਆਂ ਨਜ਼ਰਾਂ 'ਚ ਇਹ ਬਲਾਤਕਾਰ ਨਹੀਂ ਹੈ ਹੁੰਦਾ।।

**—ਗੁਰਿੰਦਰ ਗਿੱਲ**



# ਕਾਫ਼ਿਰ ਬਣ ਰੱਬ ਨੂੰ

ਪੱਥਰ ਦਿਲ ਪੱਥਰ ਦੀ ਇਸ ਦੁਨੀਆਂ ਅੰਦਰ,
ਤੂੰ ਕਾਹਤੋਂ ਫਿਰੇ ਬਾਹਲੇ ਯਾਰ ਬਣਾਉਂਦਾ ਏ।
ਜਿੰਦਾ ਦਿਲ ਇਨਸਾਨਾਂ ਅੰਦਰ ਦਿਲ ਈ,
ਨਹੀਂ ਤੂੰ ਕਾਹਤੋਂ ਫਿਰੇ ਯਾਰ ਅਜ਼ਮਾਉਂਦਾ ਏ।।

ਪੱਥਰਾਂ ਨੂੰ ਤਰਾਸ਼ ਸੋਹਣੀ ਮੂਰਤੀ ਤਰਾਸ਼ਨੀ,
ਕੰਮ ਏ ਕਲਾਕਾਰਾਂ ਦਾ ਜੋ ਤੈਨੂੰ ਨਹੀਂ ਆਉਂਦਾ ਏ।
ਹਮਦਰਦੀ ਤੇਰੀ ਮਾਰ ਦਿਉਗੀ ਡੋਬ ਦਿਉਗੀ,
ਤੂੰ ਕਾਹਤੋਂ ਫਿਰੇ ਸੱਪਾਂ ਨੂੰ ਦੁੱਧ ਪਿਆਉਂਦਾ ਏ।।

ਦੱਸ ਹੁਣ ਇਸ ਸਮੇਂ 'ਚ ਕੌਣ ਤੇਰੀ ਸੁਣਦਾ ਏ,
ਜੱਗ ਹੈ ਅੰਨਾ ਬੋਲਾ ਤੂੰ ਕਿਓਂ ਦਰਦ ਸੁਣਾਉਂਦਾ ਏ।
ਔਗੁਣ ਸਾਰੇ ਚੁਣ ਲੈਂਦਾ ਏ ਪਾਪ ਧੋ ਦੇਂਦਾ ਏ,
ਕਾਫ਼ਿਰ ਬਣ ਰੱਬ ਨੂੰ ਕਾਹਤੋਂ ਨਹੀਂ ਧਿਆਉਂਦਾ ਏ।।

ਕਿੱਦਾਂ ਪੁਗੁ ਆਸ ਤੇਰੀ ਕਿੱਦਾਂ ਭਰੂ ਭੜੋਲੀ ਤੇਰੀ,
ਵਤਰ ਹੋਈ ਜ਼ਮੀਨ ਵੀ ਤੂੰ ਜਾਕੇ ਨਹੀਂ ਵਾਹੁੰਦਾ ਏ।
ਅੰਦਰ ਹਨੇਰਾ ਏ ਪਰ ਨਾਮ ਦਾ ਦੀਵਾ ਬਲਦਾ ਏ,
ਇਹ ਪੈਂਡਾ ਏਨਾ ਔਖਾ ਨਹੀਂ ਕਾਹਤੋਂ ਤੂੰ ਘਬਰਾਉਂਦਾ ਏ।।

ਗੁਰੂ ਬਿਨਾ ਗਤ ਨਹੀਂ ਸ਼ਾਹ ਬਿਨਾ ਪਤ ਨਹੀਂ,
ਮੁਰਸ਼ਿਦ ਹੀ ਅਖੀਰ ਬੇੜ੍ਹਾ ਪਾਰ ਲਗਾਉਂਦਾ ਏ।
ਮੰਨਿਆ ਏ ਮੰਜ਼ਿਲ ਸੌਖੀ ਨਹੀਂ ਬੜੀ ਈ ਔਖੀ ਏ,
ਰੱਖ ਵਿਸ਼ਵਾਸ਼ ਤੂੰ ਆਖਿਰ ਓਹੀ ਰਾਹ ਰੁਸ਼ਨਾਉਂਦਾ ਏ।।

**—ਗੁਰਿੰਦਰ ਗਿੱਲ**

# ਧੁਰ ਤੋਂ ਸਾਡੇ ਲੇਖਾਂ 'ਚ ਸੀ ਲਿਖੀ

ਇਸ਼ਕ ਮੇਰੇ ਨੇ ਕਿਵੇਂ ਮਰ ਮਰ ਹੰਢਾਈ ਅਜ਼ਲਾਂ ਤੋਂ ਤਨਹਾਈ।
ਪੱਥਰ ਬਣ ਗਏ ਨੈਣ ਵਿਚਾਰੇ ਵਸਲ ਵਾਲੀ ਰਾਤ ਨਾ ਆਈ।।

ਚਾਹੇ ਤੂੰ ਇਨਕਾਰ ਕਰ ਮੈਂ ਮੁਜ਼ਰਿਮ ਨਹੀਂ ਤੂੰ ਏਤਬਾਰ ਕਰ।
ਸਜ਼ਾ ਤੂੰ ਦਿੱਤੀ ਅਸਾਂ ਹੈ ਝੱਲੀ ਰੂਹ ਮੇਰੀ ਵੀ ਹੈ ਤੂੰ ਤੜਪਾਈ।।

ਰੋਈ ਨਾ ਮੈਂ ਕਦੇ ਮੋਈ ਨਾ ਤੇਰੀ ਵੀ ਸੱਜਣਾ ਮੈਂ ਕਦੇ ਹੋਈ ਨਾ।
ਤੇਰੇ ਮੇਰੇ ਬਾਰੇ ਕੋਈ ਨ ਜਾਣੇ ਪਰ ਚੰਨ ਤਾਰੇ ਭਰਦੇ ਗਵਾਈ।।

ਇਸ਼ਕ ਲੁਕੋ ਲੁਕੋਕੇ ਰੱਖਾਂ ਇਸ਼ਕਃ ਮੇਰੇ ਤੇ ਨੇ ਜੱਗ ਦੀਆਂ ਅੱਖਾਂ।
ਨਾਲ ਮੇਰੇ ਜਦ ਨਾ ਤੂੰ ਤੁਰਿਓਂ ਦੱਸ ਕਿੱਦਾਂ ਤੁਰਦੀ ਮੇਰੀ ਪਰਛਾਈ।।

ਸੱਧਰਾਂ ਦੀ ਬੰਜਰ ਇਸ ਧਰਤੀ ਉਤੇ ਰੁੱਖ ਇਸ਼ਕ ਦੇ ਲਾ ਲਾ ਥੱਕੇ।
ਅਰਜ਼ਾਂ ਲਾ ਲਾ ਅਸੀਂ ਥੱਕੇ ਦਰ ਤੇਰੇ ਤੋਂ ਹੋ ਨ ਸਕੀ ਕੋਈ ਸੁਣਵਾਈ।।

ਪਿਆਰ ਪ੍ਰੀਤ ਦਾ ਫੰਡਿਆ ਹੋਇਆ ਦੁੱਖ ਦਰਦ 'ਚ ਵੰਡਿਆ ਹੋਇਆ।
ਦਮ ਘੁੱਟ ਚਲਿਆ ਏ ਦਿਲ ਦੇ ਚਾਵਾਂ ਦੇ ਇਹ ਦੇਂਦਾ ਫਿਰੇ ਦੁਹਾਈ।।

ਲੱਗਦਾ ਹੈ ਇਹ ਸਾਡੇ ਨਾਲ ਹੀ ਹੈ ਜੰਮੀ ਨਾਲ ਈ ਕਬਰੀਂ ਜਾਊ।
ਧੁਰ ਤੋਂ ਸਾਡੇ ਲੇਖਾਂ 'ਚ ਸੀ ਲਿਖੀ ਕਿ ਅਸੀਂ ਆਪ ਹੀ ਸੀ ਲਿਖਾਈ।।

**—ਗੁਰਿੰਦਰ ਗਿੱਲ**



# ਕੀ ਬਾਤਾਂ ਪਾਵਾਂ ਕੱਲੀਆਂ ਰਾਤਾਂ ਦੀ

ਤੇਰੇ ਬਾਝੋਂ ਦਿਲ ਦਾ ਵੇਹੜਾ ਉਜੜਿਆ ਜਿੰਦ ਸੁਨਸਾਨ ਹੋ ਗਈ।
ਦਰਦ ਦੇ ਇਹਸਾਸ ਪਾਕੇ ਦਿਲ ਦੀ ਬਗ਼ੀਚੀ ਸ਼ਮਸ਼ਾਨ ਹੋ ਗਈ।

ਹੋਠਾਂ ਉੱਤੇ ਚੁੱਪ ਦਾ ਡੇਰਾ ਪਿਆਰ ਤੇਰੇ ਦੀ ਜ਼ੰਜ਼ੀਰ ਵਿਚ ਹੈ ਪੈਰਾਂ।
ਤੇਰੀਆਂ ਰੁਸਵਾਈਆਂ ਦਾ ਲੱਗਾ ਡੇਰਾ ਪੀੜ ਹੋਰ ਜਵਾਨ ਹੋ ਗਈ।।

ਡੂੰਗੀਆਂ ਸੋਚਾਂ ਵਿਚ ਜੀ ਘਬਰਾਉਂਦਾ ਏ ਕਾਬੂ ਮੇਰੇ ਨ ਆਉਂਦਾ ਏ।
ਸੁਖ ਦੀਆਂ ਹਵਾਵਾਂ ਰੁੱਖ ਬਦਲੇ ਜ਼ਮੀਨ ਖ਼ਾਬਾਂ ਦੀ ਵੀਰਾਨ ਹੋ ਗਈ।।

ਅੱਖਾਂ ਸੁੱਕੀਆਂ ਗੱਲਾਂ ਨਾ ਭੂਲੀਆਂ ਨੇ ਤਕਦੀਰਾਂ ਵੀ ਰੁਲੀਆਂ ਨੇ।
ਚਾਵਾਂ ਦੀਆਂ ਅੱਖੀਆਂ ਫਿਰੀਆਂ ਜ਼ਿੰਦਗੀ ਜੀਣ ਤੋਂ ਬੇਧਿਆਨ ਹੋ ਗਈ।।

ਮੇਰੇ ਅਰਮਾਨ ਤੈਨੂੰ ਲੱਭਦੇ ਨੇ ਲੋਕੀਂ ਵੀ ਅਜੀ ਪਜੀ ਤੇਰਾ ਪੁੱਛਦੇ ਨੇ।
ਜਿੱਦਾਂ ਈ ਤਾਰਾ ਆਸ ਦਾ ਡੁਬਿਆ ਨਗਰੀ ਖ਼ਾਬਾਂ ਵਾਲੀ ਵੀਰਾਨ ਹੋ ਗਈ।।

ਕੋਈ ਸੱਜਣ ਬੇਲੀ ਨਾ ਕੋਈ ਆਵੇ ਸੁਖ ਦਾ ਸਾਹ ਕਿਹੜਾ ਤੱਕਾਂ ਰਾਹ।
ਇੰਝ ਕੀਤਾ ਏ ਤੂੰ ਬੇਗਾਨਾ ਮੈਨੂੰ ਦੁਨੀਆ ਵਲੋਂ ਵੀ ਮੈਂ ਬੇਧਿਆਨ ਹੋ ਗਈ।।

ਗ਼ਲਤੀ ਨਹੀਂ ਹਾਲਾਤਾਂ ਦੀ ਮੈਥੋਂ ਹੀ ਤੌਹੀਨ ਹੋਈ ਏ ਮੇਰੇ ਜ਼ਜ਼ਬਾਤਾਂ ਦੀ।
ਕੀ ਬਾਤਾਂ ਪਾਵਾਂ ਕੱਲੀਆਂ ਰਾਤਾਂ ਦੀ ਜਦ ਤਨਹਾਈ ਮੇਹਰਬਾਨ ਹੋ ਗਈ।।

**—ਗੁਰਿੰਦਰ ਗਿੱਲ**

# ਓਹਨਾ ਦੇ ਪਾਏ ਪੂਰਨਿਆਂ ਤੇ

ਹੋਣਾ ਬੇਸ਼ੁਕਰਾ ਕਿਉਂ ਬਣ ਚੁਕੀ ਏ ਇੱਕ ਆਦਤ ਤੇਰੀ,
ਕਦੇ ਤਾਂ ਤੂੰ ਉਹਦਾ ਸ਼ੁਕਰੀਆ ਅਦਾ ਕਰ ਲਿਆ ਕਰ।
ਫਰੇਬੀ ਇਕਰਾਰ ਤੇਰਾ ਹਰ ਪਲੜੇ ਝੂਠ ਦਾ ਵਿਉਪਾਰ ਤੇਰਾ,
ਕਦੇ ਹਾਜ਼ਿਰ ਨਾਜਿਰ ਕਰ ਓਹਨੂੰ ਸੱਚਾ ਸੌਦਾ ਤੋਲ ਲਿਆ ਕਰ।।

ਬਣ ਬੇ-ਹਿੰਮਤਾ ਨਾ ਬਹਿ ਨ ਕਰ ਸ਼ਿਕਵਾ ਤੂੰ ਮੁਕੱਦਰਾਂ ਦਾ,
ਪਾੜ੍ਹ ਕੇ ਸੀਨਾ ਹਨ੍ਹੇਰਿਆਂ ਦਾ ਤੂੰ ਝਾਤੀ ਅੰਦਰ ਮਾਰਲਿਆ ਕਰ।
ਮਾਲਿਕ ਜਾਣੇ ਕਿਹੜੇ ਵਣ ਦੀ ਮਿੱਟੀ ਕਿਥੇ ਉਸ ਲੈ ਜਾਣੀ ਏ,
ਅੱਖਾਂ ਬੱਧੇ ਢੱਗੇ ਵਾਂਗੂੰ ਨਾ ਵਗੀ ਜਾ ਪੱਟੀ ਨੂੰ ਤੂੰ ਲਾਹ ਲਿਆ ਕਰ।।

ਜੇ ਮੰਜ਼ਿਲ ਉਤੇ ਪਹੁੰਚਣਾ ਏ ਫੱਟੀ ਆਪਣੇ ਨਾਮ ਦੀ ਗੱਡਣੀ ਏ,
ਫਿਰ ਤੱਕ ਨਾ ਹੋਰਾਂ ਵੱਲ ਨਕਸ਼ਾ ਸਫ਼ਰਾਂ ਦਾ ਬਣਾ ਲਿਆ ਕਰ।
ਕਹਿਣ ਵਾਲੇ ਕਹਿ ਗਏ ਨੇ ਸਾਨੂੰ ਸੱਚ ਹੱਕ ਦੇ ਰਸਤੇ ਪਾ ਗਏ ਨੇ,
ਉਨ੍ਹਾਂ ਦੇ ਪਾਏ ਪੂਰਨਿਆਂ ਤੇ ਤੂੰ ਵੀ ਤਾਂ ਬੰਦਿਆ ਤੁਰ ਲਿਆ ਕਰ।।

ਕਰ ਗਿਣਤੀ ਲਹਿਰਾਂ ਦੀ ਕਦੇ ਸਮੁੰਦਰ ਫੋਲਿਆ ਤੇ ਜਾਣਾ ਨਹੀਂ,
ਜੇ ਲੱਭਣਾ ਏ ਸੀਪ ਦਾ ਮੋਤੀ ਤਾਂ ਸ਼ਬਦ ਅੰਦਰ ਡੁਬਕੀ ਲਾ ਲਿਆ ਕਰ।
ਭਾਂਵੇ ਵਹਿਣ ਇਸ਼ਕ ਦੇ ਨੇ ਡੂੰਘੇ ਡਾਢੇ ਪਾਰ ਕਰਨਾ ਹੈ ਹੱਥ ਅਸਾਡੇ,
ਕੰਢੇ ਬਹਿ ਕੁਝ ਨਹੀਂ ਹੋਣਾ ਤੂੰ ਇਸ਼ਕ ਝਨਾਂ ਵਿਚ ਤਾਰੀ ਲਾ ਲਿਆ ਕਰ।।

**—ਗੁਰਿੰਦਰ ਗਿੱਲ**



# ਰੂਹ ਦਾ ਦਾਅਵੇਦਾਰ ਤੂੰਹੀ ਹੈ

ਪੜ੍ਹ ਨਾਮ ਤੇਰਾ ਕਿੰਨੀਆਂ ਤਸਬੀਆਂ ਫੇਰਾਂ ਤੇ ਕਿੰਨੇ ਕੁ ਰੋਜ਼ੇ ਮੈਂ ਰੱਖਾਂ,
ਬਖਸ਼ ਮੈਂ ਹਾਂ ਬਾਸ਼ਿੰਦਾ ਤੇਰਾ ਭਾਂਵੇ ਦਰ ਤੇਰੇ ਸਜਦਾ ਕਰਦੇ ਨੇ ਲੱਖਾਂ।

ਸੰਗ ਗੁਲਾਬਾਂ ਮਿਲਦੇ ਖਾਰ ਖੰਜਰ ਵੀ ਲੋਕ ਕਰਦੇ ਸੀਨੀਓ ਪਾਰ,
ਹੱਥ ਜ਼ਹਿਰ ਪਿਆਲਾ ਲੈ ਖੜੀ ਹੈ ਦੁਨੀਆਂ ਜਿਸਨੂੰ ਰੋਜ਼ ਮੈਂ ਚੱਖਾਂ।

ਦਰਦ ਹੰਝੂਆਂ ਤੋਂ ਵੱਡਾ ਮੇਰਾ ਇਸ਼ਕ ਮੁਕੰਮਲ ਨਾ ਹੋਇਆ ਮੇਰਾ,
ਵਹਿਣ ਇਸ਼ਕ ਦੇ ਡਾਢੇ ਡੂੰਘੇ ਕੱਚਿਆਂ ਤੇ ਤਰ ਤੇਰੇ ਤਾਈਂ ਮੈਂ ਪੁੱਜਾਂ।

ਅੱਖਾਂ ਛੇੜਣ ਚੁੱਪ ਨੇ ਬਿਆਨੀ ਏ ਸਮਝੇ ਕੋਈ ਵਿਰਲਾ ਗਿਆਨੀ ਏ,
ਅਜ਼ਬ ਦਾਸਤਾਨ ਤੇਰੇ ਨਾਮ ਦੀ ਮੈਂ ਕਰਾਂ ਬਿਆਨ ਵਿਚ ਜਾ ਜਾ ਸੱਥਾਂ।

ਨਾ ਮੈਂ ਲਾਇਕ ਤੇਰੇ ਵਸਲ ਦੇ ਨ ਜਾਇ ਮੈਥੋਂ ਤੇਰਾ ਵਿਛੋੜਾ ਝੱਲਿਆ,
ਕੰਨ ਪੈਗ਼ਾਮ ਸੁਣੀਂਦੇ ਨ ਤੇਰੇ ਤੱਕ ਤੱਕ ਰਾਹ ਤੇਰਾ ਥੱਕੀਆਂ ਨੇ ਅੱਖਾਂ।

ਤੈਨੂੰ ਕੋਈ ਸੇਕ ਨ ਲੱਗਾ ਦਿੱਖੇ ਮੇਰਾ ਤਨਿ ਇਸ ਇਸ਼ਕ ਜਲਾਇਆ,
ਦੁੱਖ ਕਜ਼ੀਏ ਸੁਨ ਸੁਨ ਲੋਕੀਂ ਸੱੜ ਗਏ ਮੈਂ ਫਿਰ ਵੀ ਨਾ ਪਾਸਾ ਵੱਟਾਂ।

ਦੁਨੀਆਂ ਨੇ ਗੱਲ ਦੱਸੀ ਛਲਾਵਾ ਏ ਦੁਨੀਆਂ ਕਦੇ ਹਾਸਿਲ ਨ ਹੁੰਦੀ,
ਰੂਹ ਦਾ ਦਾਅਵੇਦਾਰ ਤੂੰਹੀ ਹੈ ਤੇਰੇ ਨਾਮ ਦੀਆਂ ਪੂਣੀਆਂ ਹੀ ਮੈਂ ਕੱਤਾਂ।

**—ਗੁਰਿੰਦਰ ਗਿੱਲ**

# ਬੇਕਰਾਰੀ ਗ਼ਮਖ਼ੁਆਰੀ ਸਲ ਫ਼ਿਰਾਕ ਤੇਰੇ 'ਚ

ਮੁਸ਼ਕਿਲ ਹੈ ਪਰ ਦਰਿਆ ਏ ਇਸ਼ਕ ਜਦ ਤਰਨਾ ਪੈਂਦਾ ਏ,
ਕਦੇ ਕਦੇ ਤਾਂ ਆਪਣੇ ਹੱਥੀਂ ਖਾਕੇ ਮਹੁਰਾ ਵੀ ਮਰਨਾ ਪੈਦਾ ਏ।

ਜਦ ਮਾਂ ਦੇ ਪੈਰੀਂ ਹੈ ਜੰਨਤ ਕਾਹਤੋਂ ਮੰਗਦਾ ਬਾਹਰੋਂ ਮੰਨਤ ਹੈ,
ਰੱਬ ਮੰਦਿਰ ਨ ਮਸੀਤੇ ਓਹਨੂੰ ਤਾਂ ਅੰਦਰੋਂ ਹੀ ਲੱਭਣਾ ਪੈਂਦਾ ਏ।

ਕਦੇ ਕੋਈ ਨਾਲ ਨਹੀਂ ਬਹਿੰਦਾ ਦਿੱਤੇ ਗ਼ਮ ਵੀ ਵਾਪਸ ਨਹੀਂ ਲੈਂਦਾ,
ਬਣੇ ਜੋ ਕਿਬਲਾ ਜਾਨ ਦਾ ਫਿਰ ਅੱਗੇ ਓਹਦੇ ਝੁਕਣਾ ਪੈਂਦਾ ਏ।

ਯਾਦ ਤੂੰ ਆਉਂਦਾ ਰਹੇਂ ਪਲ ਪਲ ਮੈਂ ਜ਼ਖਮ ਕੁਰੇਦਦਾ ਰਹਿੰਦਾ ਹਾਂ,
ਮਲ੍ਹਮ ਮਿਲੇ ਤਾਂਵੀ ਲਾਉਂਦਾ ਨਹੀਂ ਜ਼ਖ਼ਮ ਨੂੰ ਅੱਲੇ ਰੱਖਣਾ ਪੈਂਦਾ ਏ।

ਕੁੱਖਾਂ ਵਿੱਚ ਧੀਆਂ ਮਾਰੀ ਜਾਂਦੇ ਨੇ ਨਿਤ ਰੁੱਖਾਂ ਨੂੰ ਵੀ ਕੱਟਦੇ ਜਾਂਦੇ ਨੇ,
ਦੌਲਤ ਦੇ ਲੋਭੀਆਂ ਸੰਗ ਸਬਨੂੰ ਫਿਰ ਕਹਿਰ ਕੁਦਰਤ ਝੱਲਣਾ ਪੈਂਦਾ ਏ।

ਵਿੱਚ ਜ਼ਿੰਦਗੀ ਦੇ ਮੋੜ ਅਜਿਹੇ ਵੀ ਆਉਂਦੇ ਨੇ ਜੋ ਮਾਸਾ ਨੀ ਭਾਉਂਦੇ ਨੇ,
ਨ ਚਾਹੁੰਦੇ ਹੋਏ ਦੋਸਤ ਬਣੇ ਦੁਸ਼ਮਣ ਦਾ ਵੀ ਪਾਣੀ ਭਰਨਾ ਪੈਂਦਾ ਏ।

ਲੱਖ ਸੰਵਾਰਾਂ ਰਾਤਾਂ ਨ ਸੰਵਰਦੀਆਂ ਨ ਦੇ ਦੁਆਵਾਂ ਲੰਬੀ ਉਮਰ ਦੀਆਂ,
ਬੇਕਰਾਰੀ ਗ਼ਮਖ਼ੁਆਰੀ ਸਲ ਫ਼ਿਰਾਕ ਤੇਰੇ 'ਚ ਨਿਤ ਮਰਨਾ ਪੈਂਦਾ ਏ।

**—ਗੁਰਿੰਦਰ ਗਿੱਲ**



# ਮਿਲੇਗਾ ਸ਼ਬਦ ਸੁਰੂਰੀ ਨਾਲ

ਰੋਜ਼ ਮੈਂ ਵੀ ਜਾਵਾਂ ਮੰਦਿਰ ਆਪਣੇ,
ਤੂੰ ਵੀ ਜਾ ਮਸੀਤੇ ਮਗ਼ਰੂਰੀ ਨਾਲ।
ਨਾ ਮੈਂ ਤੋੜਾਂ ਮਸੀਤ ਨ ਤੂੰ ਤੋੜੇ ਮੰਦਿਰ,
ਰਹੀਏ ਇਕ ਦੂਜੇ ਦੀ ਮਨਜ਼ੂਰੀ ਨਾਲ।

ਤੂੰ ਜੋ ਖਾਵੇਂ ਤੇ ਓਹੀਓ ਮੈਂ ਵੀ ਖਾਵਾਂ,
ਦੁੱਧ ਹੋਵੇ ਤੇ ਭਰਿਆ ਛੰਨਾ ਚੂਰੀ ਨਾਲ,
ਇਕੱਲੇ ਇਕੱਲੇ ਕਦੇ ਰਹਿ ਨਹੀਂ ਹੁੰਦਾ,
ਗੱਲ ਬਣਦੀ ਨਾ ਛਵੀ ਅਧੂਰੀ ਨਾਲ।

ਸਾਡਾ ਲਹੂ ਡੁੱਲਿਆ ਅਸਾਂ ਨ ਭੁੱਲਿਆ,
ਧਰਤੀ ਆਜ਼ਾਦ ਹੋਈ ਏ ਰੰਗ ਸਿੰਦੂਰੀ ਨਾਲ।
ਫਿਰ ਵੀ ਸਭ ਮੈਂ ਮੈਂ ਹੀ ਕਰਦੇ ਫਿਰਦੇ ਹਾਂ,
ਕੁਝ ਨ ਵੱਸ ਸਾਡੇ ਹੋਵੇ ਓਹਦੀ ਮਨਜ਼ੂਰੀ ਨਾਲ।

ਮੈਨੂੰ ਰਹੇ ਸਤਾਉਂਦਾ ਦੁੱਖ ਮਜ਼ਦੂਰ ਦਾ,
ਕਿਵੇਂ ਟਾਪਾਵੇ ਡੰਗ ਆਪਣਾ ਮਜ਼ਦੂਰੀ ਨਾਲ।
ਮੇਰਾ ਇਕ ਇਕ ਸ਼ੇਅਰ ਪੜ੍ਹ ਕੇ ਦੇਖ ਲਉ,
ਮਰਜ਼ੀ ਲਿਖਾਂ ਨਹੀਂ ਲਿਖਦਾ ਮਨਜ਼ੂਰੀ ਨਾਲ।

ਜੋ ਮੈਂ ਕਹਾਂ ਪੱਥਰ ਉੱਤੇ ਲਕੀਰ ਸਮਝ ਲੈ ਤੂੰ,
ਮਿਲਦਾ ਨਹੀਓਂ ਦੁਨੀਆਂ ਦੀ ਜੀ ਹੁਜ਼ੂਰੀ ਨਾਲ।
ਓਹਦੇ ਨਾਮ ਦੇ ਦਿਲ ਉੱਤੇ ਤੂੰ ਹਰਫ਼ ਖ਼ੁਰਚ ਲੈ,
ਮਹਾਸੁਣੰ 'ਚ ਮਿਲੇਗਾ ਪਰ ਸ਼ਬਦ ਸੁਰੂਰੀ ਨਾਲ।

**—ਗੁਰਿੰਦਰ ਗਿੱਲ**

# ਈਦ ਤੇ ਵੀ ਨ ਡਿੱਠਾ ਚੰਨ

ਕਿਵੇਂ ਘੜੀ ਪਲ ਵਿੱਚ ਸਾਨੂੰ ਲੁੱਟ ਕੇ ਲੈ ਗਈਆਂ ਨੇ,
ਦਿਨੇ ਸੁਪਨੇ ਦਿਖਾਉਂਦੀਆਂ ਤਰਕੀਬਾਂ ਯਾਰ ਦੀਆਂ,
ਆਪੇ ਹੀ ਉਹ ਡੁਬੋ ਗਏ ਨੇ ਚੱਪੂ ਚਲਾਉਣ ਵਾਲੇ।
ਚੰਗੀਆਂ ਭਲੀਆਂ ਚਲਦੀਆਂ ਨੌਕਾ ਪਿਆਰ ਦੀਆਂ॥

ਤੋੜ ਗਿਆ ਰਿਸ਼ਤੇ ਨਾਤੇ ਖੂਹੀਂ ਪੈ ਗਏ ਸਾਰੇ ਖਾਤੇ,
ਚੋਟਾਂ ਕਿਵੇਂ ਦਿਖਾਵਾਂ ਦਿੱਤੀਆਂ ਉਸ ਖ਼ਾਰ ਦੀਆਂ।
ਜਾਣੇ ਕੀ ਹਿਸਾਬ ਕਿਤਾਬ ਹੈ ਲਾਇਆ ਉਹਨੇ,
ਗਣਿਤ ਕਿਤਾਬਾਂ ਪੜ੍ਹੀਆਂ ਖੌਰੇ ਕਿਸ ਪਾਰ ਦੀਆਂ॥

ਦਿਲ ਓਹਦਾ ਦੀਵਾਨਾ ਹੈ ਭਾਂਵੇ ਦੀਦ ਨ ਹੋਵੇ,
ਦੀਦ ਹੋਵੇ ਫਿਰ ਅੱਖੀਆਂ ਸੀਨੇ ਨੂੰ ਠਾਰ ਦੀਆਂ।
ਦਿਲ ਦੇ ਪਤਾ ਨਹੀਂ ਕਿੰਨੇ ਟੁਕੜੇ ਹੋਈ ਜਾਂਦੇ ਨੇ,
ਬਿਨ ਤੇਰੇ ਦੇਖ ਮਸਤਾਨੀਆਂ ਰੁੱਤਾਂ ਬਹਾਰ ਦੀਆਂ॥

ਪਤਾ ਨੀ ਕਿਵੇਂ ਤੇ ਕਿਥੋਂ ਲਿਆਇਆ ਏ ਉਹ,
ਉਸਦੇ ਲਫ਼ਜ਼ਾਂ 'ਚ ਨੇ ਤਾਸੀਰਾਂ ਤਲਵਾਰ ਦੀਆਂ।
ਇਸ ਕਿੱਸੇ ਕੰਵਾਰੇ ਦਾ ਹੁਣ ਦੱਸੋ ਅੰਤ ਕੀ ਦੱਸਾਂ,
ਈਦ ਤੇ ਵੀ ਨ ਡਿੱਠਾ ਚੰਨ ਮੇਹਣੇ ਸਖ਼ੀਆਂ ਮਾਰਦੀਆਂ॥

—ਗੁਰਿੰਦਰ ਗਿੱਲ



# ਸਾਵਣ

ਕਹਿੰਦੇ ਨੇ ਸੌਂ ਕਰਮਾਂ ਭਾਗਾਂ ਵਾਲਾ ਹੁੰਦਾ ਏ ਸਾਵਣ,
ਪਰ ਕਿਓਂ ਪਹਿਲਾਂ ਜਿਹਾ ਨਾ ਹੁਣ ਆਵੇ ਸਾਵਣ।
ਪਾ ਪਿੱਪਲੀਂ ਪੀਘਾਂ ਮੁਟਿਆਰਾਂ ਗਾਉਂਦੀਆਂ ਨੱਚਦੀਆਂ ਸੀ,
ਮੇਲੇ 'ਚ ਕੁਸ਼ਤੀ ਲੜਨ ਵਾਲਾ ਕਿਥੇ ਗਿਆ ਹੈ ਸਾਵਣ॥

ਧੀਆਂ ਤੇ ਤੀਆਂ ਦਾ ਰਿਸ਼ਤਾ ਹੁੰਦਾ ਬੜਾ ਗਹਿਰਾ ਸੀ,
ਟੁੱਟੇ ਇਸ ਰਿਸ਼ਤੇ ਨੂੰ ਨ ਵਾਪਸ ਮੋੜ ਲਿਆਵੇ ਸਾਵਣ।
ਗਿੱਧਾ ਕਿੱਕਲੀ ਪੀਘਾਂ ਦੇ ਹੁਲਾਰੇ ਕਿੱਥੇ ਨੇ ਵਣਜਾਰੇ ਸਾਰੇ,
ਬਿਨਾ ਵੰਗਾਂ ਚੂੜੀਆਂ ਚੜ੍ਹਾਏ ਕਿੱਦਾਂ ਲੰਘ ਜਾਇ ਸਾਵਣ॥

ਚੱਸਕੇ ਨੇ ਬਾਜ਼ਾਰੀ ਖਾਣੇ ਦੇ ਹੁਣ ਸਾਰੇ ਪੰਜਾਬੀ ਲਾਣੇ ਨੂੰ,
ਖੀਰ ਮਾਲ ਪੂੜ੍ਹੇ ਨ ਬਣਦੇ ਭਾਵੇਂ ਰੋਜ਼ ਆਏ ਸਾਵਣ।
ਹੁਣ ਨ ਨੂੰਹਾਂ ਪੇਕੇ ਜਾਵਣ ਨ ਧੀਆਂ ਪੇਕੀਂ ਆਵਣ,
ਰਸਮ ਰਿਵਾਜ਼ ਸਬ ਪਏ ਚੁੱਲ੍ਹੇ ਖ਼ਸਮਾਂ ਨੂੰ ਖਾਏ ਸਾਵਣ।

ਸੱਭਿਆਚਾਰ ਨਿਭਾਉਂਦੇ ਨਹੀਂਓ ਖੁਸ਼ੀਆਂ ਮਨਾਉਂਦੇ ਨਹੀਂਓ,
ਕਿਥੇ ਨੇ ਵਾਰਸ ਵਿਰਸੇ ਦੇ ਤੇ ਹੁਣ ਕੌਣ ਮਨਾਏ ਸਾਵਣ।
ਖੁੱਸ ਗਿਆ ਹੱਸਣਾ ਨੱਚਣਾ ਗਾਉਣਾ ਪਿਆਰ ਪਾਉਣਾ,
ਗਹਿਣਾ ਪੰਜਾਬੀਆਂ ਦਾ ਹੁਣ ਕਿਥੋਂ ਮੋੜ ਲਿਆਏ ਸਾਵਣ॥

—ਗੁਰਿੰਦਰ ਗਿੱਲ

# ਇਸ਼ਕ ਗੁਨਾਹ ਹੈ

ਗੁੱਝੇ ਰੋਗ ਅਵੱਲੇ ਲੱਗੇ ਨੇ ਹੁਣ ਜਰਾ ਨ ਜ਼ਿੰਦਗੀ ਭਾਉਂਦੀ ਏ,
ਗ਼ਮ ਦੀ ਚੱਕੀ ਪੁੜਾਂ ਵਿਚਾਲੇ ਬਸ ਜ਼ਿੰਦਗੀ ਪਿੱਸਦੀ ਜਾਂਦੀ ਏ।
ਦਿਲ ਕਿਰਚੀ ਕਿਰਚੀ ਕੀਤਾ ਦਰਦ ਨਾਪਣ ਦਾ ਮਿਲੇ ਨ ਫੀਤਾ,
ਤੈਨੂੰ ਜਿੱਤਣ ਦੇ ਚਾਵਾਂ ਵਿੱਚ ਯਾਰ ਹੁਣ ਜ਼ਿੰਦਗੀ ਹਰਦੀ ਜਾਂਦੀ ਏ।

ਇਸ਼ਕ ਗੁਨਾਹ ਹੈ ਇਸ਼ਕ ਗੁਨਾਹ ਦੇ ਫਤਵੇ ਵੀ ਜਾਰੀ ਕੀਤੇ ਨੇ,
ਸੋਚਿਆ ਸੀ ਮੇਰੇ ਤੇ ਨ ਲੱਗਣਗੇ ਪਰ ਦੁਨੀਆ ਲਾਉਂਦੀ ਜਾਂਦੀ ਏ।
ਨਾਮ ਸੁਨ ਮਹਿਬੂਬ ਦਾ ਸਿਜਦੇ 'ਚ ਆ ਜਾਂਦੇ ਸੀ ਝੁੱਕ ਜਾਂਦੇ ਸੀ,
ਹੁਣ ਕੋਈ ਕੋਲ ਨ ਆਵੇ ਰਹੇ ਜ਼ਿੰਦਗੀ ਮੇਰੀ ਕੱਲੀ ਕੁਰਲਾਂਦੀ ਏ।

ਉਹ ਮੇਰੇ ਵਿੱਚ ਮੈਂ ਉਸ ਦੇ ਵਿੱਚ ਇਹ ਮਿਲਾਪ ਹੈ ਦੋ ਰੂਹਾਂ ਦਾ,
ਕੀਕਣ ਸਮਝਾਵਾਂ ਮੈਂ ਦੁਨੀਆਂ ਨੂੰ ਕੋਈ ਸਮਝ ਨ ਆਉਂਦੀ ਏ।
ਖ਼ੁਦਕੁਸ਼ੀ ਮੈਂ ਕਰ ਨਾ ਸਕਿਆ ਰਹਿ ਗਿਆ ਲਿਖਦਾ ਲਿਖਦਾ,
ਹੁਣ ਰੋਜ਼ ਕਿਸ਼ਤਾਂ ਵਿੱਚ ਥੋੜੀ ਥੋੜੀ ਜ਼ਿੰਦਗੀ ਮਰਦੀ ਜਾਂਦੀ ਏ।।

ਭੁੱਲ ਸਕਿਆ ਨ ਭੁੱਲ ਸਕਦਾ ਹਾਂ ਯਾਦ ਰਹੇਗੀ ਸਾਹਵਾਂ ਨਾਲ,
ਇਸ਼ਕ ਸਮੁੰਦਰੋਂ ਹੁਣ ਕੀ ਡਰਨਾ ਤਰੀ ਨ ਜ਼ਿੰਦਗੀ ਡੁੱਬਦੀ ਜਾਂਦੀ ਏ।
ਤਾਂਘ ਸੱਜਣ ਦੀ ਅੱਖੀਆਂ ਵਿੱਚ ਹੋਵਣ ਚਰਚੇ ਬਹਿਸ਼ਤਾਂ ਵਿੱਚ,
ਵਸਲ ਸਾਡੇ ਦਾ ਜਸ਼ਨ ਫ਼ਰਿਸ਼ਤੇ ਕੀ ਕਾਇਨਾਤ ਵੀ ਦਿਸੇ ਮਨਾਉਂਦੀ ਏ।।

—ਗੁਰਿੰਦਰ ਗਿੱਲ



# ਮਾੜਾ ਵਕਤ ਛਾਨਣੇ ਜਿਹਾ

ਓਸੇ ਦਾ ਓਸਾ ਪਿੰਡ ਗਿਰਾਂ ਓਹੀਓ ਬੋਹੜ ਤੇ ਪਿੱਪਲ ਦੀ ਛਾਂ,
ਓਪਰਾ ਓਪਰਾ ਜਿਹਾ ਲੱਗੇ ਦਿੱਸਦੀ ਜੋ ਨਹੀਂ ਕਿਧਰੇ ਮੇਰੀ ਮਾਂ।

ਕੰਮ ਤੇਕੋਈ ਵੀ ਸੌਖਾ ਨਹੀਂ ਹੈ ਪਰ ਔਖੀ ਕਿਸਾਨੀ ਮਜ਼ਦੂਰੀ,
ਕਿਸਾਨ ਤੇ ਛਾਂਵੇ ਬਹਿ ਜਾਂਦਾ ਏ ਪਰ ਮਿਲੇ ਨ ਮਜ਼ਦੂਰ ਨੂੰ ਛਾਂ।

ਪੈਲੀ ਗਹਿਣੇ ਪਾਕੇ ਪੰਡ ਨੋਟਾਂ ਦੀ ਲਾਕੇ ਤੋਰੀ ਸੀ ਧੀ ਕੈਨੇਡਾ,
ਜਾਕੇ ਕਹਿੰਦੀ ਰਾਸ ਨੀ ਆਇਆ ਦੱਸ ਰੱਬਾ ਮੈਂ ਕਿਹੜੇ ਖੂਹ ਪਵਾਂ।

ਧਰਮ ਸਿਆਸਤ ਲੋਭੀ ਧੰਦੇ ਇਹਨਾਂ 'ਚ ਫੱਸੋ ਤਾਂ ਗੱਲ ਪੈਂਦੇ ਫੰਦੇ,
ਤਾਂਵੀ ਦੁਨੀਆਂ ਬਾਜ਼ ਨ ਆਵੇ ਹੁਣ ਇੰਨਾ ਦਾ ਰੱਬ ਈ ਕਰੂ ਨਿਆਂ।

ਕਹਿੰਦੇ ਗੱਲੀਂ ਬਾਤੀਂ ਭੁੱਖ ਨ ਮਰਦੀ ਕਦੇ ਕਾਲ ਵੀ ਕੱਟੇ ਜਾਂਦੇ ਨਹੀਂ,
ਆਪਣੇ ਗੱਲੇ ਭਰੀ ਜਾਂਦੇ ਨੇ ਆਵੇ ਗੱਲ ਗਰੀਬ ਦੀ ਕਦੇ ਨ ਕਰਦੇ ਹਾਂ।

ਕੁਛ ਰਿਸ਼ਤੇ ਮਰ ਜਾਂਦੇ ਨੇ ਤੇ ਕੁਝ ਜਿਉਂਦਿਆਂ ਜੀ ਵੀ ਛੱਡ ਜਾਂਦੇ ਨੇ,
ਮਾੜਾ ਵਕਤ ਛਾਨਣੇ ਜਿਹਾ ਆਵੇ ਤਾਂ ਰਿਸ਼ਤੇ ਵੀ ਪਛਾਣੇ ਜਾਂਦੇ ਤਾਂ।

ਦਿਲ ਦਾ ਪੰਨਾਂ ਨ ਕੋਰਾ ਹੈ ਦਿਲ ਨੂੰ ਵੀ ਲੱਗਿਆ ਕੋਈ ਝੋਰਾ ਹੈ,
ਦੁੱਖ ਦਰਦ ਮੇਰੇ ਤੋਂ ਵਾਕਿਫ ਹੋਜੂ ਫੋਲੇ ਜੋ ਮੇਰੀ ਕਿਤਾਬ ਦਾ ਪੰਨੇ ਤਾਂ।

—ਗੁਰਿੰਦਰ ਗਿੱਲ

# ਨਾ ਸਮਝ ਕਲਮ ਨਿਮਾਣੀ ਮੈਨੂੰ

ਨਾ ਸਮਝ ਕਲਮ ਨਿਮਾਣੀ ਮੈਨੂੰ ਹਰ ਝੂਠੇ ਤੇ ਫ਼ਿਕਰੇ ਕੱਸਾਂਗੀ,
ਚਾਹੇ ਜਿੰਨਾ ਮਰਜ਼ੀ ਕੋਈ ਦਬਾਵੇ ਮੈਂ ਝੂਠ ਦੇ ਪਰਦੇ ਖੋਲਾਂਗੀ।

ਗੈਰਤ ਨੀਲਾਮ ਕਰੇ ਖਾ ਪੀ ਹਰਾਮ ਕਰੇ ਹਰਜ਼ਾ ਅਵਾਮ ਭਰੇ,
ਇਹ ਸਭ ਨ ਬਰਦਾਸ਼ਤ ਕਰ ਜਰੂਰ ਸੱਚ ਦੇ ਹੱਕ 'ਚ ਬੋਲਾਂਗੀ।

ਪੱਥਰ ਦਿਲ ਵਾਲੇ ਜੋ ਜੰਗਲਾਂ ਦੇ ਰਾਜੇ ਰਹਿਮ ਕਦੇ ਨਾ ਖਾਂਦੇ,
ਮੈਂ ਅੰਨ੍ਹੇ ਬੋਲੇ ਇਸ ਜੰਗਲ ਵਿਚ ਬਿਜਲੀ ਬਣਕੇ ਕੜਕਾਂਗੀ।

ਦਿਲ ਦੇ ਖੋਟੇ ਮੂੰਹ ਦੇ ਮਿੱਠੇ ਵਾਂਗ ਫੁੱਲਾਂ ਮੁੱਖੜੇ ਕਰਦੇ ਜੁਮਲੇਬਾਜ਼ੀ,
ਦੁਨੀਆ ਨੂੰ ਗੁਮਰਾਹ ਜੋ ਕਰਦੇ ਕਦੇ ਨਾ ਓਹਨਾ ਨੂੰ ਬਖ਼ਸ਼ਾਂਗੀ।

ਦੇਖ ਜ਼ਾਲਮ ਖ਼ੂਨੀ ਰਸਮਾਂ ਰੀਤਾਂ ਬਣਾ ਵਸਦੇ ਸ਼ਹਿਰ ਉਜਾੜੇ,
ਦਾਜ ਲਈ ਜੋ ਧੀਆਂ ਸਾੜਨ ਓਹਨਾ ਦੇ ਪਰਦੇ ਨਾ ਕਜਾਂਗੀ।

ਲੋਕਾਂ ਦੀ ਦਰਦ ਕਹਾਣੀ ਆਪਣੀ ਜਾਪੇ ਲਿਖ ਲਵਾਂ ਮੈਂ ਆਪੇ,
ਦਿਨ ਦਿਹਾੜੇ ਜੋ ਇੱਜਤ ਲੁੱਟਦੇ ਫਾਂਸੀ ਓਹਨਾ ਨੂੰ ਮੈਂ ਟੰਗਾਂਗੀ।

ਬਣ ਨਮਾਜ਼ੀ ਪਾਠੀ ਪੰਡਿਤ ਜੋ ਸੱਚੇ ਰੱਬ ਨੂੰ ਨੇ ਵੰਡਦੇ ਫਿਰਦੇ,
ਕੌਣ ਹੈ ਕਾਫ਼ਿਰ ਕੌਣ ਹੈ ਸੱਚਾ ਮੈਂ ਲਿੱਖ ਕਲਮ ਨਾਲ ਦੱਸਾਂਗੀ।

—ਗੁਰਿੰਦਰ ਗਿੱਲ



# ਨਹੀਓਂ ਮਿੱਟਦੇ ਫੱਟ ਜ਼ੁਬਾਨਾਂ ਦੇ

ਦੇਖ ਮਾੜੀ ਕਿਸਮਤ ਵਾਲੇ ਦਾ ਫਾਇਦਾ ਕਦੇ ਨਹੀਓਂ ਚੁਕੀਦਾ,
ਲੋੜ ਵੇਲੇ ਹੀ ਜੋ ਖੋਲੀ ਜਾਵੇ ਫਾਇਦਾ ਹੁੰਦਾ ਉਸ ਬੰਦ ਮੁੱਠੀ ਦਾ।

ਸਿਆਣੇ ਕਹਿੰਦੇ ਗੈਰਾਂ ਚੰਗਿਆਂ ਨਾਲੋਂ ਆਪਣੇ ਮੰਦੇ ਵੀ ਚੰਗੇ,
ਆਪਣੇ ਦੇਸ ਦੇ ਕੰਡੇ ਚੰਗੇ ਕੀ ਲੈਣਾ ਪ੍ਰਦੇਸੀ ਖਿੜੀ ਫੁੱਲਡੋਡੀ ਦਾ।

ਦਿੱਲ 'ਚ ਨ ਪਾਲੋ ਦੁਸ਼ਮਣੀਆਂ ਮੂਹੰ ਤੇ ਸੁਣਾਓ ਖ਼ਰੀ ਖੋਟੀਆਂ,
ਨਾਸੂਰ ਬਣ ਜਾਂਦੇ ਨੇ ਕੱਢ ਦਿਓ ਗੁਬਾਰ ਜੋ ਦਿੱਲ 'ਚ ਉਠੀਦਾ।

ਲੋਕੀਂ ਆਪਣੇ ਮਤਲਬ ਖਾਤਿਰ ਖੂਨ ਵੀ ਦਿਲਾਂ ਦਾ ਕਰਦੇ ਨੇ,
ਫੁੱਲਾਂ ਤੋਂ ਨਾਜ਼ੁਕ ਨੇ ਰਿਸ਼ਤੇ ਓਹਨਾ ਨੂੰ ਨਹੀਂ ਕਦੇ ਖਾਦੇੜੀਦਾ।

ਮਿੱਟ ਜਾਂਦੇ ਨੇ ਤਲਵਾਰਾਂ ਦੇ ਨਹੀਓਂ ਮਿੱਟਦੇ ਫੱਟ ਜ਼ੁਬਾਨਾਂ ਦੇ,
ਡਾਢਿਆਂ ਨਾਲ ਪ੍ਰੀਤਾਂ ਲਾ ਆਪਣੀ ਪੈਰੀਂ ਕੁਲਾੜ੍ਹੀ ਨੂੰ ਨ ਮਾਰੀਦਾ।

ਅਜਕਲ ਸੱਚਾ ਸੌਦਾ ਲੱਭਣਾ ਡਾਹਢਾ ਮੁਸ਼ਕਿਲ ਹੈ ਹੋਇਆ,
ਦੁਨੀਆਂ ਤੇ ਹੈ ਕੂੜ੍ਹ ਪ੍ਰਧਾਨ ਝੂਠ ਦਾ ਕਦੇ ਪੱਖ ਨਹੀਓ ਪੂਰੀਦਾ।

ਮੈਨੂੰ ਸ਼ਬਦ ਸਦਾਵਾਂ ਦਿੰਦੇ ਨੇ ਕੁਛ ਕਹਿਣ ਲਈ ਲਿਖਣ ਲਈ,
ਸ਼ਬਦ ਪਿਰੋਏ ਜਾਂਦੇ ਨੇ ਇਹਨਾਂ ਮੋਤੀਆਂ ਨਾਲ ਨਹੀਓਂ ਲੜੀਦਾ।

ਚੜ੍ਹਦਾ ਸੂਰਜ ਲਹਿੰਦਾ ਏ ਜੋ ਜਿੱਤਦਾ ਏ ਕਦੇ ਉਹ ਢਹਿੰਦਾ ਏ,
ਜੰਗ ਲੜਨੀ ਪੈਂਦੀ ਏ ਲੜਨ ਤੋਂ ਪਹਿਲਾਂ ਈ ਨਹੀਂਓਂ ਢਹੀਦਾ।

—ਗੁਰਿੰਦਰ ਗਿੱਲ

# ਤੂੰ ਮਿਲ ਜਾ ਭਾਂਵੇ ਖੁਸ ਜੇ ਕਾਇਨਾਤ ਸਾਰੀ

ਵੇਖੋ ਉਸਤੋਂ ਹੀ ਹੈ ਦਗਾ ਮਿਲਿਆ ਜਿਸਦੇ ਨਾਲ ਸੀ ਆਪਣੀ ਗੂੜ੍ਹੀ ਯਾਰੀ,
ਤੈਨੂੰ ਕਿਹੋ ਜਿਹਾ ਵਫ਼ਾ ਦਾ ਸਿਲਾ ਮਿਲਿਆ ਫਿਰੇ ਦੁਨੀਆਂ ਪੁੱਛਦੀ ਸਾਰੀ।

ਨੀਂਹ ਰੇਤ ਦੀ ਤੇ ਟਿੱਕੇ ਨਾ ਦੀਵਾਰ ਛੇਕ ਵਾਲੀਕਿਸ਼ਤੀ ਡੁਬਦੀ ਵਿਚਕਾਰ,
ਇਹ ਦੁਨੀਆਂ ਹੈ ਕੂੜ੍ਹ ਦੇ ਢੇਰ ਤੇ ਬੈਠੀ ਲੱਖਾਂ ਹੀ ਨੇ ਕੂੜ੍ਹ ਦੇ ਵੀ ਵਪਾਰੀ।

ਉਮਰਾਂ ਕੋਲੋਂ ਵੱਡੇ ਦੁੱਖ ਸਾਨੂੰ ਇਸ ਇਸ਼ਕ ਨੇ ਦਿੱਤੇ ਭਰ ਭਰ ਹੰਝੂ ਅਸਾਂ ਪੀਤੇ,
ਦਿੱਲ ਦੇ ਭਰ ਜਾਨ ਨ ਭਰਦੇ ਰੂਹ ਦੇ ਜ਼ਖਮ ਅਵੱਲੇ ਜਿੰਦ ਤਰਲੇ ਕਰ ਕਰ ਹਾਰੀ।

ਆਏ ਨੇ ਹੁਣ ਵਾਹਵਾ ਚਿਰ ਪਾਕੇ ਚਾਹੁੰਦੇ ਨੇ ਦੇਣੀ ਚੋਟ ਨਵੀਂ ਤੇ ਜ਼ਖ਼ਮ ਵੀ ਨਵੇਂ,
ਜ਼ਖਮ ਹਰੇ ਦੇਖਕੇ ਮੇਰੇ ਰਹਿ ਗਏ ਦੰਗ ਹੱਕੇ ਬਕਿਆ ਨੂੰ ਮਿਲੀ ਚੋਟ ਕਰਾਰੀ।

ਖਾਲੀ ਹੱਥ ਜਾਵਣਾ ਫਿਰ ਵੀ ਮਾਰ ਠੱਗੀਆਂ ਇੱਕਠੇ ਕਰ ਲਏ ਕਈ ਕਰੋੜ,
ਸਿਕੰਦਰ ਵੀ ਟੁਰ ਗਿਆ ਦਿਖਾ ਖਾਲੀ ਹੱਥ ਜਿਹਨੇ ਲੁੱਟੀ ਸੀ ਦੁਨੀਆਂ ਸਾਰੀ।

ਬੇਦਰਦ ਕੀ ਤੂੰ ਜਾਣੇ ਪੀੜ੍ਹਾਂ ਇਸ਼ਕ ਦੀਆਂ ਇਸ ਪੀੜ੍ਹ ਦੀ ਪੀੜ੍ਹ ਵੀ ਬੜ੍ਹੀ ਏ,
ਦਿੱਲ ਦੀ ਖੇਤੀ ਜੇ ਸੁੱਕ ਜਾਵੇ ਤੇ ਹਰੀ ਨ ਹੁੰਦੀ ਚਾਹੇ ਕੋਸ਼ਿਸ਼ ਕਰੋ ਲੱਖ ਹਜ਼ਾਰੀਂ।

ਇਲਮ ਫ਼ਕੀਰੀ ਦਾ ਮੈਂ ਕੀ ਜਾਣਾ ਇਹ ਤਾਂ ਰੌਲੇ ਰੱਪੇ ਆ ਫ਼ਕਰ ਜਾਤਾਂ ਦੇ,
ਜੱਗ ਮਨਾ ਮੈਂ ਕੀ ਲੈਣਾ ਰੱਬਾ ਤੂੰ ਸਮਝਾ ਕਿਵੇਂ ਕੀਤੀ ਇਹ ਖੂਬ ਕਸੀਦਾਕਾਰੀ।

ਬਾਹਰ ਨਾ ਮੈਂ ਲੱਭਣ ਜਾਵਾਂ ਦੇ ਹਿੰਮਤ ਅੰਦਰ ਦੇ ਮਹਾਸੁਨੰ 'ਚ ਬਸ ਤੈਨੂੰ ਪਾਵਾਂ,
ਮੁਰਸ਼ਿਦ ਕਰ ਤਰਸ ਮੇਰੇ ਹਾਲਾਤਾਂ ਤੇ ਤੂੰ ਮਿਲ ਜਾ ਭਾਂਵੇ ਖੁਸ ਜੇ ਕਾਇਨਾਤ ਸਾਰੀ।

**—ਗੁਰਿੰਦਰ ਗਿੱਲ**



# ਕੱਚੇ ਗਾਰੇ ਦੀਆਂ ਕੰਧਾਂ ਵਰਗੇ ਰਿਸ਼ਤੇ

ਕਈ ਭਾਂਵੇ ਮੂੰਹੋਂ ਗੱਲ ਨ ਕੱਢਦੇ ਰਹਿ ਖਾਮੋਸ਼ ਵੀ ਕੁਝ ਕਹਿ ਜਾਂਦੇ ਨੇ,
ਕੁਛ ਰਾਜ਼ ਦੀਆਂ ਗੱਲਾਂ ਦੱਸਦੇ ਕੁਛ ਕਹਿੰਦੇ ਕਹਿੰਦੇ ਰਹਿ ਜਾਂਦੇ ਨੇ।

ਕੱਚੇ ਗਾਰੇ ਦੀਆਂ ਕੰਧਾਂ ਵਰਗੇ ਰਿਸ਼ਤੇ ਅਸੀਂ ਤੇ ਨਿਭਾਕੇ ਹਰ ਗਏ,
ਦੋ ਕਣੀਆਂ ਪੈਂਦੀਆਂ ਨਹੀਂ ਕਿ ਰੇਤ ਦੇ ਮਹਿਲ ਵਾਂਗ ਢਹਿ ਜਾਂਦੇ ਨੇ।

ਨਾ ਕੋਈ ਰਿਸ਼ਤਾ ਨਫਰਤ ਵਾਲਾ ਨਾ ਮੈਂ ਨਿਭਾਵਾਂ ਮੋਹਬਤ ਵਾਲਾ,
ਚੁੱਪ ਜਦੋਂ ਆ ਜਾਵੇ ਦਰਮਿਆਨ ਤਾਂ ਚੰਗੇ ਰਿਸ਼ਤੇ ਵੀ ਬਹਿ ਜਾਂਦੇ ਨੇ।

ਜਿੰਨਾ ਖਾਤਿਰ ਮੈਂ ਸੁਪਨੇ ਵਿਸਾਰੇ ਅੱਜ ਉਹ ਮੈਨੂੰ ਹੀ ਵਿਸਾਰ ਗਏ ਨੇ,
ਕਹਿੰਦੇ ਵਕਤ ਬਦਲਿਆ ਜੋ ਵਕਤ ਦੀ ਚਕਾਚੌਂਦ 'ਚ ਵਹਿ ਜਾਂਦੇ ਨੇ।

ਖੁਸ਼ੀ ਨਾਲ ਵਾਂਗ ਮਲੰਗਾ ਜੀਆ ਕਰੋ ਤਹਿ ਹੈ ਇਕ ਦਿਨ ਮਰ ਜਾਣਾ,
ਸਿਵਿਆਂ ਵਿਚ ਸੜਣਾ ਹੈ ਫਿਰ ਵੀ ਹੱਕ ਬੇਗਾਨਾ ਖਾ ਬਹਿ ਜਾਂਦੇ ਨੇ।

ਪਦਾਰਥ ਸਵਾਰਥਵਾਦ ਵਧਾ ਲੈਂਦੇ ਫਿਰ ਚੀਜ਼ ਬੇਗਾਨੀ 'ਤੇ ਕਬਜ਼ਾ ਕਰਦੇ,
ਮੇਰੀ ਮੇਰੀ ਵਿਚ ਦੇ ਦੋ ਰਿਸ਼ਤਿਆਂ ਦੀ ਬਲਿ ਕੁਝ ਨੀ ਹੁੰਦਾ ਕਹਿ ਜਾਂਦੇ ਨੇ।

ਆਪਣੇ ਜਾਲ ਵਿਚ ਬੰਦਾ ਆਪੇ ਫੱਸਦਾ ਹੋਰ ਨਾ ਕੋਈ ਇਸਦਾ ਹੈ ਦੋਖੀ,
ਨਿਕਲੇ ਕਿਵੇਂ ਕੋਈ ਰਾਹ ਨਾ ਲੱਭੇ ਫਿਰ ਹਾਰੇ ਜੁਆਰੀ ਵਾਂਗੂੰ ਬਹਿ ਜਾਂਦੇ ਨੇ।

**—ਗੁਰਿੰਦਰ ਗਿੱਲ**

# ਇਸ਼ਕ ਹਕੀਕੀ 'ਚ ਡੁੱਬਣ ਨਾ ਦੇਵੇ

ਨੇਕੀ ਕਰਦੇ ਕਰ ਜਾਂਵਾਂਗੇ ਕੂਚ ਜਹਾਨੋਂ ਕਰ ਜਾਵਾਂਗੇ,
ਬਿਨ ਤੇਰੇ ਸਾਹ ਨਾ ਆਉਂਦੇ ਬਿਨ ਤੇਰੇ ਮਰ ਜਾਵਾਂਗੇ।
ਇਸ਼ਕ ਸਮੁੰਦਰ 'ਚ ਉਤਰੇ ਹਾਂ ਇਸ਼ਕ ਤੋਂ ਕੀ ਡਰਨਾ,
ਇਸ਼ਕ ਹਕੀਕੀ 'ਚ ਓ ਡੁੱਬਣ ਨ ਦੇਵੇ ਸੋ ਤਰ ਜਾਵਾਂਗੇ।।

ਐ ਕੀ ਮੇਰਾ ਨਸੀਬ ਏ ਹਰ ਮੋੜ ਤੇ ਖੜਾ ਦਿਖੇ ਰਕੀਬ ਏ,
ਤੂੰ ਕਿਤੇ ਸਾਡਾ ਹੱਥ ਨਾ ਛੱਡੀਂ ਨਹੀਂ ਦੁਨੀਆਂ ਤੋਂ ਡਰ ਜਾਵਾਂਗੇ।
ਤੇਰੇ ਨਾਲ ਨਿਭਾਉਣ ਦੀਆਂ ਕਸਮਾਂ ਨੇ ਬਹੁਤ ਖਾਦੀਆਂ,
ਜਿਕਰ ਇਸ ਮਰਜ਼ ਦਾ ਹਰ ਕੋਲ ਅਸੀਂ ਕਰ ਜਾਵਾਂਗੇ।।

ਕਿੰਨੀ ਕੁ ਜੀ ਲਈ ਏ ਤੇ ਕਿੰਨੀ ਕੁ ਦੀ ਮੈਂ ਆਸ ਰੱਖਾਂ,
ਤੈਨੂੰ ਜਿੱਤਣ ਖਾਤਿਰ ਲੱਗੇ ਆਪਣਾ ਆਪਾ ਹਰ ਜਾਵਾਂਗੇ।
ਕਰੇ ਨ ਕੋਈ ਪਰ ਦਿਲ ਆਪਣੇ ਦੀ ਮੈਂ ਨ ਕਦੇ ਲੁਕੋਈ,
ਹੱਥ ਤੇਰੇ ਹੈ ਡੋਰੀ ਛੱਡੀਂ ਨ ਤੂੰ ਸਾਨੂੰ ਨਹੀਂ ਤੇ ਮਰ ਜਾਵਾਂਗੇ।।

ਯਾਦ ਤੇਰੀ ਕਰ ਗਈ ਹੈ ਨਾਲ ਅਸਾਡੇ ਅਨੇਕਾਂ ਨੇਕੀ,
ਆਏ ਹਾਂ ਦਰ ਤੇਰੇ ਤੇ ਸਜਦੇ ਵਿਚ ਝੁਕਾ ਸਰ ਜਾਵਾਂਗੇ।
ਨ ਦੁੱਖ ਦਰਦ ਕਿਸੇ ਕਦੇ ਸਾਡਾ ਪੁੱਛਿਆ ਨ ਪੁੱਛੀ ਵਾਤ,
ਤੇਰੀ ਨਜ਼ਰ ਸਵੱਲੀ ਰਹੇ ਤਾਂ ਭਵਸਾਗਰ ਤਰ ਜਾਵਾਂਗੇ।।

—**ਗੁਰਿੰਦਰ ਗਿੱਲ**



# ਕੋਰਾ ਕਾਗਜ਼ ਜ਼ਿੰਦਗੀ ਮੇਰੀ

ਇਸ਼ਕ ਚਿੰਗਾਰੀ ਪਈ ਸੁਲਘੇ ਇਸਦਾ ਦੁੱਖ ਦੱਸਿਆ ਨਹੀਂ ਜਾਂਦਾ।
ਭੁੱਲੀਆਂ ਵਿਸਰੀਆਂ ਯਾਦਾਂ ਕਰ ਯਾਦ ਹੁਣ ਹੱਸਿਆ ਨਹੀਂ ਜਾਂਦਾ।।

ਬੇਦਰਦ ਤੂੰ ਕੀ ਜਾਣੇ ਪੀੜਾਂ ਗੁਝੀਆਂ ਦਿੱਤੀਆਂ ਇਸ ਇਸ਼ਕ ਦੀਆਂ।
ਕਰ ਲਾਂ ਭਾਂਵੇ ਮੈਂ ਲੱਖ ਟਕੋਰਾਂ ਪਰ ਦਰਦ ਦੱਬਿਆ ਨਹੀਂ ਜਾਂਦਾ।।

ਹੱਥੀਂ ਲਾਇਆ ਬੂਟਾ ਇਸ਼ਕ ਦਾ ਸੁੱਕ ਗਿਆ ਬਿਨ ਪਿਆਰ ਦਾ ਪਾਣੀ।
ਗਿਲੇ-ਸ਼ਿਕਵੇ ਲੱਖ ਹਜ਼ਾਰਾਂ ਵਿੱਛੜ ਕੇ ਵੀ ਬੂਟਾ ਪੁੱਟਿਆ ਨਹੀਂ ਜਾਂਦਾ।।

ਅੱਥਰੂ ਚੀਕਾਂ ਹੌਕੇ ਹਾਵੇ ਕਿੰਨਾ ਸਮਝਾਵਾਂ ਦਿਲ ਨੂੰ ਸਮਝ ਨਾ ਆਵੇ।
ਤੂੰ ਵੀ ਜ਼ਖ਼ਮ ਬਥੇਰੇ ਦਿੱਤੇ ਜਤਨ ਕਰਾਂ ਬਥੇਰਾ ਛੱਡਿਆ ਨਹੀਂ ਜਾਂਦਾ।।

ਇਹ ਇਸ਼ਕ ਏ ਸੂਲਾਂ ਦਾ ਵਿਛਾਉਣਾ ਪੈਂਦਾ ਰੋਣਾ ਤੇ ਖ਼ਾਰਾਂ ਉੱਤੇ ਸੌਣਾ।
ਸਾਡਾ ਇਸ਼ਕ ਹਕੀਕੀ ਨਹੀਂ ਮਜ਼ਾਜ਼ੀ ਤਾਂਹੀ ਸੂਲਾਂ 'ਤੋਂ ਉਠਿਆ ਨਹੀਂ ਜਾਂਦਾ।।

ਖ਼ਾਬਾਂ ਤੇਰਿਆਂ ਤੇ ਲੱਗੇ ਪਹਿਰੇ ਤੂੰ ਬੰਨ ਬੈਠਾ ਐ ਸਿਰ ਸੁਨਹਿਰੇ ਸਿਹਰੇ।
ਕੋਰਾ ਕਾਗਜ਼ ਜ਼ਿੰਦਗੀ ਮੇਰੀ ਤੇ ਸਿਰਨਾਵਾਂ ਤੇਰਾ ਲਿਖਿਆ ਨਹੀਂ ਜਾਂਦਾ।।

ਉਂਝ ਮਰਕੇ ਤੇ ਮਰਦੇ ਨੇ ਨਿਤ ਕਰੋੜਾਂ ਅਸੀਂ ਜਿਉਂਦੇ ਜੀ ਮਰ ਗਏ ਹਾਂ।
ਇਹ ਸਾਹ ਚਲਦੇ ਨੇ ਤੇਰੇ ਲਈ ਸਾਥੋਂ ਖ਼ਫ਼ਨ 'ਚ ਲੁੱਕਿਆ ਨਹੀਂ ਜਾਂਦਾ।।

—**ਗੁਰਿੰਦਰ ਗਿੱਲ**

# ਮੂਰਖ ਸਾਹਵੇਂ ਚੁੱਪ ਭਲੀ

ਕੀ ਦੱਸਾਂ ਰਿਸ਼ਤਿਆਂ ਦਾ ਹੁੰਦਾ ਖੂਨ ਵੇਖਣਾ ਕਿੰਨਾ ਔਖਾ ਏ,
ਹੰਝੂਆਂ ਦੀ ਮੱਚਦੀ ਅੱਗ 'ਤੇ ਹੱਥ ਸੇਕਣਾ ਕਿੰਨਾ ਔਖਾ ਏ।

ਨਜ਼ਰਾਂ ਤੋਂ ਗਿਰੇ ਨੂੰ ਉਠਾਉਣਾ ਤੇ ਫੇਰ ਗਲ਼ ਨਾਲ ਲਾਉਣਾ,
ਮੱਥੇ ਲੱਗੇ ਕਲੰਕ ਦੀ ਲਕੀਰ ਨੂੰ ਮਿਟਾਉਣਾ ਕਿੰਨਾ ਔਖਾ ਏ।

ਵੱਡਿਆਂ ਦੀ ਗੱਲ 'ਤੇ ਖੜ੍ਹਨਾ ਉਨ੍ਹਾਂ ਦੇ ਪੈਰੀਂ ਮੱਥਾ ਟੇਕਣਾ,
ਪੱਗ ਵਟਾਏ ਬਣੇ ਪਰਾਏ ਮਿਤ੍ਰਾਂ ਨਾਲ ਲੜਨਾ ਕਿੰਨਾ ਔਖਾ ਏ।

ਪੁੱਠੀ ਮੱਤ ਦੇਣ ਵਾਲੇ ਅਕਲ ਦੇ ਅੰਨ੍ਹੇ ਮਰੀ ਜ਼ਮੀਰ ਵਾਲੇ ਨਾਲੋਂ,
ਗੂੰਗੇ ਬੋਲੇ ਤੇ ਅੱਖਾਂ ਦੇ ਅੰਨ੍ਹੇ ਨੂੰ ਸਮਝਾਉਣਾ ਕਿੰਨਾ ਸੌਖਾ ਏ।

ਇਨਸਾਨ ਦੇ ਜਾਮੇ ਜੋ ਜੰਮਿਆ ਏ ਪਰ ਇਨਸਾਨ ਨਾ ਬਣਿਆ,
ਇੱਲਤਾਂ ਤੋਂ ਜਨੌਰ ਲੱਗੇ ਉਹਨੂੰ ਇਨਸਾਨ ਬਣਾਉਣਾ ਕਿੰਨਾ ਔਖਾ ਏ।

ਗਿਰਗਟ ਵਾਂਗੂੰ ਰੰਗ ਬਦਲੇ ਭੁੱਲ ਰੱਬ ਨੂੰ ਬਾਬਿਆਂ ਪਿਛੇ ਲੱਗ ਜੇ,
ਕੂੜ ਵਾਲੀਆਂ ਲੀਕਾਂ ਖਿੱਚੇ ਜਿਨ੍ਹਾਂ ਨੂੰ ਮਿਟਾਉਣਾ ਕਿੰਨਾ ਔਖਾ ਏ।

ਕਿਰਲੀਆਂ ਛਤੀਰੀ ਜੱਫੇ ਪਾਏ ਹੋਣ ਕੋਬਰਿਆਂ ਫ਼ਨ ਫੈਲਾਏ ਹੋਣ,
ਅੰਨ੍ਹੇ ਕਰਨ ਜਗਰਾਤੇ ਹੇਕ ਲਾਉਣੋ ਗੂੰਗੇ ਨੂੰ ਰੋਕਣਾ ਕਿੰਨਾ ਔਖਾ ਹੈ।

ਸੁਘੜ ਸਿਆਣੇ ਅੱਖ ਨਾ ਝਪਕਣ ਝੱਟ ਇਸ਼ਾਰੇ ਅੱਖ ਦੇ ਸਮਝਣ,
ਮੂਰਖ ਸਾਹਵੇਂ ਚੁੱਪ ਭਲੀ ਨਾਲ ਤਰਕ ਸਮਝਾਉਣਾ ਕਿੰਨਾ ਔਖਾ ਹੈ।

**—ਗੁਰਿੰਦਰ ਗਿੱਲ**



# ਕਿਉਂ ਧੀਆਂ ਨੂੰ ਮਾਰੀ ਜਾਂਦੇ ਨੇ

ਸੋਚੀਏ ਕੁਝ ਕਰੀਏ ਵਿਚਾਰ ਕਿਉਂ ਧੀਆਂ ਨੂੰ ਮਾਰੀ ਜਾਂਦੇ ਨੇ,
ਕੁਝ ਆਪਣੇ ਹੀ ਕਿਉਂ ਉਹਦੇ ਸਿਰ ਤੋਂ ਚੁੰਨੀ ਉਤਾਰੀ ਜਾਂਦੇ ਨੇ।

ਦੇਖਦੇ ਨੇ ਇੰਝ ਜਿਵੇਂ ਦੇਖ ਹੀ ਲੈਣਗੇ ਉਸਦੇ ਆਰ ਪਾਰ,
ਕਾਮ ਦੀ ਸ਼ੈ ਸਮਝ ਉਹਨੂੰ ਸ਼ਰਮ ਲਾਹੀ ਸਾਰੀ ਜਾਂਦੇ ਨੇ।

ਹੋਕੇ ਬੇਹਯਾ ਬੋਲਦੇ ਚੁੱਭਵੇਂ ਬੋਲ ਅੱਖਾਂ ਨਾਲ ਲੈਣ ਤੋਲ,
ਜਿਉਂਦੀ ਜਾਗਦੀ ਨੂੰ ਸਮਝ ਲਾਸ਼ ਖੰਗੂਰੇ ਮਾਰੀ ਜਾਂਦੇ ਨੇ।

ਸਹਿਮੀ ਹੋਈ ਲਾਸ਼ ਬਣ ਰਹਿੰਦੀ ਦੜ੍ਹ ਵੱਟ ਸਹਿੰਦੀ ਏ,
ਹੋਰ ਡਰਾ ਧਮਕਾ ਗੰਦੀਆਂ ਨਜ਼ਰਾਂ ਨਾਲ ਨਿਹਾਰੀ ਜਾਂਦੇ ਨੇ।

ਉਹ ਫ਼ੇਰ ਵੀ ਰਿਸ਼ਤੇ ਨਿਭਾਉਂਦੀ ਏ ਘਰਬਾਰ ਚਲਾਉਂਦੀ ਏ,
ਮੋਹ ਦੀ ਮੂਰਤ ਨੂੰ ਬਣਾ ਮਸ਼ੀਨ ਉਸਤੇ ਚਲਾਈ ਆਰੀ ਜਾਂਦੇ ਨੇ।

ਉਹ ਸਿਰਫ ਹੈ ਮਾਂ ਔਲਾਦ ਉਹਦੇ ਨਾਂ ਨ ਜਾਇਦਾਦ ਓਹਦੇ ਨਾ,
ਪੇਕੇ ਬੇਗਾਨਾ ਧਨ ਸਹੁਰੇ ਬੇਗਾਨੀ ਬਣਾ ਉਹਨੂੰ ਹਾਰੀ ਜਾਂਦੇ ਨੇ।

ਦੁਨੀਆਂ ਭਰਦੇ ਮਿਹਣੇ ਸੁਣਦੀ ਅਸਹਿ ਤੇ ਅਕਹਿ ਪੀੜਾਂ ਸਹਿੰਦੀ,
ਸਿਸਕਦੀ ਸਹਿਕਦੀ ਰਹੇ ਸਜਾਉਂਦੀ ਜੋ ਇਹ ਮਹਲ ਉਸਾਰੀ ਜਾਂਦੇ ਨੇ।

ਮੋਹ ਮਮਤਾ ਦੇ ਸਹਾਰੇ ਅਣਗਿਣਤ ਰਿਸ਼ਤੇ ਰਾਖੇ ਥਾਓਂ ਥਾਈਂ ਸਾਰੇ,
ਉਫ਼ ਨਾ ਕਰਦੀ ਨੂੰ ਕੂਚ ਜਹਾਨੋਂ ਕਰਦੀ ਨੂੰ ਵੀ ਮੇਹਣੇ ਮਾਰੀ ਜਾਂਦੇ ਨੇ।

**—ਗੁਰਿੰਦਰ ਗਿੱਲ**

## ਔਰਤ ਹੈਂ ਤਾਂ ਹੀ ਦੁਨੀਆਂ ਕਾਇਮ ਹੈ

ਕਿਉਂ ਇਕ ਔਰਤ ਬਾਰੇ ਲਿਖਣ ਲੱਗਿਆ ਕੰਬਦੀ ਮੇਰੀ ਕਲਮ ਹੈ,
ਤਪਿਆ ਪਿੰਡਾ ਮੇਰੇ ਲਫ਼ਜ਼ਾਂ ਦਾ ਕਦੇ ਉਗਲੇ ਸੁਖ਼ਨ ਕਦੇ ਅਗਨ ਹੈ।
ਔਰਤ ਨਾਲ ਬਦਸਲੂਕੀ ਹੁੰਦੀ ਐ ਉਹ ਸੁਖਾਂ ਮੰਗਦੀ ਨਾ ਥੱਕਦੀ ਏ,
ਉਹਨੂੰ ਤੋੜ ਨਹੀਂ ਸਕਦੇ ਦੁੱਖ ਰਹਿੰਦੇ ਹੋਕੇ ਦਿਲ ਉਹਦੇ ’ਚ ਦਫ਼ਨ ਹੈ।।

ਉਹ ਹਰ ਰੂਪ ’ਚ ਮਿਲਦੀ ਏ ਮਾਂ ਭੈਣ ਬੇਟੀ ਬਹੂ ਖੁਦ ਨੂੰ ਦੱਸਦੀ ਏ,
ਬੇਗਾਨਾ ਧੰਨ ਉਹਨੂੰ ਦੱਸਿਆ ਜਾਂਦਾ ਏ ਰੱਖਦੀ ਦਿਲ ’ਚ ਸ਼ਿਕਨ ਹੈ।
ਲੁੱਟਣ ਤਬਾਹ ਤੇ ਕੈਦ ਰੱਖਣ ਵਾਲਿਆਂ ਨਜ਼ਰਾਂ ਨਾਲ ਘੂਰਦੇ ਨੇ ਮੈਨੂੰ,
ਸੋਚਾਂ ਕਿਉਂ ਭਰਿਆ ਰਹਿੰਦਾ ਆਦਮੀ ਦਾ ਗੰਦਗੀ ਨਾਲ ਜ਼ਹਿਨ ਹੈ।।

ਕੀ ਤੇਰੇ ਜਨਮ ਦੀਆਂ ਪੀੜਾਂ ਘੱਟ ਸੀ ਜੋ ਹੋਰ ਜ਼ਿਆਦਾ ਦੇਈ ਜਾਂਦੇ ਓ,
ਬਿਨ ਤੇਰੇ ਮੇਰਾ ਜੀਣਾ ਮੁਸ਼ਕਿਲ ਹੈ ਪਰ ਤੂੰ ਵੀ ਹੋਕੇ ਬੈਠਾ ਬੇਰਹਿਮ ਹੈ।
ਤੇਰੇ ਅੱਗੇ ਝੁਕੀ ਸੀ ਕਿ ਗੱਲ ਲਾਵੇਂਗਾ ਨਹੀਂ ਸੀ ਖ਼ਬਰ ਕੇ ਹੋਰ ਦਬਾਵੇਂਗਾ,
ਜਿਸਮ ਹਸਰਤਾਂ ਤੇ ਨਫ਼ਰਤਾਂ ਤੋਂ ਪਾਰ ਵੇਖੇਂਗਾ ਪਰ ਮੇਰਾ ਇਹ ਵਹਿਮ ਹੈ।।

ਮੰਦਿਰ ਮਸਜਿਦ ਜਾਣ ਤੋਂ ਵਰਜਦੇ ਨੇ ਅਪਵਿੱਤਰ ਮੈਨੂੰ ਸਭ ਮੰਨਦੇ ਨੇ,
ਕਿਉਂ ਨਹੀਂ ਸਮਝਦੇ ਕਿ ਮੇਰੇ ਅਪਵਿੱਤਰ ਹੋਣ ਵਿਚ ਹੀ ਰੱਬੀ ਰਹਿਮ ਹੈ।
ਪੰਡਿਤ ਮੌਲਵੀ ਕਿਥੋਂ ਆਉਂਦੇ ਜੇ ਮੇਰੀ ਕੁੱਖੋਂ ਨਾ ਇਹ ਸਾਰੇ ਪੈਦਾ ਹੁੰਦੇ,
ਮੰਨ ਤੇ ਪਏ ਝੂਠੇ ਪਰਦੇ ਨੂੰ ਹਟਾਉ ਔਰਤ ਹੈ ਤਾਂ ਹੀ ਦੁਨੀਆਂ ਕਾਇਮ ਹੈ।।

**—ਗੁਰਿੰਦਰ ਗਿੱਲ**



## ਘਲੂਘਾਰਾ ਨਹੀਂ ਜਾਣਾ ਕਦੇ ਭੁਲਾਇਆ

ਕਿਹੋ ਜਿਹਾ ਚਾਰ ਜੂਨ ਦਾ ਚੰਦਰਾ ਦਿਨ ਸੀ ਚੜ ਕੇ ਆਇਆ,
ਜੰਞ ਪਾਪ ਦੀ ਦਿੱਲੀਓਂ ਆਈ ਓਹਨਾ ਖੂਨੀ ਕਹਿਰ ਢਾਇਆ।
ਕੀਤੀ ਫੌਜ਼ ਨੇ ਨਾਕਾਬੰਦੀ ਚਾਰ ਚੁਫ਼ੇਰੇ ਫੈਲਿਆ ਟਿੱਡੀ ਦਲ ਸਾਰਾ,
ਸਿਖਾਂ ਨਾਲ ਕਿਸੇ ਹੋਰ ਨਹੀਂ ਸਰਕਾਰ ਨੇ ਹੀ ਵੈਰ ਕਮਾਇਆ।।

ਹਰਿਮੰਦਰ ਸਾਹਿਬ ਤੇ ਟੈਂਕ ਚੜਾਏ ਪੰਜਾਬ ਸਾਰੇ ਤੇ ਨਾਕੇ ਲਾਏ,
ਚੌਧਰ ਦੇ ਭੁੱਖੇ ਲੀਡਰਾਂ ਬੇਦੋਸ਼ ਲੋਕਾਂ ਨੂੰ ਗੋਲੀਆਂ ਨਾਲ ਉਡਾਇਆ।
ਵੱਲ ਸਰਾਵਾਂ ਅੱਗ ਦੇ ਗੋਲੇ ਸੁੱਟੇ ਧਾੜਵੀਆਂ ਖ਼ਜ਼ਾਨੇ ਵੀ ਨੇ ਲੁੱਟੇ,
ਅੰਦਰ ਸਭ ਫ਼ਨਾਹ ਹੋ ਗਏ ਫਿਰ ਕੋਈ ਜਿਉਂਦਾ ਬਾਹਰ ਨ ਆਇਆ।।

ਜਦੋਂ ਘਰੋਂ ਗਏ ਪੁੱਤ ਨਾ ਬਹੁੜੇ ਘਰ ਬੈਠੀਆਂ ਮਾਵਾਂ ਨੂੰ ਕੁਝ ਨਾ ਔੜੇ,
ਕਰਨ ਅਰਦਾਸਾਂ ਮੁੜ ਮੁੜ ਪਰ ਨਾ ਮੁੜੇ ਰੱਬ ਨੂੰ ਕੁਛ ਹੋਰ ਈ ਭਾਇਆ।
ਅੰਗਰੇਜ਼ਾਂ ਨੂੰ ਵੀ ਫ਼ੇਲ ਕਰਤਾ ਪ੍ਰਕਰਮਾ ਨੂੰ ਲਾਸ਼ਾਂ ਨਾਲ ਭਰ ਦਿੱਤਾ,
ਚੁੰਨੀਆਂ ਪੱਗਾਂ ਪੈਰੀਂ ਰੁਲੀਆਂ ਬਲਦੇ ਟਾਇਰਾਂ ਨੂੰ ਗਲਾਂ ’ਚ ਪਾਇਆ।।

ਬੁੱਟਾਂ ਸਮੇਤ ਰੱਬ ਘਰ ਫੌਜ਼ੀ ਫਿਰਨ ਹੰਕਾਰੇ ਤੇ ਮਾਰਨ ਲਲਕਾਰੇ,
ਗੁਰੂ ਗ੍ਰੰਥ ਛਲਣੀ ਕੀਤਾ ਪੰਥ ਖਾਲਸੇ ਦਾ ਤਖ਼ਤ ਵੀ ਢਾਇਆ।
ਲੋਥਾਂ ਨਾਲ ਸਰੋਵਰ ਭਰਿਆ ਹਰ ਬੁੱਢਾ ਜਵਾਨ ਤੇ ਬੱਚਾ ਮਰਿਆ,
ਮਰੀਆਂ ਮਾਵਾਂ ਦੀ ਛਾਤੀ ਤੋਂ ਦੁੱਧ ਨਹੀਂ ਖੂਨ ਜੁਆਕਾਂ ਨੂੰ ਚੁੰਗਾਇਆ।।

ਜਿੰਦਾਂ ਆਪਣੀ ਵਾਰ ਕੇ ਮੁੱਠੀ ਭਰ ਜੁਝਾਰੂ ਸਿੰਘਾਂ ਟੱਕਰ ਲਈ ਭਾਰੀ,
ਇਹ ਤਾਂ ਕੁਝ ਨਹੀਂ ਸੀ ਜਿੰਨਾ ਬਦਨ ਸੀ ਆਰਿਆਂ ਨਾਲ ਚਿਰਾਇਆ।
ਚੌਰਾਸੀ ਦੇ ਦੰਗਿਆਂ ’ਚ ਘਰ-ਘਰ ’ਚ ਮਾਤਮ ਗਿਆ ਸੀ ਮੰਨਿਆ,
ਕੌਮ ਦੇ ਵਾਰਿਸਾਂ ਕੋਲੋਂ ਇਹ ਘਲੂਘਾਰਾ ਨਹੀਂ ਜਾਣਾ ਕਦੇ ਭੁਲਾਇਆ।।

**—ਗੁਰਿੰਦਰ ਗਿੱਲ**

# ਮਾਇਆ

ਹਰ ਕੋਈ ਕਰਦਾ ਮਾਇਆ ਮਾਇਆ,
ਮਾਇਆ ਨੇ ਸਭ ਨੂੰ ਰੱਬ ਭੁਲਾਇਆ।
ਬਿਨ ਮਤਲਬ ਦੇ ਹੀ ਪਾਵੇ ਪੁਆੜੇ,
ਖਲੇਰਾ ਖੂਬ ਹੈ ਪਾਇਆ ਮਾਇਆ।।

ਰਿਸ਼ਤੇ ਭੁਲਾ ਆਪਣੇ ਦੇਂਦੇ ਨੇ ਧੋਖਾ,
ਮਾਇਆ ਨਾਲ ਦਿਲ ਹੈ ਲਾਇਆ।
ਰਚ ਜਾਵੇ ਹੱਡਾਂ ਵਿਚ ਲੈਂਦੀ ਖ਼ੂਨ ਨਚੋੜ,
ਮੱਤ ਨਾ ਆਵੇ ਭਾਵੇਂ ਜਾਇ ਸਮਝਾਇਆ।।

ਮੁਹੱਬਤ ਦਾ ਔਖਾ ਪੈਂਡਾ ਔਖੀ ਘਾਟੀ,
ਮਿਲ ਜੇ ਤਾਂ ਦੌਲਤ ਨੂੰ ਜਾਇ-ਠੁਕਰਾਇਆ।
ਮਿੱਠਾ ਜ਼ਹਿਰ ਤੇ ਕਿਸੇ ਲਈ ਇਹ ਕਹਿਰ,
ਫਿਰ ਭੀ ਸਬਨੂੰ ਹੈ ਇਸਨੇ ਭਰਮਾਇਆ।।

ਫ਼ਕੀਰ ਲਈ ਇਹ ਬੰਧਨਾਂ ਦੀ ਲਕੀਰ ਹੈ,
ਬੰਦੇ ਲਈ ਪੰਜੇ ਪੀਰ ਮਾਇਆ ਦਾ ਸਰਮਾਇਆ।
ਜਿਹੜਾ ਇਹਦੇ ਪਿੱਛੇ ਲਗੇ ਜਾਇਆ ਠੱਗੇ,
ਸੁੱਕਾ ਜਾਨ ਨ ਦੇਂਦੀ ਕੰਡਿਆਂ ਤੇ ਨਚਾਵੇ ਮਾਇਆ।।

ਅਰਬਾਂ ਜੋੜੇ ਕਰ ਫ਼ਰੇਬ ਰਹਿ ਜਾਣਗੇ,
ਖ਼ਫ਼ਨ 'ਚ ਨਾ ਜ਼ੇਬ ਹੈ ਨਾ ਜਾਏ ਲਾਇਆ।
ਸਮਝੋ ਖ਼ਾਕ ਤੋਂ ਵੱਡੀ ਕੋਈ ਦੌਲਤ ਨਹੀਂ,
ਉਸੇ 'ਚ ਮਿਲ ਜਾਣਾ ਜਿਨ੍ਹੇ ਹੈ ਉਪਜਾਇਆ।।

—**ਗੁਰਿੰਦਰ ਗਿੱਲ**



# ਇੱਟ ਗਾਰੇ ਨੂੰ ਮੱਥਾ ਟੇਕਣ

ਅੱਥਰੂ ਦੱਸਦੇ ਹਾਲ ਦਿਲਾਂ ਦਾ ਦਰਦ ਓਹਦੇ ਅੰਦਰ ਏ,
ਨ ਠੱਲ ਪਾ ਵਹਿ ਲੈਣਦੇ ਰੁਕੇਗਾ ਨਹੀਂ ਇਹ ਸਮੁੰਦਰ ਏ।

ਅੱਥਰੂ ਡਿਗਦਾ ਗ਼ਰੀਬ ਦਾ ਜਦ ਕਹਿਰ ਢਹਿੰਦਾ ਨਸੀਬ ਦਾ,
ਇਨਸਾਫ਼ ਕਰੂ ਕੌਣ ਹਾਕਿਮ ਦੇ ਹੱਥ 'ਚ ਈ ਤੇ ਖੰਜਰ ਏ।

ਕੀ ਪੁੱਛਾਂ ਉਸ ਅੱਖ ਨੂੰ ਰੋਂਦੀ ਏ ਜਿਹੜੀ ਲੁੱਟੀ ਹੋਈ ਪੱਤ ਨੂੰ,
ਖੂਨ ਖ਼ਰਾਬਾ ਨਿੱਤ ਕਰਦੇ ਜਨਾ ਖਨਾ ਬਣ ਬੈਠਾ ਪਤੰਦਰ ਏ।

ਅੰਧ ਵਿਸ਼ਵਾਸਾਂ ਦੀ ਚੱਲੇ ਹਨੇਰੀ ਜਾਂਦੇ ਨੇ ਬਾਬਿਆਂ ਦੇ ਡੇਰੀਂ,
ਇੱਟ ਗਾਰੇ ਨੂੰ ਮੱਥਾ ਟੇਕਣ ਡੋਲ ਰਿਹਾ ਮਨ ਮੰਦਿਰ ਏ।

ਪੈਸੇ ਨਹੀਂ ਪਿਆਰ ਕਮਾਓ ਮਜ਼ਾਰ ਨਹੀਂ ਗੁਰੂਘਰ ਜਾਓ,
ਕੰਧੇ ਚਾਰ ਲੈ ਜਾਂਦੇ ਨੇ ਪੈਸੇ ਨ ਜਾਂਦੇ ਸ਼ਮਸ਼ਾਨ ਅੰਦਰ ਏ।

ਝੂਠੇ ਦਿਖਾਵੇ ਦਿਲਾਸੇ ਛੱਡ ਮੁਹੱਬਤ ਦਾ ਰਾਤੀ ਚਾਨਣ ਕਰ,
ਲੱਭੋ ਕੋਈ ਹੱਲ ਨਫਰਤ ਦਾ ਕੱਢੋ ਮੁਹੱਬਤ ਜਿਹੜੀ ਅੰਦਰ ਏ।

ਜ਼ਰਾ ਅੰਦਰ ਝਾਤੀ ਮਾਰ ਤੂੰ ਜਜ਼ਬਾਤਾਂ ਨੂੰ ਵੀ ਦੇਈ ਮਾਰ ਤੂੰ,
ਖ਼ਤਮ ਕਰ ਹਉਮੈ ਹੰਕਾਰ ਵਸਾ ਲੈ ਓਹਨੂੰ ਤੇਰੇ ਮਨ ਮੰਦਿਰ ਏ।

ਕਾਹਤੋਂ ਜੱਗ ਜਾਹਿਰ ਨਾ ਕਰਦਾ ਕਾਹਨੂੰ ਜਾਨਾ ਹੁਨਰ ਲੁਕੋਈ,
ਕੁਛ ਨ ਛੁਪਿਆ ਤੈਥੋਂ ਲਿਖ ਤੇਰੀ ਕਲਮ ਨਾਲ ਜੋ ਤੇਰੇ ਅੰਦਰ ਏ।

—**ਗੁਰਿੰਦਰ ਗਿੱਲ**

## ਨ ਤਰ ਨਫਰਤ ਦੇ ਪਾਣੀਆਂ

ਦੁਨੀਆਂ ਉੱਤੇ ਚਾਨਣ ਹੋ ਜੂ ਕਦੇ ਮੋਮਬੱਤੀ ਵਾਂਗੂ ਜਲਕੇ ਦੇਖ,
ਨਾ ਤੂੰ ਸਿਖਾ ਲੋਕਾਂ ਤਾਈਂ ਕਦੇ ਖੁਦ ਘੁੱਟ ਸਬਰ ਦਾ ਭਰਕੇ ਦੇਖ ਏ।
ਕੋਈ ਭਲੀ ਕਰੇ ਕੋਈ ਮੰਦੀ ਬਹੁ ਰੰਗਾਂ ਵਿਚ ਹੈ ਦੁਨੀਆਂ ਰੰਗੀ,
ਲੋਕੀਂ ਤੈਨੂੰ ਫ਼ਕੀਰ ਆਖਦੇ ਕਦੇ ਓਹਦੇ ਰੰਗੀ ਰੰਗ ਕੇ ਤੇ ਦੇਖ।।

ਜੀਵਨ ਦਾ ਮਕਸਦ ਮਿਲੇਗਾ ਹਰ ਕੋਈ ਪਾਕ ਮੁਕੱਦਸ ਦਿਖੇਗਾ,
ਨਾਨਕ ਗੋਬਿੰਦ ਵਾਂਗੂ ਕਦੇ ਕਿਸੇ 'ਤੇ ਆਪਣੇ ਆਪਨੂੰ ਵਾਰ ਕੇ ਦੇਖ।
ਝੂਠ ਦੀ ਉਤਾਰ ਤੂੰ ਜਾਲੀ ਉੱਤਰ ਜਾਏਗੀ ਤੇਰੀ ਮੈਂ ਮਹਿਕਸ਼ੀ ਵਾਲੀ,
ਨ ਤਰ ਨਫ਼ਰਤ ਦੇ ਪਾਣੀਆਂ ਸਾਗਰ ਏ ਮੁਹੱਬਤ ਡੁਬਕੀ ਲਾ ਕੇ ਦੇਖ।।

ਦੁਨੀਆਂ ਵਾਂਗ ਨਾ ਕਰ ਚਲਿੱਤ੍ਰ ਫੈਲਾਅ ਪ੍ਰੇਮ ਮੁਹੱਬਤ ਪਾਕ ਪਵਿੱਤਰ,
ਰਹਿਮਤਾਂ ਅਸੀਮ ਵਰਤਣਗੀਆਂ ਨਾਮ ਸ਼ਬਦ ਦੀ ਪਤੰਗ ਚਾੜ ਕੇ ਦੇਖ।
ਪੋਚ ਅਮਲਾਂ ਦੀ ਤੇਰੀ ਫੱਟੀ ਗੁਨਾਹ ਤੇਰਿਆਂ ਦਾ ਵੇਰਵਾ ਜਾਊ ਕੱਟੀ,
ਬਖਸ਼ ਦਵੇਗਾ ਉਹ ਆਪਣੀ ਰਹਿਮਤ ਨਾਲ ਤੂੰ ਕੋਸ਼ਿਸ਼ ਕਰ ਕੇ ਦੇਖ।।

ਨਾ ਬਣਾ ਵਿਉਂਤਾਂ ਵੱਡੀਆਂ ਨਹੀਂ ਤੇ ਅੱਖਾਂ ਰਹਿ ਜਾਣਗੀਆਂ ਟੱਡੀਆਂ,
ਖ਼ਫ਼ਨ ਕੀ ਜਿਸਮ ਤਕ ਤੇ ਨਾਲ ਨੀ ਜਾਣਾ ਜਰਾ ਸੋਚ ਵਿਚਾਰ ਕੇ ਦੇਖ।
ਵੇਖੋ ਵੇਖੀ ਜਿਦੋ ਜ਼ਿੱਦੀ ਸਭ ਰਾਹ ਵੱਖਰੇ ਵੱਖਰੇ ਅਪਣਾਏ ਹੋਏ ਬੈਠੇ ਨੇ,
ਇੱਕੋ ਮੈਂ ਇਕ ਨੂਰ ਤੇ ਜੱਗ ਉਪਜਿਆ ਜਰਾ ਉਸ ਰਾਹੇ ਤੂੰ ਚੱਲ ਕੇ ਦੇਖ।।

—**ਗੁਰਿੰਦਰ ਗਿੱਲ**



## ਮਾਪੇ

ਮਾਪੇ ਜਨਮ ਵੀ ਦਿੰਦੇ ਨੇ ਤਾਲੀਮ ਵੀ ਦਿੰਦੇ ਨੇ,
ਧੀਆਂ ਖਾਤਿਰ ਮਾਪੇ ਕੀ ਕੀ ਨਹੀਂ ਸਹਿੰਦੇ ਨੇ।
ਪੜ੍ਹਾ ਲਿਖਾ ਕੇ ਵੱਡਾ ਕਰਦੇ ਰਾਖੀ ਵੀ ਕਰਦੇ,
ਭਾਂਵੇ ਕੰਡਾ ਲੱਗੇ ਤਾਂ ਵੀ ਦੁੱਖ ਮਾਪੇ ਹੀ ਸਹਿੰਦੇ ਨੇ।।

ਸਾਰੇ ਵਖਤ ਜਾਲਦੇ ਪੁੱਤਾਂ ਵਾਂਗੂੰ ਧੀਆਂ ਪਾਲਦੇ,
ਸਾਰੇ ਸੁਫ਼ਨੇ ਪੂਰੇ ਕਰਨ ਮੂੰਹੋਂ ਉਫ਼ ਨਾ ਕਹਿੰਦੇ ਨੇ।
ਵੱਡੀਆਂ ਹੋਣ ਤੇ ਫਿਰ ਪਵੇ ਫ਼ਿਕਰ ਵਿਆਹ ਦਾ,
ਪਾਲ ਪੋਸ ਧੀਆਂ ਦੇਣ ਨਾਲ ਦਾਜ ਵੇ ਦਿੰਦੇ ਨੇ।।

ਕਿਹੋ ਜਿਹੀ ਐ ਰੀਤ ਬਣਾਈ ਧੀ ਹੋ ਜੇ ਪਰਾਈ,
ਘਰ ਪਰਾਏ ਸਗਨ ਵਿਹਾਰਾਂ ਦਾ ਖਰਚਾ ਵੀ ਦਿੰਦੇ ਨੇ।
ਤਾਹਨੇ ਮਿਹਣੇ ਸਹਿੰਦੇ ਮੰਗਾਂ ਪੂਰੀਆਂ ਕਰਦੇ,
ਧੀਆਂ ਖ਼ਾਤਿਰ ਮਾਪੇ ਬਹੁਤ ਕੁਝ ਸਹਿ ਜਾਂਦੇ ਨੇ।।

ਰੱਬ ਤੋਂ ਰਤਾ ਨਾ ਡਰਦੇ ਬਿਗਾਨੀਆਂ ਧੀਆਂ ਸਾੜਦੇ,
ਸਭ ਕੁਝ ਦੇ ਲੈ ਕੇ ਵੀ ਮਾਪੇ ਆਖਿਰ ਹਾਰ ਜਾਂਦੇ ਨੇ।
ਨਹੀਂ ਸਮਝਦੇ ਧੀਆਂ ਨ ਹੁੰਦੀਆਂ ਤੇ ਦੁਨੀਆ ਨ ਹੁੰਦੀ,
ਉਹ ਵੀ ਇਹੋ ਜਿਹੇ ਕਾਰੇ ਕਰਦੇ ਜੋ ਕਹਿੰਦੇ ਕਹਾਉਂਦੇ ਨੇ।।

ਬਣ ਮਾਵਾਂ ਨਸਲ ਵਧਾਉਣ ਘਰ ਸਵਰਗ ਬਣਾਉਣ,
ਬਦਹਾਲ ਬੇਕਿਰਕੇ ਸਹੁਰੇ ਕੋਈ ਕਦਰ ਕਾ ਪਾਉਂਦੇ ਨੇ।
ਨੂੰਹ ਨੂੰ ਜੋ ਧੀ ਨਾ ਸਮਝਣ ਸਾੜਨ ਉਹਨਾਂ ਦਾ ਤਨ ਜਾਂ ਮਨ,
ਰੱਬ ਤੇ ਪਾਊਗਾ ਹੀ ਪਰ ਲੋਕ ਵੀ ਲਾਹਨਤਾਂ ਪਾਉਂਦੇ ਨੇ।।

—**ਗੁਰਿੰਦਰ ਗਿੱਲ**

# ਜੋ ਨਾ ਹੋਵਣ ਮੁਹੱਬਤ ਤੋਂ ਕੋਹਝੇ

ਭੁੱਖਿਆਂ ਨੂੰ ਕੋਈ ਪੁਛੇ ਨਾਹੀਂ ਰਜਿਆਂ ਤਾਈਂ ਰਜਾਉਂਦੇ ਨੇ,
ਫਟੇ ਹਾਲ ਵੇਖ ਗਰੀਬ ਨੂੰ ਐਂਵੇ ਮੱਥੇ ਤਿਉੜੀਆਂ ਪਾਉਂਦੇ ਨੇ।

ਦੁਨੀਆਂ ਵਾਲੇ ਜ਼ਖਮ ਬਥੇਰੇ ਦਿੰਦੇ ਨੇ ਸਿਤਮ ਵੀ ਕਰਦੇ ਨੇ,
ਨਾ ਮੱਲਮਾਂ ਲਾਵਣ ਨਾ ਦਰਦ ਵੰਡਾਉਣੇ ਇਨ੍ਹਾਂ ਨੂੰ ਆਉਂਦੇ ਨੇ।

ਦੋ ਕਦਮ ਨਾਲ ਨ ਚੱਲੇ ਵਾਟਾਂ ਕੱਟਣੀਆਂ ਤੇ ਗੱਲ ਏ ਦੂਰ ਦੀ,
ਜੇ ਦੋ ਪਲ ਚੱਲ ਵੀ ਪੈਣ ਤਾਂ ਫ਼ਿਰ ਸਾਰੀ ਉਮਰ ਸੁਣਾਉਂਦੇ ਨੇ।

ਘਰੇ ਲੱਗੇ ਤਾਂ ਅੱਗ ਨੇ ਕਹਿੰਦੇ ਦੂਜੇ ਦੇ ਲੱਗੇ ਬਸੰਤਰ ਦੇਵਤਾ,
ਬੁਝਾਉਣ ਦੀ ਨ ਸੋਚਣ ਪਰ ਬਲਦੀ 'ਚ ਤੇਲ ਜਰੂਰ ਪਾਉਂਦੇ ਨੇ।

ਕੁਝ ਲੁੱਕ ਛੁੱਪ ਤੀਰ ਚਲਾਉਣ ਤੇ ਪਰ ਸਾਹਮਣੇ ਕਦੇ ਨ ਆਉਣ,
ਕੰਢਾ ਕਿਸੀ ਦਾ ਕੱਢਦੇ ਨਾਹੀਂ ਪਿੱਠ ਵਿਚ ਖੰਜਰ ਜਰੂਰ ਚੁਭਾਉਂਦੇ ਨੇ।

ਦਿਲ ਤੋੜਨ ਦਿਲਦਾਰਾਂ ਦਾ ਸਚੇ ਸੁੱਚੇ ਯਾਰਾਂ ਦਾ ਭਰਾਵਾਂ ਦਾ,
ਦਿਲ ਦੀ ਮੈਲ ਨੇ ਸਾਂਭਕੇ ਰੱਖਦੇ ਕੰਧ ਹਉਮੈ ਦੀ ਵੀ ਨ ਢਾਹੁੰਦੇ ਨੇ।

ਜੋ ਨਾ ਹੋਵਣ ਮੁਹੱਬਤ ਤੋਂ ਕੋਹਝੇ ਉਹ ਰੱਖਣ ਮਾਫੀਆਂ ਦੇ ਰੋਜ਼ੇ,
ਉਹ ਰੱਜ ਰੱਜ ਯਾਰ ਮਨਾਉਂਦੇ ਨੇ ਤਸਬੀਆਂ ਤੇ ਵੀ ਧਿਆਉਂਦੇ ਨੇ।

**—ਗੁਰਿੰਦਰ ਗਿੱਲ**



# ਅੰਦਰ ਵੱਸੇ ਰੱਬ

ਸੋਹਿਲੇ ਲਿਖ-ਲਿਖ ਕੇ ਮੌਤ ਦੇ ਜ਼ਾਲ ਵਿਛਾਏ ਲੋਕਾਂ ਨੇ,
ਹੰਝੂ ਭਰ ਭਰ ਕਲਮ ਲਿਖੇ ਭਾਂਵੇਂ ਪਹਿਰੇ ਲਾਏ ਲੋਕਾਂ ਨੇ।

ਨ ਅੱਖ ਰਲ਼ਾਵਨ ਤੇ ਆਪਣੇ-ਆਪਣੇ ਐਬ ਛੁਪਾਵਨ,
ਦੇਖੋ ਚੇਹਰੇ 'ਤੇ ਚੇਹਰੇ ਕਿੰਨੇ ਹੈ ਲਗਾਏ ਲੋਕਾਂ ਨੇ।

ਭਲਾ ਸਰਬਤ ਦਾ ਨਾ ਮੰਗਦੇ ਹੋਰਾਂ ਦਾ ਬੁਰਾ ਨੇ ਲੋਚਦੇ,
ਕਿਵੇਂ ਢਾਹ ਦਿਲਾਂ ਦੇ ਪੱਥਰਾਂ ਦੇ ਮਹਿਲ ਬਣਾਏ ਲੋਕਾਂ ਨੇ।

ਕਿੰਤੂ ਪਰੰਤੂ ਨਾ ਛੱਡਦੇ ਆਪਣੀ ਪਹਿਚਾਣ ਨ ਕਰਦੇ,
ਅੰਦਰ ਵੱਸੇ ਰੱਬ ਬਾਹਰ ਲੱਭਣ ਦੇ ਅਸੂਲ ਬਣਾਏ ਲੋਕਾਂ ਨੇ।

ਮਾਰ ਮਾਰ ਠੱਗੀਆਂ ਬੈਠੇ ਨੇ ਹਜ਼ਾਰਾਂ ਲੱਖਾਂ ਕਰੋੜਾਂ ਜੋੜ,
ਨਾਲ ਲਿਜਾਣ ਖਾਤਿਰ ਖ਼ਫ਼ਨਾਂ 'ਚ ਜ਼ੇਬ ਲਗਾਏ ਲੋਕਾਂ ਨੇ।

ਭੁੱਲ ਗਏ ਜਿਥੇ ਉਹ ਚਲਿਆ ਮੈਂ ਵੀ ਹੈ ਜਾਣਾ ਉਸੀ ਰਾਹ,
ਵੇਖ ਜਨਾਜ਼ਾ ਵੈਰੀ ਦਾ ਵੇਖੋ ਕਿਵੇਂ ਚਾਅ ਚੜਾਏ ਲੋਕਾਂ ਨੇ।

ਜ਼ਾਲਿਮਾਂ ਨੂੰ ਸਜਦੇ ਕਰਦੇ ਰਾਹਵਾਂ 'ਚ ਨੇ ਫੁੱਲ ਵਿਛਾਉਂਦੇ,
ਗਰੀਬ ਗੁਰਬਿਆਂ ਤੇ ਪਰ ਬੜ੍ਹੇ ਜ਼ੁਲਮ ਕਮਾਏ ਲੋਕਾਂ ਨੇ।

ਅੱਜ ਨੀ ਤੇ ਕਲ ਜਰਾ ਜੀ ਠੋਕਰ ਨਾਲ ਘੜ੍ਹਾ ਜਾਣਾ ਭੱਜ,
ਰੱਬ ਯਾਦ ਨ ਆਵੇ ਭੁੱਲਣ ਦੇ ਕਈ ਰਾਹ ਬਣਾਏ ਲੋਕਾਂ ਨੇ।

**—ਗੁਰਿੰਦਰ ਗਿੱਲ**

## ਅੰਦਰੋਂ ਓਹਨੂੰ ਪਾ ਲੈਂਦੇ ਨੇ

ਜੋ ਨੇ ਸੌਦਾਗਰ ਪਿਆਰ ਦੇ ਜੋ ਨੇ ਗਾਹਕ ਪਿਆਰੇ ਯਾਰ ਦੇ,
ਦਰਦਾਂ ਦੇ ਲੈਣ ਕਾਫ਼ਿਲੇ ਵੇਚਣ ਖੁਸ਼ੀਆਂ ਬਦਲੇ ਪਿਆਰ ਦੇ।

ਪਰਵਾਨੇ ਲਾਟਾਂ ਦੇ ਸੀਨੇ ਵਿਨਾਉਂਦੇ ਨੇ ਅੱਗ ਦਿਲੀਂ ਲਾਉਂਦੇ ਨੇ,
ਆਸ਼ਿਕ ਘਾਟੇ ਪਾ ਸੌਦੇ ਕਰਦੇ ਨੇ ਜਦ ਹੀਰੇ ਦਿਲ ਦੇ ਨੇ ਹਾਰ ਦੇ।

ਗ਼ਮਾਂ ਦੇ ਘਾਟੇ ਖਾਂਦੇ ਦਰਦਾਂ ਦੀ ਚੱਟੀ ਭਰਦੇ ਚਲਿਤ੍ਰ ਨ ਕਰਦੇ,
ਸ਼ੀਸ਼ੇ ਜਿਹੇ ਹਿਰਦੇ ਵਾਲੇ ਲਾ ਲੈਂਦੇ ਡੇਰਾ ਫਿਰ ਵਿਚ ਕੁੱਲੀ ਯਾਰ ਦੇ।

ਸੱਚੇ ਦਿੱਲਾਂ ਦੇ ਆਲ੍ਹਣੇ ਮਿਲ ਜਾਵਣ ਤੇ ਫਿਰ ਇਹ ਵੱਸ ਜਾਂਦੇ ਨੇ,
ਸੀਨੇ ਦੇ ਪਿੰਜਰੇ 'ਚ ਵੱਸ, ਰਹਿਣ ਨ ਫਿਰ ਆਰ ਦੇ ਨ ਪਾਰ ਦੇ।

ਮਾਸ਼ੂਕ ਲਈ ਵਿੱਕ ਜਾਂਦੇ ਨੇ ਆਖ਼ਿਰ ਸੂਲੀ ਵੀ ਚੜ੍ਹ ਜਾਂਦੇ ਨੇ,
ਅੱਥਰੂ ਡਿੱਗੇ ਮਾਸ਼ੂਕ ਦਾ ਦੇਹੀ ਦੇ ਤਖ਼ਤੇ ਚੀਰ ਆਪਾ ਨੇ ਮਾਰ ਦੇ।

ਅੱਖਾਂ ਦੀ ਸੱਚੀ ਤਕੜੀ ਤੁਲ ਜਾਂਦੇ ਨੇ ਦੁਨੀਆਂ ਭੁੱਲ ਜਾਂਦੇ ਨੇ,
ਸੋਨੇ ਚਾਂਦੀ ਹੀਰੇ ਮੋਤੀ ਦੀ ਕੀ ਔਕਾਤ ਪਿਆਰ ਨਾਲ ਨੇ ਸਾਰ ਦੇ।

ਫੋਕੇ ਪਾਣੀ ਨੂੰ ਸ਼ਰਬਤ ਪਿਆਲਾ ਤੇ ਪਾਟੀ ਲੀਰ ਨੂੰ ਦੁਸ਼ਾਲਾ,
ਅੰਦਰੋਂ ਓਹਨੂੰ ਪਾ ਲੈਂਦੇ ਨੇ ਫਿਰ ਆਸ਼ਿਕ ਦੁਨੀਆ ਨੂੰ ਨੇ ਹਾਰ ਦੇ।

**—ਗੁਰਿੰਦਰ ਗਿੱਲ**



## ਇਹ ਜੱਗ ਮਿੱਟੀ ਤੇ ਤੂੰ ਵੀ ਮਿੱਟੀ

ਉਸ ਦਾਤਾ ਦੇ ਕਹਿਰ ਤੋਂ ਤੂੰ ਬੰਦਿਆਂ ਕੁਝ ਤੇ ਡਰਿਆ ਕਰ,
ਹੋਕੇ ਬੇਪ੍ਰਵਾਹ ਫਿਰਦਾ ਏ ਯਾਦ ਓਹਨੂੰ ਕੁਝ ਤੇ ਕਰਿਆ ਕਰ।

ਬੜ੍ਹੇ ਸ਼ੌਕ ਨਾਲ ਸੋਨੇ ਚਾਂਦੀ ਦੀਆਂ ਠੀਕਰੀਆਂ ਗਿਣਦਾ ਏ,
ਅਮਲ ਅਮਾਲ ਦੀ ਦੌਲਤ ਲਈ ਵੀ ਕੁਝ ਤੇ ਕਰਿਆ ਕਰ।

ਉਹ ਪਲ ਜਲ ਨੂੰ ਥਲ ਤੇ ਥਲ ਨੂੰ ਫਿਰ ਜਲ ਕਰ ਦੇਂਦਾ ਏ,
ਦੁਨੀਆ ਰੂਪੀ ਇਸ ਸਾਗਰ ਨੂੰ ਸੋਚ ਸੋਚ ਕੇ ਤਰਿਆ ਕਰ।

ਦੁਨੀਆਂ ਖੇਡ ਤਮਾਸ਼ਾ ਏ ਪਲ ਵਿਚ ਤੋਲਾ ਪਲ 'ਚ ਮਾਸਾ ਏ,
ਇਸ ਦਾ ਬਾਹਲਾ ਮੋਹ ਵੀ ਨਾ ਤੂੰ ਦਿਲ 'ਚ ਭਰਿਆ ਕਰ।

ਕਦੇ ਉਹ ਆਪੇ ਹੀ ਹੈ ਰਾਜ ਬਿਠਾਵੇ ਆਪੇ ਹੀ ਭੁੰਜੇ ਲਾਵੇ,
ਮਿਲੀ ਹੈ ਦੌਲਤ ਤੈਨੂੰ ਗ਼ਰੀਬਾਂ ਦਾ ਭਾਰ ਹੌਲਾ ਕਰਿਆ ਕਰ।

ਦੇਣਾ ਲੈਣਾ ਖੇਲ ਹੈ ਕਿਸਮਤ ਦਾ ਬਣੇ ਰਾਜਾ ਤੇ ਕੋਈ ਫ਼ਕੀਰ,
ਨਿਘਰਿਆ ਵੇਖ ਗੁਆਂਢੀ ਨੂੰ ਨਾ ਸੜਿਆ ਕਰ ਤੂੰ ਜਰਿਆ ਕਰ।

ਜਦ ਮੌਤ ਦਾ ਪਰਵਾਨਾ ਆਉਂਦਾ ਭਾਣਾ ਤਦੇ ਵਰਤ ਜਾਂਦਾ,
ਖਾਲੀ ਹੱਥੀਂ ਜਾਣਾ ਏ ਜ਼ਿਆਦਾ ਭਾਰ ਇਕੱਠਾ ਨਾ ਕਰਿਆ ਕਰ।

ਇਹ ਜੱਗ ਮਿੱਟੀ ਤੇ ਤੂੰ ਵੀ ਮਿੱਟੀ ਦੱਸਾਂ ਮੈਂ ਤੈਨੂੰ ਗੱਲ ਸਿੱਧੀ ਸਿੱਧੀ,
ਭਾਂਵੇ ਸਾਰਾ ਜੱਗ ਜਿੱਤ ਲੈ ਪਰ ਓਹਦੇ ਕੋਲੋਂ ਤੂੰ ਹਰਿਆ ਕਰ।

**—ਗੁਰਿੰਦਰ ਗਿੱਲ**

# ਦਾਤਿਆ ਤੂੰ ਲਿਖੀ ਧੀਆਂ ਦੀ ਤਕਦੀਰ

ਘਰ ਪੇਕੇ ਪਰਾਈਆਂ ਸਹੁਰੇ ਘਰ ਬਿਗਾਨੀਆਂ ਜਾਈਆਂ,
ਇਹ ਕਿਹੋ ਜਿਹੀ ਦਾਤਿਆ ਤੂੰ ਲਿਖੀ ਧੀਆਂ ਦੀ ਤਕਦੀਰ।

ਕੋਈ ਕੁੱਖ ਵਿਚ ਮਾਰੇ ਕੋਈ ਜਿਉਂਦੇ ਜੀ ਇਹਨਾਂ ਨੂੰ ਸਾੜੇ,
ਨ ਕੋਈ ਇਹਨਾਂ ਦਾ ਸੁਖ ਵੰਡਾਵੇ ਨ ਬੰਧਾਵੈ ਕੋਈ ਧੀਰ।

ਅੱਖਾਂ ਫਾੜ ਕੇ ਵੇਖਣ ਸਾਰੇ ਜਿਵੇਂ ਵੇਖਣ ਕੋਈ ਨਜ਼ਾਰੇ,
ਹੱਥੀਂ ਚੜ੍ਹ ਜਾਣ ਤੇ ਨੋਚ ਖਾ ਜ਼ਮੀਨ 'ਚ ਗੱਡ ਦੇਣ ਸ਼ਰੀਰ।

ਜੀਵਨ ਸਾਥੀ ਜੇ ਖੁਦ ਲੱਭ ਲਈਏ ਬੇਮੌਤ ਹੀ ਫਿਰ ਮਰੀਏ,
ਜੀਉ ਨਾ ਫਿਰ ਅਸੀਂ ਸਕੀਏ ਮਾਰ ਦੇਣ ਕੀ ਮਾਪੇ ਤੇ ਕੀ ਵੀਰ।

ਗਾਂਵਾਂ ਵਾਂਗੂ ਧੱਕ ਦੇਂਦੇ ਨੇ ਇੱਕ ਕਿਲੇ ਤੋਂ ਦੂਜੇ ਬੰਨ ਦੇਂਦੇ ਨੇ,
ਦਾਜ ਦੇ ਮੇਹਣੇ ਦੇ ਦੇ ਤੰਦੂਰਾਂ ਵਿਚ ਫਿਰ ਸਾੜੇ ਜਾਨ ਸਰੀਰ।

ਬਿਨ ਧੀ ਮਾਂ ਅਧੂਰੀ ਹੈ ਘਰ ਵਿਚ ਰੁੱਖ ਲਾਉਣਾ ਜਰੂਰੀ ਹੈ,
ਰੁੱਖ ਧੁੱਪ 'ਚ ਧੀ ਦੁੱਖ 'ਚ ਦੁੱਖ ਵੰਡਾਏ ਕਹਿ ਗਏ ਪੀਰ ਫ਼ਕੀਰ।

ਰੱਬ ਨਾਲ ਨਾ ਵੈਰ ਪਾਓ ਮਿਲੀ ਆ ਧੀ ਗੱਲ ਨਾਲ ਲਾਓ,
ਇਹੀ ਵੰਸ਼ ਵਧਾਵੇ ਨਹੀਂ ਤੇ ਰੁਕ ਜਾਵੇ ਰਾਜੇ ਦੀ ਵੀ ਲਕੀਰ।

**—ਗੁਰਿੰਦਰ ਗਿੱਲ**



# ਜਿਉਂਦੇ ਜੀ ਮਰਨਾ ਸਿੱਖ

ਗ਼ਮ ਦੇ ਸਮੁੰਦਰਾਂ 'ਚ ਨਿੱਤ ਗੋਤੇ ਲਾਉਂਦਾ ਏ ਕਦੇ ਤੈਰਨਾ ਵੀ ਸਿੱਖ,
ਦੁੱਖ ਦਰਦ ਤੇ ਮਿਲਦੇ ਈ ਰਹਿਣੇ ਨੇ ਇਹਨਾਂ ਨੂੰ ਜਰਨਾ ਵੀ ਸਿੱਖ।

ਸਦਾ ਸੁੱਤਾ ਹੀ ਰਹਿਣਾ ਹੈ ਦਿਲ ਗਾਫਲਾ ਤੂੰ ਉੱਠ ਤੇ ਜਾਗ ਹੁਣ,
ਸੁਤੇ ਸਾਜ਼ਾਂ ਦੀਆਂ ਤਾਰਾਂ ਤੇ ਜਾਗੇ ਰਾਗ ਨੂੰ ਅਲਾਪਣਾ ਵੀ ਸਿੱਖ।

ਯਾਰੀ ਰੱਖਦਾ ਜੋ ਹਬੀਬ ਨਾਲ ਜਿੱਤ ਜਾਂਦਾ ਏ ਉਹ ਨਸੀਬ ਨਾਲ,
ਸਿਰ ਨਿਉਣਾ ਅੱਖਾਂ ਝੁਕਾਉਣਾ ਸਿੱਖਾਂ ਦੇਂਦਾ ਤੂੰ ਹਾਰਨਾ ਵੀ ਸਿੱਖ।

ਝੂਠੇ ਬਾਬਿਆਂ ਕੁਫ਼ਰ ਪਿਆਰਾ ਝੂਠਾ ਲਾਉਂਦੇ ਸਵਰਗ ਦਾ ਲਾਰਾ,
ਰੀਤ ਦੁਨੀਆ ਦੀ ਭਾਂਵੇ ਪੁਗਾ ਪਰ ਸੱਚੇ ਰੱਬ ਨੂੰ ਧਿਆਉਣਾ ਵੀ ਸਿੱਖ।

ਕੀ ਲਿਖਦਾ ਏ ਉਹ ਵਿੱਚ ਮੁਕੱਦਰਾਂ ਦੇ ਕਿਸੀ ਨੂੰ ਸੋਝੀ ਨਾ ਆਵੇ,
ਰੱਬ ਸੁਣਦਾ ਏ ਸਬ ਦੀ ਅੰਦਰ ਰਾਗ ਚਲੇ ਓਹਨੂੰ ਸੁਣਨਾ ਵੀ ਸਿੱਖ।

ਇਹ ਝੂਠਾ ਜਗਤ ਤਮਾਸ਼ਾ ਸਾਰਾ ਵੇਖ ਉਲਝਿਆ ਫਿਰੇ ਜੱਗ ਸਾਰਾ,
ਰੂਹ ਓਹਦੀ ਹੈ ਕਰਜ਼ਾਈ ਕਰਮਾਂ ਦੇ ਕਰਜ਼ ਨੂੰ ਘੱਟ ਕਰਨਾ ਵੀ ਸਿੱਖ।

ਝੁਰ ਝੁਰ ਪਛੋਤਾਵੈ ਕਰਨਾ ਅਮਲਾਂ ਬਾਝੋਂ ਖਾਲੀ ਹੱਥ ਪਏ ਮਲਣਾ,
ਵਾਪਸ ਜਾਣ ਲਈ ਖੋਲ੍ਹਣੀਆਂ ਪੈਣਾ ਗੁੰਝਲਾਂ ਖੋਲ੍ਹਣਾ ਵੀ ਸਿੱਖ।

ਦੁਨੀਆਂ ਤੋਂ ਹਾਰਿਆਂ ਨੇ ਮਰਕੇ ਤੇ ਮਰਈ ਜਾਣਾ ਏ ਸਾਰਿਆਂ ਨੇ,
ਅੰਦਰ ਜੁੜਨਾ ਸਿੱਖ ਜਿਉਂਦੇ ਜੀ ਕਿਵੇਂ ਮਰਦੇ ਆ ਮਰਨਾ ਵੀ ਸਿੱਖ।

**—ਗੁਰਿੰਦਰ ਗਿੱਲ**

# ਰੂਹਾਂ ਵਾਲੀ ਗੱਲ ਪੱਲੇ ਨ ਪੈਂਦੀ

ਜੋ ਹੁੰਦੇ ਨਹੀਂ ਸ਼ੌਦਾਈ ਝੂਠੀਆਂ ਮੂਠੀਆਂ ਸ਼ਾਨਾਂ ਦੇ,
ਉਹ ਮੁੱਖ ਮੋੜ ਲਿਆਉਂਦੇ ਨੇ ਤੇਜ਼ ਤਰਾਰ ਤੂਫ਼ਾਨਾਂ ਦੇ।

ਜੇ ਅੰਦਰ ਦੇ ਰੌਲੇ ਨਾ ਗੌਲੇ ਖਾ ਜਾਣਗੇ ਹੌਲੇ ਹੌਲੇ,
ਏਕੋ ਹੀ ਵਿਓਂਤ ਹੈ ਤੂੰ ਪਾ ਲੈ ਰੱਸਾ ਗਲ ਅਰਮਾਨਾਂ ਦੇ।

ਜਿਸਮਾਂ ਦੇ ਤਾਣੇ ਬਾਣੇ ਨੇ ਕਹਿੰਦੇ ਲੋਕ ਸਿਆਣੇ ਨੇ,
ਰੂਹਾਂ ਵਾਲੀ ਗੱਲ ਪੱਲੇ ਨ ਪੈਂਦੀ ਮੂਰਖ ਇਨਸਾਨਾਂ ਦੇ।

ਉਤੋਂ ਤਾਂ ਸਬ ਆਖਣ ਮੇਰਾ ਮੇਰਾ ਵਿਚੋਂ ਫੇਰਨ ਦਾਤੀ,
ਹੁਸਨ ਵਣਜ ਪਾਵੈ ਘਾਟਾ ਕੋਈ ਮੁੱਲ ਨ ਦੇਂਦਾ ਜਾਨਾਂ ਦੇ।

ਜੀਹਦੇ ਜ਼ਖਮੀਂ ਮੱਲਮਾਂ ਧਰੀਆਂ ਪੱਟੀਆਂ ਵੀ ਕਰੀਆਂ,
ਰੂਹਾਂ ਨੂੰ ਜ਼ਖਮੀ ਕਰਦੇ ਚੋਟ ਨਾ ਪਾਉਂਦੇ ਜਿਸਮਾਂ ਜਾਨਾ ਦੇ।

ਉਤੋਂ ਖ਼ਚਰੀ ਹਾਸੀ ਹੱਸਦੇ ਬੁੱਕਲ 'ਚ ਖੰਜਰ ਨੇ ਰੱਖਦੇ,
ਭਾਂਵੇ ਖੂਨ ਦੇ ਛੱਪੜ ਲੱਗਣ ਰੰਗ ਨ ਬਦਲਣ ਅਸਮਾਨਾਂ ਦੇ।

ਉੱਚੀਆਂ ਪੱਗਾਂ ਸ਼ਮਲੇ ਉਚੇ ਬੋਲ ਸਦਾ ਪੁਗਾਉਂਦੇ ਸੱਚੇ,
ਕੱਟੇ ਜਾਣ ਪਰ ਸ਼ੀਸ਼ ਨਾ ਝੁਕਦੇ ਕਦੇ ਸ਼ੇਰ ਜਵਾਨਾਂ ਦੇ।

ਦੁੱਖ ਕਦੇ ਨ ਵੰਡਦਾ ਕੋਈ ਨ ਹਾਕਿਮ ਸੁਣੇ ਅਰਜੋਈ,
ਸਿਰ ਉੱਤੇ ਕਰਜ਼ੇ ਭਾਰੀ ਦੁੱਖ ਬੜ੍ਹੇ ਵੱਡੇ ਨੇ ਕਿਸਾਨਾਂ ਦੇ।

**—ਗੁਰਿੰਦਰ ਗਿੱਲ**



# ਮੈਂ ਮੈਂ ਕਰਦੇ ਮਰ ਮਿਟੇ

ਸਬ ਕੁਝ ਤੇ ਰਹਿ ਹੈ ਜਾਣਾ ਇੱਥੇ ਸਾਰੀ ਹੀ ਬੁਰਾਈ ਛੱਡ ਦਿਓ,
ਨਾਲ ਨਹੀਂ ਜਾਣੀ ਧੰਨ ਦੌਲਤ ਠੱਗੀ ਦੀ ਕਮਾਈ ਛੱਡ ਦਿਓ।

ਘਰ ਬਾਹਰ ਬਣਾ ਜੀਵਨ ਪੱਧਰ ਦਾ ਊਚਾ ਮੱਯਾਰ ਵੀ ਬਣਾ,
ਨਾਮ ਦੀ ਕਮਾਈ ਹੈ ਲਾਜ਼ਮੀ ਦੁਨਿਆਵੀ ਕਮਾਈ ਛੱਡ ਦਿਓ।

ਧਿਆਨ ਰੱਖ ਗਰੀਬ ਭੁੱਖੇ ਭਗਤੀ ਕਰਨੀ ਨਾ ਛੱਡ ਦੇਣ ਕੀਤੇ,
ਜੇ ਮਦਦ ਨ ਹੋ ਸਕੇ ਤਾਂ ਓਹਨਾ ਦੀ ਟੰਗ ਖਿਚਾਈ ਛੱਡ ਦਿਓ।

ਨਰਕਾਂ ਦਾ ਸਰਦਾਰ ਨੀ ਬਣਨਾ ਦੋਜ਼ਖ ਦੀ ਅੱਗ ਨੀ ਸੜਨਾ,
ਜੋ ਲਾਈ ਬੁਝਾਈ ਕਰਦੇ ਹੋ ਉਹ ਲਾਈ ਬੁਝਾਈ ਛੱਡ ਦਿਓ।

ਜੀਵਨ ਤਾਂ ਯਾਦਾਂ ਦਾ ਆਵਾ ਹੈ ਪਛੋਤਾਵੈ ਦਾ ਵੀ ਲਾਵਾ ਹੈ,
ਵੱਟ ਦਿਸਦੇ ਨੇ ਜਲੀ ਰੱਸੀ ਦੇ ਛੁਪਾਓ ਨ ਲੋਕ ਦਿਖਾਈ ਛੱਡ ਦਿਓ।

ਮੈਂ-ਮੈਂ ਕਰਦਾ ਜੱਗ ਫਿਰੇ ਫਿਰ ਵੀ ਮੈਂ ਦੀ ਸਮਝ ਨਾ ਆਵੇ ਕੋਈ,
ਮੈਂ-ਮੈਂ ਕਰਦੇ ਮਰ ਮਿਟੇ ਕਦੇ ਮੈਂ ਨੂੰ ਮੌਤ ਨਾ ਆਈ ਛੱਡ ਦਿਓ।

ਨਵੇਂ ਖਿਆਲ ਨਾ ਲਿਖੇ ਫਿਰ ਵੀ ਕਹੇ ਮੈਂ ਸਿਰੇ ਦਾ ਸ਼ਾਇਰ ਹਾਂ,
ਜੋ ਹੁਕਮ ਮਿਲੇ ਓਹੀ ਲਿਖੋ ਨਹੀਂ ਤੇ ਕਲਮ ਘਿਸਾਈ ਛੱਡ ਦਿਓ।

ਉਮੀਦਾਂ ਦੇ ਘਰ ਫੇਰ ਪਾਵਾਂ ਮਿਲੇ ਓਥੋਂ ਮਿਲੇ ਹੌਕਾ ਹਾਵਾ ਹੈ,
ਆਵੇ ਬੁਲਾਵਾ ਜਾਣਾ ਪੈਣਾ ਨ ਕਰੇਗੀ ਮੌਤ ਬੇਵਫ਼ਾਈ ਛੱਡ ਦਿਓ।

**—ਗੁਰਿੰਦਰ ਗਿੱਲ**

# ਚਾਨਣ ਪਰਲੇ ਪਾਰ ਵਿਚ

ਫ਼ਰਕ ਨੀ ਹੈ ਰਾਜੇ ਰੰਕ ਵਿਚ ਫ਼ਰਕ ਹੈ ਘਰ ਬਾਰ ਵਿਚ,
ਦੋਵੇਂ ਹੱਡ ਮਾਸ ਦੇ ਬਣੇ ਦਿਖਦੇ ਨੇ ਉੱਡਦੀ ਡਾਰ ਵਿਚ।
ਤੁਹਾਡੇ ਵਰਗੀਆਂ ਅੱਖਾਂ ਤੁਹਾਡੇ ਵਰਗੇ ਚੰਮ ਓਹਨਾ ਦੇ,
ਨਹੀਓਂ ਕੋਈ ਫ਼ਰਕ ਹੁੰਦਾ ਉਸ ਸੱਚੇ ਦੇ ਦਰਬਾਰ ਵਿਚ।

ਚਮੜੀ ਦਾ ਰੰਗ ਅਲੱਗ ਖ਼ੂਨ ਦਾ ਇੱਕੋ ਕਹੇ ਜੱਗ,
ਨ੍ਹੇਰ ਖਾਤਾ ਜ਼ੁਲਮ ਦਾ ਇੱਥੇ ਚਾਨਣ ਪਰਲੇ ਪਾਰ ਵਿਚ।
ਨਿਬੜ ਜਾਵੇਗਾ ਪੰਧ ਤੇਰਾ ਇਸ ਹਨੇਰੇ ਤੋਂ ਪਹਿਲਾਂ,
ਸੱਚ ਤੇ ਅੜਿਆ ਸੁਰਖ਼ੁਰੂ ਹੋ ਜਾਵੇ ਅੰਤ ਸੰਸਾਰ ਵਿਚ।

ਕਾਹਨੂੰ ਆਪਣੀ ਜ਼ਾਤ ਦੇ ਰੋਣੇ ਰੋਵੇਂ ਨਾ ਜਾਗੇ ਨਾ ਸੌਂਵੇ,
ਭੇਦ ਭਾਵ ਤੇ ਰਹਿੰਦਾ ਈ ਹੈ ਚੰਗੀ ਮਾੜੀ ਸਰਕਾਰ ਵਿਚ।
ਮੁਨਸਫ਼ ਚੋਰ ਵੀ ਹੋ ਸਕਦਾ ਏ ਲੱਗੀ ਫਗੀ ਲਾ ਸਕਦਾ ਏ,
ਮੱਥੇ ਫ਼ਰਕ ਨ ਦਿਖੇ ਲਿਖਿਆ ਬੇਈਮਾਨ ਇਮਾਨਦਾਰ ਵਿਚ।

ਨ ਚਾਹੁੰਦੇ ਦੁਨੀਆਂ ਛੱਡ ਜਾਈਦੀ ਏ ਘੜੀ ਨਾ ਲਈਦੀ ਏ,
ਫਿਰ ਨਾ ਵੇਖੀਦਾ ਕੌਣ ਰਹਿ ਗਿਆ ਪਿੱਛੇ ਪਰਿਵਾਰ ਵਿੱਚ।
ਗੁਨਹਗਾਰ ਨਾ ਬਣ ਬਖਸ਼ਾ ਲੈ ਤੂੰ ਬਸ ਗੁਨਾਹ ਆਪਣੇ,
ਬੇਧੜਕ ਲਾ ਗੁਹਾਰ ਕੁਛ ਨਹੀਂ ਰੱਖਿਆ ਇਨਕਾਰ ਵਿਚ।

**—ਗੁਰਿੰਦਰ ਗਿੱਲ**



# ਜਿਹਨੇ ਉਤੋਂ ਚਿੱਟੇ ਅੰਦਰੋਂ ਕਾਲੇ ਨੇ

ਕੋਈ ਜਿਕਰ ਨਹੀਂ ਕਿਵੇਂ ਫ਼ਿੱਸਦੇ ਕਿਸਾਨਾਂ ਦੇ ਜ਼ਖਮਾਂ ਦੇ ਛਾਲੇ ਨੇ,
ਲਿਖਣ ਵਾਲੇ ਤੇ ਲਿਖਦੇ ਹੀ ਨਹੀਂ ਕਲਮਾਂ ਤੇ ਤਾਂ ਲੱਗੇ ਤਾਲੇ ਨੇ।

ਕੋਈ ਕਾਰਨ ਹੋਊਗਾ ਨਹੀਂ ਤੇ ਹੜ੍ਹ ਓਹਨਾ ਦੀ ਅੱਖੀਂ ਫੁੱਟਦੇ ਨ,
ਹਾਕਿਮ ਵੀ ਅਣਡਿੱਠਾ ਕਰਦੈ ਬਹੁਤ ਵਖਤ ਓਹਨਾ ਜਾਲੇ ਨ।

ਵੈਸੇ ਹੋਣੀ ਚਾਹੀਦੀ ਏ ਹਰ ਲਿਖਤ ਸੰਦੇਸ਼ ਭਰੀ ਉਪਦੇਸ਼ ਭਰੀ,
ਡਰੇ ਹੋਏ ਨ ਲਿਖਣ ਉਹ ਵੀ ਸਮਝ ਗਏ ਰਾਜਨੀਤੀ ਦੇ ਚਾਲੇ ਨੇ।

ਗੱਲ ਸੁੱਟੀਂ ਵੀ ਜਾ ਸਕਦੀ ਏ ਇਦ੍ਹੇ ਉੱਤੇ ਗੌਰ ਵੀ ਹੋ ਸਕਦਾ ਏ,
ਹਾਕਿਮ ਚੋਰ ਵੀ ਹੋਸਕਦਾ ਏ ਜਾਣਦੇ ਲੋਕ ਆਲੇ ਦੁਆਲੇ ਨੇ।

ਲਿਖਤਾਂ ਵਿੱਚ ਆਉਣਾ ਚਾਹੀਦਾ ਇਸ਼ਕ ਮੁਹੱਬਤ ਤੇ ਪਿਆਰ,
ਇਸ਼ਕ ਤੋਲਣ ਭੇਦ ਖੋਲਣ ਓਹੀ ਜਿੰਨਾ ਪੀਤੇ ਇਸ਼ਕ ਪਿਆਲੇ ਨੇ।

ਲੇਖਣੀ ਲਿਖਣੀ ਕਦੇ ਔਖੀ ਕਦੇ ਸੌਖੀ ਕਦੇ ਚੰਗੀ ਕਦੇ ਮੰਦੀ,
ਖਾ ਭੈੜੀ ਵਕਤ ਦੀ ਮਾਰ ਲਿਖਦੇ ਓਹੀ ਜਿਹਨਾਂ ਵਖਤ ਜਾਲੇ ਨੇ।

ਕਹਿੰਦੀ ਦੁਨੀਆਂ ਦਾਲ ਵਿੱਚ ਕਾਲਾ ਏ ਕਿਧਰੇ ਦਾਲ ਕਾਲੀ ਏ,
ਸਭ ਦੇ ਦਿਲ ਸਾਫ ਨਹੀਂ ਹੁੰਦੇ ਜਿਹਨੇ ਉਤੋਂ ਚਿੱਟੇ ਅੰਦਰੋਂ ਕਾਲੇ ਨੇ।

**—ਗੁਰਿੰਦਰ ਗਿੱਲ**

# ਇਹ ਖੇਡ ਸੁਪਨਿਆਂ ਦਾ ਸਾਰਾ

ਖੁਸ਼ੀ ਤਾਂ ਹੈ ਪਲ ਦੋ ਪਲ ਦੀ ਮਹਿਮਾਨ ਬਸ ਹੁੰਦੀ ਆਈ ਗਈ,
ਦੇ ਕੀਮਤ ਖਰੀਦ ਨਾ ਸਕੇ ਕੋਈ ਗ਼ਮਾਂ ਕੋਲੋਂ ਸਾਥ ਨਿਭਾਈ ਗਈ।

ਮੇਰੀ ਮੁਹੱਬਤ ਦਾ ਮਿਆਰ ਹੈ ਬਹੁਤ ਉੱਚਾ ਤੇ ਬਹੁਤ ਹੀ ਸੁੱਚਾ,
ਸੋਚਦੇ ਰਹੇ ਲੋਚਦੇ ਰਹੇ ਪਰ ਕੀਮਤ ਕਿਸੀ ਤੋਂ ਨ ਲਗਾਈ ਗਈ।

ਇਹ ਖੇਡ ਸੁਪਨਿਆਂ ਦਾ ਸਾਰਾ ਲਗੇ ਰੀਝਾਂ ਦਾ ਮੁਕਲਾਵਾ,
ਜ਼ਿੰਦਗੀ ਇਹਨੂੰ ਕਹਿੰਦੇ ਨੇ ਜੋ ਕਦੇ ਨ ਸੁਰ ਵਿੱਚ ਗਾਈ ਗਈ।

ਜੱਗ 'ਤੇ ਚਲੇ ਪੈਸਿਆਂ ਦੀ ਅਮੀਰੀ ਬਾਕੀ ਹਰ ਪਾਸਿਓਂ ਹੈ ਫ਼ਕੀਰੀ,
ਗਿਆਨ ਉਜਾਲਾ ਮਿੱਟਦਾ ਜਾਂਦਾ ਏ ਜਿਵੇਂ ਹੋ ਐ ਸ਼ੈ ਪਰਾਈ ਗਈ।

ਅੰਦਰ ਭਰੀ ਬੁਰਾਈ ਚੋਰ ਲੁਟੇਰੇ ਸੰਤ ਬਣ ਕਰਨ ਪਾਪ ਸਫਾਈ,
ਪਾਪਾਂ ਦਾ ਰੁੱਖ ਫਲਦਾ ਜਾਵੇ ਝੂਠੇ ਸੰਤਾਂ ਤੋਂ ਜੋ ਇੱਜ਼ਤ ਲੁਟਾਈ ਗਈ।

ਮੋਹ ਮਾਇਆ ਨੇ ਜਾਲ ਫੈਲਾਏ ਕਾਮ ਕ੍ਰੋਧ ਨੇ ਕਈ ਰੰਗ ਦਿਖਾਏ,
ਭੁੱਲ ਬੈਠੇ ਨੇ ਸੁੱਧ ਬੁੱਧ ਸਾਰੇ ਜਿਵੇਂ ਦੁੱਧ ਉਤੋਂ ਹੈ ਮਲਾਈ ਗਈ।

ਮਾਂ ਬਾਪ ਵੰਡੇ ਜਾਇਦਾਦ ਬਦਲੇ ਘਰ ਘਰ ਵਿੱਚ ਹੋਵੇ ਲੜਾਈ,
ਨ ਰੱਬ ਨੂੰ ਛੱਡਿਆ ਧਰਮ ਮਜ਼ਹਬ ਦੇ ਚੱਕਰਾਂ 'ਚ ਵੰਡੀ ਪਾਈ ਗਈ।

ਸਭ ਪਾਪ ਦੇ ਰੰਗਾਂ 'ਚ ਰੰਗੇ ਬੈਠੇ ਨੇ ਸੱਚੇ ਭੁੱਖੇ ਨੰਗੇ ਫਿਰਦੇ ਨੇ,
ਨਫਰਤ ਦੀ ਕੰਧ ਜੋ ਉਸਾਰ ਬੈਠੇ ਨੇ ਫਿਰ ਨ ਉਹ ਢਾਈ ਗਈ।

**—ਗੁਰਿੰਦਰ ਗਿੱਲ**



# ਗ਼ਜ਼ਲਾਂ ਲਿਖਾਂ ਨਜ਼ਮਾਂ ਲਿਖਾਂ

ਗ਼ਜ਼ਲਾਂ ਲਿਖਾਂ ਨਜ਼ਮਾਂ ਲਿਖਾਂ ਜੇ ਅੰਦਰੋਂ ਮੇਰੇ ਹਰਫ਼ ਸੁਨਹਿਰੇ ਛੁੱਟਣ,
ਕੋਸ਼ਿਸ਼ ਕਰਾਂ ਹਜ਼ਾਰਾਂ ਪਰ ਏਨੇ ਪੱਕੇ ਬੱਧੇ ਹੋਏ ਸੰਗਲ ਕਦੇ ਨ ਟੁੱਟਣ।

ਬਿਰਹਾ ਦੀ ਅੱਗ ਦਾ ਇਕ ਦੀਵਾ ਬਲਦਾ ਬਲ ਬਲ ਪਿਆ ਹੁੰਦਾ ਕਮਲਾ,
ਲਫ਼ਜ਼ ਸਾੜਣ ਮੰਨ ਨੂੰ ਕਦੇ ਦੁੱਖ ਦਰਦ ਦੇ ਪਿੰਜਰੇ ਤੋਂ ਦੇਣ ਨ ਛੁੱਟਣ।

ਕਮਲਾ ਇਹ ਦਿਲ ਵੀ ਵੱਸ 'ਚ ਨਾ ਹੋਵੇ ਸੋਚਾਂ ਨੂੰ ਫਿਰ ਕੀ ਸਮਝਾਵਾਂ ਮੈਂ,
ਬਸ ਇਕ ਹੀ ਅਰਦਾਸ ਹੈ ਕਲਮ ਤੇ ਹਰਫ਼ਾਂ ਦੇ ਸਾਥ ਕਦੇ ਨਾ ਟੁੱਟਣ।

ਪੱਤਿਆਂ ਵਰਗੇ ਹੀ ਹੁੰਦੇ ਨੇ ਦੁਨਿਆਵੀ ਰਿਸ਼ਤੇ ਅੱਜ ਹਰੇ ਕਲ ਨੂੰ ਸੁੱਕੇ,
ਜੇ ਪਿਆਰ ਸਤਿਕਾਰ ਦੀ ਫ਼ਸਲ ਕੋਈ ਬੀਜੇ ਤੇ ਕਿਓਂ ਨ ਅੰਕੁਰ ਫੁੱਟਣ।

ਪਿਆਰ ਲੱਭਣ ਵਾਲੇ ਨੂੰ ਜੇ ਲੱਭ ਜਾਵੇ ਫਿਰ ਕਿਓਂ ਨ ਉਹ ਜੰਨਤ ਪਾਵੇ,
ਫਿਰ ਸ਼ਿਅਰਾਂ ਦੇ ਲਫ਼ਜ਼ਾਂ ਅੰਦਰ ਗੁਝੇ ਦੁੱਖ ਦਰਦ ਆਂਸੂ ਕਿਤੋਂ ਨ ਲੱਭਣ।

ਲਿਖਾਂ ਲਿਖਦੀ ਜਾਵਾਂ ਪਤਝੜ ਦੇ ਪੀਲੇ ਪੱਤਿਆਂ ਤੇ ਮੁਸਕਾਨ ਨਵੀਂ ਪਾਵਾਂ,
ਗੁੱਸਾ ਗਿਲਾ ਭੁੱਲਕੇ ਸਾਰੇ ਲੱਗ ਗਲੇ ਇਕ ਦੂਜੇ ਤੇ ਫ਼ੁੱਲ ਜੇ ਸਾਰੇ ਸੁੱਟਣ।

ਮੇਰੀ ਗ਼ਜ਼ਲਾਂ ਦੇ ਸ਼ਬਦਾਂ ਵਿੱਚੋ ਖੁਸ਼ਬੂ ਪਿਆਰ ਦੀ ਆਵੇ ਜੋ ਸਬਨੂੰ ਭ੍ਰਮਾਵੈ,
ਹਰ ਸ਼ੇਅਰ ਵਿਚੋਂ ਰੱਬ ਨਜ਼ਰੀਂ ਆਵੇ ਫਿਰ ਗ਼ਜ਼ਲਾਂ ਵਾਹ ਵਾਹ ਕਿਓਂ ਨ ਲੁੱਟਣ।

**—ਗੁਰਿੰਦਰ ਗਿੱਲ**

# ਜਦ ਪੇਟ ਨ ਪਈਆਂ ਰੋਟੀਆਂ

ਕਿੰਝ ਦੱਸਾਂ ਵਕਤ ਦੇ ਅਥਰੇ ਘੋੜੇ ਦਾ ਮੈਂ ਹੋਇਆ ਹਾਂ ਸ਼ਿਕਾਰ,
ਵਕਤ ਦੀ ਇਸ ਅਫਰਾ ਤਫਰੀ ਨੂੰ ਫਿਰ ਵੀ ਰਿਹਾ ਹਾਂ ਸਹਾਰ।

ਦੇਖ ਤਮਾਸ਼ੇ ਇਸ ਦੁਨੀਆਂ ਦੇ ਸੱਚੇ ਰੱਬ ਨੂੰ ਅਸੀਂ ਭੁੱਲੀ ਬੈਠੇ ਹਾਂ,
ਨਾਲ ਕੁਝ ਨਹੀਂ ਜਾਣਾ ਫਿਰ ਅਸੀਂ ਚੁੱਕੀ ਬੈਠੇ ਹਾਂ ਮਨ ਪੱਕਾ ਭਾਰ।

ਰੋਜ਼ਗਾਰਾਂ ਦੀ ਗਿਣਤੀ ਘਟਦੀ ਏ ਤੇ ਬੇਰੋਜ਼ਗਾਰਾਂ ਦੀ ਵਧਦੀ ਏ,
ਮਹਿੰਗਾਈ ਨੇ ਤੋੜੀ ਹੈ ਕਮਰ ਗਰੀਬ ਦੀ ਨ ਕੋਈ ਲੈਂਦਾ ਸਾਰ।

ਬੇਬਸੀ ਦੇ ਪਿੰਜਰੇ ਵਿਚ ਕੈਦ ਜਵਾਨੀ ਉੱਡਣ ਦੀ ਕਰਦੀ ਭਾਲ,
ਪੜ੍ਹ ਲਿਖ ਕੰਮ ਨ ਲੱਭੇ ਜਾਣਾ ਪੈਂਦਾ ਮੁਲਖ ਪਰਾਏ ਸਮੁੰਦਰੋਂ ਪਾਰ।

ਸੋਨੇ ਤੋਂ ਮਹਿੰਗੀ ਵਿਦਿਆ ਹੋਈ ਕਰਜ਼ ਥੱਲੇ ਲੱਗਾ ਜੋ ਪੜ੍ਹਿਆ ਕੋਈ,
ਤਾਕਤ ਹਿੰਮਤ ਨਸ਼ਿਆਂ ਖਾਧੀ ਖੋਖਲਾ ਕੀਤਾ ਸਮਾਜ ਘਰ ਬਾਹਰ।

ਲੁੱਟਣ 'ਚ ਕੋਈ ਕਸਰ ਨ ਛੱਡਦੇ ਨੌਕਰੀ ਬਦਲੇ ਰਿਸ਼ਵਤ ਮੰਗਦੇ,
ਇਮਾਨਦਾਰੀ ਦੀਆਂ ਸਹੁੰਆਂ ਖਾਂਦੇ ਬੇਈਮਾਨੀ ਦੀ ਮਾਰਨ ਮਾਰ।

ਕਹਿੰਦੇ ਨੇ ਜਦ ਪੇਟ ਨ ਪਈਆਂ ਰੋਟੀਆਂ ਤੇ ਸਭੇ ਗੱਲਾਂ ਖੋਟੀਆਂ,
ਓਹੀ ਜਾਣਦਾ ਏ ਜੋ ਪੜ੍ਹ ਲਿਖ ਵੀ ਹੋ ਸਕਿਆ ਨਾ ਖੜਾ ਪੈਰਾਂ ਭਾਰ।

ਨੀਂਦਰ ਭੁੱਖ ਤ੍ਰੇਹ ਸਭ ਮਿਟ ਜਾਂਦੀ ਇਸ਼ਕ ਨੂੰ ਜਦ ਲਈਦਾ ਪਾਲ,
ਸੇਜ ਸੂਲਾਂ ਦੀ ਹੁੰਦਾ ਏ ਇਸ਼ਕ ਜਿੱਤ ਕੇ ਵੀ ਆਸ਼ਿਕ ਜਾਂਦਾ ਹਾਰ।

ਰੱਖੋ ਉੱਚੀ ਸੱਚੀ ਸੋਚ ਮੰਗੋ ਭਲਾ ਸਭਦਾ ਨਾ ਮੰਦਾ ਬੰਦਿਆਂ ਤੂੰ ਲੋਚ,
ਅੰਦਰ ਰੱਬ ਵੱਸਦਾ ਜੇ ਕਰੀਏ ਐਤਬਾਰ ਉਹ ਲਾ ਦੇਂਦਾ ਬੇੜਾ ਪਾਰ।

**—ਗੁਰਿੰਦਰ ਗਿੱਲ**



# ਇਕ ਇਕ ਸ਼ਿਅਰ ਹੈ ਸੁੱਚਾ ਮੋਤੀ

ਮਹਿਫ਼ਿਲ ਵਿਚ ਜਦ ਸਦ ਲਿਆ ਸਾਨੂੰ ਦਿਲ ਦੇ ਫੱਟ ਲੁਕੌਣੇ ਪੈ ਗਏ,
ਨਹੀਂ ਚਾਹੰਦੇ ਸਾਂ ਸ਼ਿਅਰ ਸੁਣਾਈਏ ਪਰ ਜ਼ਬਰੀ ਸਾਨੂੰ ਸੁਣਾਉਣੇ ਪੈ ਗਏ।
ਘੁੱਪ ਹਨੇਰੀ ਵਗਦੀ ਜਾਵੇ ਇਹ ਬੱਦਲਾਂ ਦੀ ਕਿਨ ਮਿਨ ਅੱਗ ਲਗਾਵੇ,
ਮੁੱਦਤਾਂ ਤੋਂ ਬੁਝਾ ਕੇ ਬੈਠੇ ਸਾਂ ਓਹੀ ਯਾਦਾਂ ਦੇ ਦੀਪ ਜਲਾਉਣੇ ਪੈ ਗਏ।

ਮੈਂ ਸੱਧਰਾਂ ਦੀਆਂ ਕਬਰਾਂ ਨਾਲ ਖੁਦ ਇਸ ਦਿਲ ਨੂੰ ਗੁਲਜ਼ਾਰ ਕੀਤਾ ਏ,
ਅੰਦਰ ਦੀ ਬਲਦੀ ਅੱਗ ਜਦ ਜਰ ਨਾ ਹੋਈ ਤਾਂ ਆਂਸੂ ਵਗਾਉਣੇ ਪੈ ਗਏ।
ਵੱਗਦੇ ਦਰਿਆ ਦੀ ਹਿੱਕ ਤੇ ਲਹਿਰਾਂ ਨੱਚ ਨੱਚ ਕੇ ਇੱਕਮਿੱਕ ਹੋ ਜਾਵਣ,
ਦੋ ਰੂਹਾਂ ਦਾ ਮੇਲ ਸੀ ਜਰੂਰੀ ਜਿਸਮਾਂ ਦਾ ਕੀ ਉਹ ਤਾਂ ਦਫਨਾਉਣੇ ਪੈ ਗਏ।

ਤੂੰ ਜੋ ਅੱਖ ਚੁਰਾਈ ਹੋ ਗਈ ਜੱਗ ਹਸਾਈ ਨ ਕੋਈ ਹਸਰਤ ਪੂਰੀ ਹੋ ਪਾਈ,
ਅੰਦਰ ਦੇ ਤੂਫ਼ਾਨ ਜੱਗਜਾਹਿਰ ਨ ਹੋ ਜਾਵਣ ਚੁੱਪ ਦੇ ਜਿੰਦਰੇ ਲਾਉਣੇ ਪੈ ਗਏ।
ਵਕਤ ਵਕਤ ਦੀ ਗੱਲ ਏ ਸੱਜਣਾ ਕਦੇ ਤੇਰੇ ਮੇਰੇ ਹੁੰਦੇ ਸਾਂਝੇ ਸਾਹ ਸੀ ਸੱਜਣਾ,
ਕਿਤਾਬ ਏ ਦਿਲ ਬੰਦ ਦੇਖ ਸ਼ਿਅਰ ਸਾਨੂੰ ਵਰਕਿਆਂ ਤੇ ਲਿਖਣੇ ਲਿਖਾਉਣੇ ਪੈ ਗਏ।

ਨ ਸੱਦਾ ਦੇਵਾਂ ਨਾ ਕੋਲ ਬੁਲਾਵਾਂ ਏ ਗ਼ਮ ਨੇ ਜੋ ਬਿਨ ਬੁਲਾਏ ਆ ਜਾਂਦੇ ਨੇ,
ਏਦਾਂ ਕਦੇ ਹੋ ਨਹੀਂ ਸਕਿਆ ਜੋ ਦਰਦ ਪ੍ਰਾਹੁਣੇ ਬਿਨ ਦਾਵਤ ਬੁਲਾਉਣੇ ਪੈ ਗਏ।
ਗ਼ਜ਼ਲਾਂ ਲਿਖਾਂ ਨਜ਼ਮਾਂ ਲਿਖਾਂ ਦੱਸ ਕਿਹੜੇ ਖੁਵਾਬ ਖ਼ਰੀਦਾਂ ਦੱਸ ਕਿਹੜੇ ਵੇਚਾਂ,
ਇਕ ਇਕ ਸ਼ਿਅਰ ਹੈ ਸੁੱਚਾ ਮੋਤੀ ਜਿਹੜੇ ਅੱਜ ਭੰਗ ਦੇ ਭਾੜੇ ਗੁਆਉਣੇ ਪੈ ਗਏ।

**—ਗੁਰਿੰਦਰ ਗਿੱਲ**

# ਮੌਤ ਦੀਆਂ ਤਲੀਆਂ ਵੀ ਅਸਾਂ ਨੇ ਝੱਸੀਆਂ

ਦੱਸ ਦਿਲ ਦੇ ਦਰਦ ਛੁਪਾਵਾਂ ਕੀਕਣ ਦਿਲ ਰੋਵੇ ਤੇ ਰੋਵਣ ਅੱਖੀਆਂ,
ਦਿਲ ਦੀਆਂ ਦਿਲ ਚ ਰੱਖੀਆਂ ਪਰ ਗ਼ਜ਼ਲ ਚ ਜਾਵਣ ਨੇ ਦੱਸੀਆਂ।
ਦਿਨ ਲੰਘਦਾ ਏ ਬਸ ਓਹਦਾ ਨਾਂ ਲੈਕੇ ਮਿੱਠਾ ਜਿਹਾ ਦਰਦ ਸਹਿ ਕੇ,
ਪੀੜ੍ਹਾਂ ਕਿਵੇਂ ਸਹਾਰਾਂ ਜ਼ਖਮੀ ਕਰਨ ਕਲੇਜਾ ਪਰ ਉਂਝ ਇਹ ਨੇ ਮਿੱਠੀਆਂ।।

ਇੱਕਲੇ ਜੀਵਨ ਜਿਊਣ ਲਈ ਪੱਥਰਾਂ ਦਾ ਜਿਗਰਾ ਬਣਾਉਣਾ ਪੈਣਾ ਏ,
ਆਪਸੀ ਰਿਸ਼ਤੇ ਨ ਟੁੱਟਣ ਜਦ ਤਕ ਸਾਹਵਾਂ ਦੀਆਂ ਤਾਰਾਂ ਨੇ ਜੁੜੀਆਂ।
ਤੁਰ ਪੈ ਚੱਕ ਸਿਰ ਤੇ ਪੰਡ ਉਮੀਦਾਂ ਵਾਲੀ ਲੰਬੇ ਪੈਂਡੇ ਤੇ ਰਾਤ ਹਨੇਰੀ,
ਗੂੰਗੇ ਬੋਲੇ ਲੋਕਾਂ ਵਿਚ ਰਹਿ ਨਫਰਤ ਦੀਆਂ ਜ਼ਹਿਰਾਂ ਅਸਾਂ ਨੇ ਚੱਖੀਆਂ।।

ਦਿਲ ਦੇ ਦੀਵੇ ਗ਼ਮਾਂ ਦਾ ਤੇਲ ਗ਼ਮਾਂ ਦਾ ਨਜ਼ਮਾਂ ਨਾਲ ਹੋ ਗਿਆ ਮੇਲ,
ਜਦ ਝੋਲੀ ਪਏ ਨ ਮੁੱਠ ਕੁ ਹਾਸੇ ਦੁਖਾਂ ਦੀਆਂ ਪੂਣੀਆਂ ਅਸਾਂ ਨੇ ਕਤੀਆਂ।
ਨਹੀਂ ਦੱਸਣਾ ਹਾਲ ਮੇਰਾ ਨਾ ਪੁਛੋ ਲੋਕੋ ਵੇਖ ਫ਼ਕੀਰੀ ਮੇਰੀ ਨਾ ਹੱਸੋ ਲੋਕੋ,
ਕਰਾਂ ਮਿੰਨਤਾਂ ਬੁਲਾਵਾਂ ਨਾ ਆਵੇ ਮੌਤ ਦੀਆਂ ਤਲੀਆਂ ਵੀ ਅਸਾਂ ਨੇ ਝੱਸੀਆਂ।।

ਵਰਦੇ ਮੀਹਂ ਵਿਚ ਰੱਜ ਰੱਜ ਮੈਂ ਰੋਵਾਂ ਅਥਰੂਆਂ ਨੂੰ ਕਣੀਆਂ ਵਿਚ ਮੈਂ ਲੁਕੋਵਾਂ,
ਸਾਡੀ ਯਾਰੀ ਦੀਆਂ ਲੋਕੀਂ ਖਾਂਦੇ ਸਨ ਕਸਮਾਂ ਟੁੱਟ ਗਈ ਕੀ ਹਵਾਵਾਂ ਨੇ ਵਗੀਆਂ।
ਤੈਨੂੰ ਕੀਤਾ ਪਿਆਰ ਅਥਾਹ ਮੇਰੇ ਅਮਲਾਂ ਦੀ ਫੱਟੀ ਤੇ ਗਿਆ ਲਿਖਿਆ ਗੁਨਾਹ,
ਬੰਦਗੀ ਕਾਬੁਲ ਹੋਈ ਨ ਦਰਗਾਹ ਤੇਰੀ ਦੀਆਂ ਦਹਿਲੀਜ਼ਾਂ ਨੇ ਮੈਂ ਰਗੜੀਆਂ।।

**—ਗੁਰਿੰਦਰ ਗਿੱਲ**



# ਇੱਕੋ ਦੁੱਖ ਇਸ਼ਕ ਦਾ ਲੱਗਾ

ਸੁਨਣ ਨ ਅੰਨੀਆਂ ਬੋਲੀਆਂ ਗੂੰਗੀਆਂ ਰਾਤਾਂ,
ਪਾਰ ਮੈਂ ਇਹਨਾਂ ਨੂੰ ਮੈਂ ਦਰਦ ਸੁਣਾਉਣਾ ਏ।
ਗੁੱਝਾ ਰੋਗ ਇਸ਼ਕ ਦਾ ਜਿਸਮ ਨੂੰ ਖਾਈ ਜਾਵੇ,
ਫਿਰ ਵੀ ਕਹੀ ਕਿ ਓਹਨੂੰ ਨਹੀਂ ਭੁਲਾਉਣਾ ਏ।

ਆਪਣੇ ਹੀ ਜ਼ਖਮਾਂ ਦੇ ਮੈਂ ਰੋਜ਼ ਨਜ਼ਾਰੇ ਵੇਖਾਂ,
ਦਿਨੇ ਤਾਰੇ ਦੇਖ ਸੋਚਾਂ ਕਿਵੇਂ ਚੰਨ ਮਨਾਉਣਾ ਏ।
ਰੋਵਾਂ ਮੈਂ ਤਕਦੀਰਾਂ ਨੂੰ ਕਿਵੇਂ ਤੋੜਾਂ ਜ਼ੰਜ਼ੀਰਾਂ ਨੂੰ,
ਇਸ਼ਕ ਮੇਰੇ ਹੱਡੀਂ ਰਚਿਆ ਹੋਰ ਰਚਾਉਣਾ ਏ।।

ਦੁਨੀਆਂ ਵਾਲੇ ਜ਼ਾਲਿਮ ਨੇ ਕੁਛ ਨੀ ਕਹਿਣਾ,
ਬੇਦਰਦੇ ਬੇਕਦਰੇ ਨੂੰ ਮਹਿਰਮ ਰਾਜ਼ ਬਣਾਉਣਾ ਏ।
ਨਿਮਾਣੀ ਦੁਨੀਆ ਆਪੇ ਦਰਦ ਹੰਢਾਉਂਦੀ ਏ,
ਇੱਕੋ ਦੁੱਖ ਇਸ਼ਕ ਦਾ ਲੱਗਾ ਇਹਨੂੰ ਨੀ ਗੰਵਾਉਣਾ ਏ।।

ਦਿਲ ਦਾ ਰੋਗ ਅਵੱਲਾ ਲੱਗਾ ਪੀੜ ਮਿਲੇ ਨਿਆਰੀ,
ਦਵਾ ਦੁਆ ਨ ਕੰਮ ਆਵੇ ਲੱਗਦਾ ਮਾਰ ਮਕਾਉਣਾ ਏ।
ਲੱਗਦਾ ਦੁੱਖ ਦਰਦਾਂ ਮਰਿਆਂ ਵੀ ਪਿੱਛਾ ਨਹੀਂ ਛਡਣਾ,
ਛੱਡ ਇਸ਼ਕ ਗਿੱਲ ਮਨਾ ਖੁਦਾ ਨੂੰ ਰਹਿ ਗਿਆ ਮਨਾਉਣਾ ਏ।।

**—ਗੁਰਿੰਦਰ ਗਿੱਲ**

# ਬਿਨ ਨਾਂਵੇ ਟਾਂਵਾਂ ਟਾਂਵਾਂ ਤਰਦਾ ਕੋਈ

ਟੁੱਟ ਜਾਂਦੇ ਨੇ ਗਰੀਬ ਆਖਿਰ ਓਹਨਾ ਦਾ ਹੱਥ ਨ ਫੜਦਾ ਕੋਈ,
ਭੁੱਖਾ ਢਿਡ੍ਹ ਫੱਟੇ ਹਾਲ ਕੂੜਾ ਫਰੋਲਦਿਆਂ ਨੂੰ ਵੀ ਨਾ ਜ਼ਰਦਾ ਕੋਈ।
ਸਿਰਫ ਦੋ ਅੱਖਰਾਂ ਦਾ ਬਣਿਆ ਬੰਦਾ ਦੋ ਅੱਖਰਾਂ ਦੀ ਬਣੀ ਜਾਨ,
ਗਰੀਬ ਨੂੰ ਵੇਖ ਬੂਹੇ ਮਾਰਨ ਖੋਲ੍ਹੇ ਨ ਕੁੰਡਾ ਵੀ ਘਰ ਦਾ ਕੋਈ।।

ਨਿਆਣੇ ਗਰੀਬ ਦੇ ਸੌਂਦੇ ਭੁੱਖੇ ਵਿਚ ਮਹਿਲਾਂ ਦੁੱਧ ਪੀਂਦੇ ਨੇ ਕੁੱਤੇ,
ਸਰਦੀ ਠਾਰੇ ਗਰਮੀ ਬਾਲੇ ਲੋਕੀਂ ਨ ਦੇਖਣ ਕਿਵੇਂ ਮਰਦਾ ਕੋਈ।
ਪੱਥਰਾਂ ਸੰਗ ਨੇ ਪੱਥਰ ਹੋ ਗਏ ਰੱਬ ਨੂੰ ਵੀ ਨੇ ਲੋਕ ਭੁਲਾ ਗਏ,
ਨਜ਼ਰ ਅੰਦਾਜ਼ ਕਰ ਸੰਗ ਦਿਲ ਨਾ ਵੇਖੇ ਮਿੰਨਤਾਂ ਤਰਲੇ ਕਰਦਾ ਕੋਈ।।

ਕੀ ਦੱਸਾਂ ਕਿਵੇਂ ਲੋਕ ਕਰਦੇ ਗੁਜ਼ਾਰਾ ਰਿਸ਼ਵਤ ਤੋਂ ਨ ਡਰਦੇ ਭੋਰਾ,
ਕਾਸ਼ ਰੱਬ ਬਹੁੜੇ ਵੇਖੇ ਮਾਨਵਤਾ ਨੂੰ ਲੱਗਾ ਗੁੱਜਾ ਰੋਗ ਅੰਦਰ ਦਾ ਕੋਈ।
ਵੱਧ ਤੋਂ ਵੱਧ ਧਨ ਕਮਾਉਣਾ ਬਾਹਲਾ ਕਮਾ ਫਿਰ ਅੱਗੇ ਆਉਣਾ,
ਅੱਗੇ ਵਧਣ ਦੀ ਦੌੜ 'ਚ ਨ ਦੇਖਣ ਕਿਹੜਾ ਰਿਸ਼ਤਾ ਪਿੱਛੇ ਛੁਟਦਾ ਕੋਈ।।

ਦਿਲ ਦਾ ਦੀਵਾ ਬੁਝ ਗਿਆ ਹੈ ਰੱਬ ਵੀ ਲੋਕਾਂ ਨੂੰ ਭੁੱਲ ਗਿਆ ਹੈ,
ਧੰਨ ਤੇ ਵਸਤਾਂ ਖਿੱਚਣ ਲਈ ਪੁੱਠੇ ਸਿੱਧੇ ਧੰਦੇ ਕਰਨੋਂ ਨ ਡਰਦਾ ਕੋਈ।
ਕਦੇ ਰੱਬ ਅਗੇ ਅਰਜ਼ੀ ਲਾਉਂਦੇ ਕਦੇ ਉਹ ਹੈ ਫ਼ਰਜ਼ੀ ਸਮਝਾਉਂਦੇ,
ਤਰਦੇ ਜੋ ਓਹਦੇ ਰੰਗ ਨੇ ਰੰਗਦੇ ਬਿਨ ਨਾਵੇਂ ਟਾਂਵਾਂ ਟਾਂਵਾਂ ਤਰਦਾ ਕੋਈ।।

—**ਗੁਰਿੰਦਰ ਗਿੱਲ**



# ਲਾਲਚ ਨਾਲ ਹੀ ਚਲਦੇ ਸਾਰੇ ਧੰਦੇ

ਉਪਰੋਂ ਦਿਖਦੇ ਚੰਗੇ ਲਿਸ਼ਕਾਂ ਦੇ ਓਹਲੇ ਜ਼ਹਿਰੀਲੇ ਢੰਗ ਵਾਲੇ ਨੇ ਬੰਦੇ,
ਲਾਲਚ ਨਾਲ ਭਰੀ ਹੈ ਦੁਨੀਆਂ ਲਾਲਚ ਨਾਲ ਹੀ ਚਲਦੇ ਸਾਰੇ ਧੰਦੇ।

ਚੰਗੇ ਦਿਨਾਂ ਦਾ ਰਸਤਾ ਦੇਖਣ ਗੁੰਮ ਸੁੰਮ ਖੜੀਆਂ ਜਨਤਾ ਦੀਆਂ ਸੱਧਰਾਂ,
ਜੁਗਨੂੰਆਂ ਵਾਂਗੂ ਦੇਣ ਭੁਲੇਖੇ ਰਾਜਨੈਤਿਕ ਸ਼ੈਤਾਨਾਂ ਦੇ ਕੰਮ ਸਾਰੇ ਨੇ ਮੰਦੇ।

ਕਿਸਾਨਾਂ ਨੇ ਵਖਤ ਬਹੁਤ ਨੇ ਜ਼ਾਲੇ ਘੁੱਪ ਹਨੇਰੇ ਅੰਦਰ ਕਿਹੜਾ ਦੀਵਾ ਬਾਲੇ,
ਕਾਲੇ ਕਾਨੂੰਨ ਜੇ ਵਾਪਸ ਹੋ ਜਾਨ ਫਿਰ ਜਾਵਣਗੇ ਸਭਨਾ ਦੇ ਦਿਨ ਮੰਦੇ।

ਹੁਕਮਰਾਨ ਤਕ ਨਾ ਪਹੁੰਚਿਆ ਭਰ ਦੁਨੀਆਂ ਅਸਮਾਨ ਤਕ ਪਹੁੰਚ ਗਿਆ,
ਸੜਕਾਂ ਪੁੱਟੀਆਂ ਪਾਣੀ ਛੱਡਿਆ ਤਾਜ਼ਾ ਕਰਾ ਤੇ ਚੌਰਾਸੀ ਦੇ ਘੱਲੂਘਾਰੇ ਵਾਲੇ ਫੰਦੇ।

ਲੜਨਗੇ ਸੂਰਮੇ ਕਾਲੇ ਕਾਨੂੰਨ ਲਈ ਪਾਉਣਗੇ ਹੁਕੂਮਤ ਦਾ ਪੁੱਠਾ ਹਰ ਦਾਅ,
ਸਵਾਲ ਅਣਖਾਂ ਦਾ ਵੰਗਾਰਦਾ ਏ ਤਾਂ ਫਿਰ ਆਪਣੀ ਹੋਂਦ ਲਈ ਲੜਦੇ ਨੇ ਬੰਦੇ।

ਦੱਸੋ ਜਿਸਦਾ ਘਰ ਲੁੱਟਿਆ ਜਾਵੇ ਉਹ ਸੁਖ ਦੀ ਨੀਂਦਰ ਭਲਾ ਕਿਵੇਂ ਫਿਰ ਸੌਂ ਜਾਵੇ,
ਮੂਰਖ ਵੇਖੋ ਕਿਵੇਂ ਜਸ਼ਨ ਮਨਾਉਂਦੇ ਨੇ ਓਹਨਾ ਦੇ ਦਰ ਜਾਕੇ ਫਿਰ ਮੰਗਦੇ ਨੇ ਚੰਦੇ।

ਭੁੱਲ ਗਏ ਇਹਨਾਂ ਦੇ ਹੱਕ ਲਈ ਤੱਤੀਆਂ ਦੇਗੀਂ ਬੈਠੇ ਅੰਗ ਅੰਗ ਸੀ ਚਿਰਵਾਇਆ,
ਵਾਰ ਦਿੱਤੇ ਮਾਂ ਬਾਪ ਤੇ ਬੱਚੇ ਕਿਸ ਮੂੰਹ ਨਾਲ ਕਹਿੰਦੇ ਇਸ ਕੌਮ ਦੇ ਬੰਦੇ ਨੇ ਮੰਦੇ।

ਨਫਰਤ ਵੈਰ ਵਿਰੋਧ ਕ੍ਰੋਧ ਦੀ ਅੱਗ ਨੂੰ ਨਹੀਂ ਮੁਕਾਉਂਦੇ ਸਗੋਂ ਹੋਰ ਤੇਲ ਨੇ ਪਾਉਂਦੇ,
ਭੱਖਦੀ ਚਿੰਗਾਰੀ ਨੂੰ ਸੀਤਲ ਨਾ ਕਰਦੇ ਇਤਹਾਸ ਦੇ ਕਰ ਰਹੇ ਨੇ ਪੰਨੇ ਕਾਲੇ ਤੇ ਗੰਦੇ।

ਲੋੜ ਪੈਣ ਤੇ ਸਦਾ ਅੱਗੇ ਆਉਂਦੇ ਸਰਹੱਦੀ ਸ਼ਹੀਦੀ ਪਾਉਂਦੇ ਇਹੀ ਨੇ ਗੁਰੂ ਦੇ ਬੰਦੇ,
ਜਿਹੜੇ ਰੁੱਖ ਦੇ ਥੱਲੇ ਬਹਿਕੇ ਇਹਨਾਂ ਇੱਜਤਾਂ ਪਾਈਆਂ ਓਹਨੂੰ ਈ ਪਏ ਲਾਉਣ ਰੰਦੇ।

—**ਗੁਰਿੰਦਰ ਗਿੱਲ**

# ਹੱਕ

ਕਹਿੰਦੇ ਨੇ ਮੰਗਿਆ ਨ ਮਿਲੇ ਮੌਤ ਹੱਕ ਵੀ ਨਹੀਂ ਮਿਲਦੇ ਖੋਏ ਜਾਂਦੇ ਨੇ,
ਜੇ ਮੁਰਸ਼ਿਦ ਦੀ ਨਜ਼ਰ ਸਵੱਲੀ ਹੋਵੇ ਤਾਂ ਤਖਤੇ ਵੀ ਪਲਟਾਏ ਜਾਂਦੇ ਨੇ।
ਚਾਰੇ ਕੁੰਟਾਂ ਦੇਖ ਲੋ ਭਾਂਵੇ ਗੂੰਜ ਰਹੀਆਂ ਨੇ ਕਿਸਾਨਾਂ ਦੇ ਹੰਗਾਮੇ ਨਾਲ,
ਕੀਤਾ ਫੇਰ ਧਰੋਹ ਸਰਕਾਰ ਨੇ ਵੇਖੋ ਕਿਵੇਂ ਬਜ਼ੁਰਗ ਗੱਭਰੂ ਮਰਵਾਏ ਜਾਂਦੇ ਨੇ।।

ਦਿਲ ਕੀ ਅੱਖੜ ਲੱਕੜੀ ਉਤੇ ਨਾ ਫੇਰਨ ਏ ਕਦੇ ਏ ਪਿਆਰ ਦੇ ਰੰਦੇ,
ਬੁਝਾਉਂਦੇ ਨਹੀਂ ਨਫਰਤਾਂ ਦੀ ਅੱਗ ਨੂੰ ਬਾਲ ਉਤੋਂ ਤੇਲ ਪਾਏ ਜਾਂਦੇ ਨੇ।
ਭੋਲੇ ਭਾਅ 'ਚ ਕੁਛ ਨਹੀਂ ਲੱਭਣਾ ਮੁਸ਼ਕਿਲ ਹੋ ਜਾਊ ਬਚ ਕੇ ਜਾਣਾ,
ਮਰੀ ਜ਼ਮੀਰ ਦੀਆਂ ਸਰਕਾਰਾਂ ਹੇਠਾਂ ਕਿਵੇਂ ਕਾਲੇ ਕਾਨੂੰਨ ਬਣਾਏ ਜਾਂਦੇ ਨੇ।।

ਭਾਗਾਂ ਵਾਲੀ ਧਰਤੀ ਦੇ ਪੁੱਤ ਵੇਖੋ ਸਰਹੱਦ ਤੇ ਬੈਠੇ ਇਕ ਜੁੱਟ ਹੋ ਕੇ,
ਮੁਸ਼ਕਤ ਕਰ ਪਾਲੇ ਜੋ ਦੇਸ਼ ਅੱਜ ਓਹਨਾ ਦੇ ਸਿਰਾਂ ਦੇ ਮੁੱਲ ਲਾਏ ਜਾਂਦੇ ਨੇ।
ਇਹਦੇ ਦੁੱਖ ਦਾ ਦੁੱਖ ਨਾ ਕਰੇ ਕੋਈ ਹੱਸ ਹੱਸ ਕੇ ਇਹ ਸਹਿ ਜਾਏਗਾ,
ਵੱਗਦੇ ਦਰਿਆ ਨੇ ਨ ਰੁਕਦੇ ਕਿਸੀ ਦੀ ਮਰਜ਼ੀ ਨਾਲ ਨ ਵਗਾਏ ਜਾਂਦੇ ਨੇ।।

ਡਰਦੇ ਨਹੀਂ ਇਹ ਕਲੱਮ ਕੱਲੇ ਟੱਪ ਜਾਂਦੇ ਨੇ ਮਾਰੂ ਪਰਬਤ ਜੀਵਨ ਦਾ,
ਕਲਗੀਧਰ ਦੇ ਵਾਰਿਸ ਨੇ ਬੇਗਾਨਿਆਂ ਲਈ ਵੀ ਸਿਰ ਵਢਾਈ ਜਾਂਦੇ ਨੇ।
ਰੇਜ਼ਾ ਰੇਜ਼ਾ ਨਾ ਕਰ ਸਕੇਗਾ ਕੋਈ ਵਜ਼ੂਦ ਇਹਨਾਂ ਦਾ ਹੱਕ ਲੈਣ ਆਏ ਨੇ,
ਸਿਰ ਤੇ ਹੈ ਹੱਥ ਗੁਰੂ ਦਾ ਫਤਿਹ ਬੁਲਾ ਸਬ ਨੂੰ ਫਤਿਹ ਕਰਾਈ ਜਾਂਦੇ ਨੇ।।

**—ਗੁਰਿੰਦਰ ਗਿੱਲ**



# ਇਸ਼ਕ ਦੀ ਬਾਜ਼ੀ ਹਰ ਚੁਕੇ ਨੇ

ਘੂਰੀਆਂ ਵੱਟਦੇ ਮੱਥੇ ਵੱਟ ਪਾਉਂਦੇ ਨੇ ਸਾਰੇ ਲੋਕ,
ਲੱਗੇ ਦੁਸ਼ਮਣ ਬਣਗੇ ਪਰਿਵਾਰ ਦੇ ਸਾਰੇ ਲੋਕ।
ਅੱਜ ਜਾ ਖੜੇ ਨੇ ਵੈਰੀਆਂ ਨਾਲ ਪਾਉਣ ਧਮਾਲ,
ਜੋ ਸੀ ਕੱਲ ਤੱਕ ਸਾਨੂੰ ਜਾਨ ਤੋਂ ਪਿਆਰੇ ਲੋਕ।।

ਧੀਆਂ ਤੋਰ ਨੂੰਹਾਂ ਲਿਆਏ ਪੁੱਤ ਹੱਥੀਂ ਵਿਆਹੇ,
ਆਪੇ ਲੂਹਾ ਬਾਲਾ ਕਰੇਂਦੇ ਨੂੰਹਾਂ ਤੋਂ ਹਾਰੇ ਲੋਕ।
ਪਿੱਠ ਪਿਛੇ ਹੀ ਨਹੀਂ ਮੂੰਹ ਤੇ ਬੋਲ ਕੁਬੋਲ ਬੋਲਦੇ,
ਜ਼ਾਹਿਰ ਕਰਨ ਛੁਪਾਉਂਦੇ ਨ ਨਫਰਤਾਂ ਮਾਰੇ ਲੋਕ।।

ਜੱਗ ਸਾਹਮਣੇ ਮਾਫੀਆਂ ਮੰਗਣ ਵੈਸੇ ਨ ਤੱਕਣ,
ਚੁੱਭਦੀਆਂ ਗੱਲਾਂ ਤੇ ਬੋਲਦੇ ਬੋਲ ਕਰਾਰੇ ਲੋਕ।
ਜੋ ਬੀਜਿਆ ਸੋ ਵੱਢਣਾ ਏ ਮੁਕੱਦਰ ਹੰਢਣਾ ਏ,
ਕਿਤੇ ਹਾਰੀ ਜਿੱਤੇ ਕਿਤੇ ਜਿੱਤੀ ਬਾਜ਼ੀ ਹਾਰੇ ਲੋਕ।।

ਬਿਨ ਪੈਸੇ ਟੌਹਰ ਬਣਾਉਣ ਦੂਜੇ ਤੇ ਫ਼ਿਕਰੇ ਕੱਸਣ,
ਮੁਸੀਬਤ ਵੇਲੇ ਪਿੱਠ ਵਿਖਾਉਂਦੇ ਨੇ ਹੰਕਾਰੇ ਲੋਕ।
ਇਸ ਦੁਨੀਆਂ ਦੀ ਕੂੜੀ ਯਾਰੀ ਲੈਕੇ ਫਿਰਦੇ ਆਰੀ,
ਨਾ ਨਿਭਾਉਣ ਯਾਰੀ ਮੂੰਹ ਦੇ ਮਿੱਠੇ ਦਿਲਾਂ ਦੇ ਖਾਰੇ ਲੋਕ।।

ਇਕ ਗੰਦੀ ਆਦਤ ਬੜ੍ਹੀ ਧਰਮ ਛੜੀ ਕਰਨ ਖੜ੍ਹੀ,
ਲਹੂ ਲੁਹਾਣ ਕਰਦੇ ਸੀਨਾ ਦੇਸ਼ ਦਾ ਨਕਾਰੇ ਲੋਕ।
ਭਾਈ ਭਾਈਆਂ ਦਾ ਗਲ ਵੱਢਦੇ ਉੱਫ ਜਰਾ ਨਾ ਕਰਦੇ,
ਇਸ਼ਕ ਦੀ ਬਾਜ਼ੀ ਹਰ ਚੁਕੇ ਨੇ ਨਫਰਤ ਦੇ ਮਾਰੇ ਲੋਕ।।

**—ਗੁਰਿੰਦਰ ਗਿੱਲ**

# ਕਹਾਵਾਂ ਕਾਫ਼ਿਰ

ਮੈਂ ਭੁੱਲਣਹਾਰਾ ਭੁੱਲਿਆ ਤੈਨੂੰ ਰੂਹ ਮੇਰੀ ਬਾਤਾਂ ਪਾਂਦੀ ਏ,
ਤੂੰ ਬਖਸ਼ਣ ਹਾਰਾ ਯਾਦ ਕਰਾ ਦੇ ਰੂਹ ਮੇਰੀ ਕੁਰਲਾਂਦੀ ਏ।

ਮੰਨ ਦਾ ਸਾੜਾ ਸੁਆਹ ਕਰਾਦੇ ਮੰਨ ਦੀ ਟਾਕੀ ਧੁਆਦੇ,
ਰੱਬ ਤੂੰ ਰਹਿਮਤ ਕਰ ਹੰਕਾਰੀ ਮੰਨ ਦੀ ਆਕੜ ਨ ਜਾਂਦੀ ਏ।

ਅੰਦਰ ਦਾ ਘੁੱਪ ਹਨੇਰਾ ਮਿਟਾ ਦੇ ਚਾਨਣ ਤੂੰ ਦਿਖਲਾ ਦੇ,
ਤੂੰ ਮਾਲਕ ਚਾਨਣ ਦਾ ਤੈਂਥੋਂ ਮੰਗਾਂ ਨਾ ਸੋਨਾ ਨ ਚਾਂਦੀ ਏ।

ਇਸ ਰਾਹ ਤੇ ਚਲਦਿਆਂ ਕੰਡੇ ਹੂੰਜੈ ਨੇ ਹੰਝੂ ਵੀ ਪੂੰਝੇ ਨੇ,
ਹਾਲੀ ਕਿੰਨਾ ਕੁ ਪੈਂਡਾ ਬਾਕੀ ਏ ਇਹੋ ਸਮਝ ਨ ਆਂਦੀ ਏ।

ਰੋਕ ਨਾ ਮੈਨੂੰ ਅੱਜ ਦਿਲ ਦੀ ਕਹਿਣ ਦੇ ਹੰਝੂੰ ਵਹਿਣ ਦੇ,
ਰੂਹ ਦੀ ਆਵਾਜ਼ ਹੈ ਏ ਜੋ ਰਹੀ ਮੁੱਦਤਾਂ ਤੋਂ ਸ਼ਰਮਾਂਦੀ ਏ।

ਨਿੱਤ ਦੀਵੇ ਬਾਲਾਂ ਸਜਦੇ ਕਰਾਂ ਗ੍ਰੰਥ ਵੀ ਖੰਗਾਲਾ ਮੈਂ,
ਬਿਨਾ ਰਹਿਮਤ ਤੇਰੀ ਕਿਓਂ ਮੰਨ ਦੀ ਕਾਲਿਖ ਨ ਜਾਂਦੀ ਏ।

ਮੇਰੇ ਕੀਤੇ ਗੁਨਾਹਾਂ ਦਾ ਨਾ ਲਿਖ ਬੈਠੀਂ ਹਿਸਾਬ ਦਾਤਿਆ,
ਕਹਾਵਾਂ ਕਾਫ਼ਿਰ ਜਦ ਰੂਹ ਮੇਰੀ ਸਜਦੇ 'ਚ ਝੁਕ ਜਾਂਦੀ ਏ।

**—ਗੁਰਿੰਦਰ ਗਿੱਲ**



# ਅੱਖਾਂ ਵੀ ਵਿਸ਼ਵਾਸ਼ ਨਾ ਕਰਦੀਆਂ

ਵੇਖ ਗਰੀਬਾਂ ਨੂੰ ਐਨੇ ਮਿਲੇ ਦਰਦ ਉਤੇ ਅੱਖਾਂ ਵੀ ਵਿਸ਼ਵਾਸ਼ ਨਾ ਕਰਦੀਆਂ,
ਇਕ ਪਾਸੇ ਤੇ ਮਾਰੇ ਕੋਰੋਨਾ ਦੂਜੇ ਪਾਸੇ ਮੀਹਂ ਵਿਚ ਕੁਲੀਆਂ ਨੇ ਢਹਿੰਦੀਆਂ।
ਬਹੁਤ ਸਾਰੇ ਘਰੋਂ ਹੋਏ ਬੇਘਰ ਨੇ ਖੁੱਲੇ ਆਸਮਾਨ ਥੱਲੇ ਕਰਦੇ ਪੁਕਾਰ ਨੇ,
ਗਰੀਬ ਨੂੰ ਨਾ ਪੁੱਛੇ ਕੋਈ ਆਉਂਦਾ ਤਰਸ ਮੈਨੂੰ ਵੇਖ ਲੋਕਾਂ ਨੂੰ ਪਾਠ ਪੂਜਾ ਕਰਦਿਆਂ।।

ਉਤੋਂ ਬੱਦਲ ਚੜ ਚੜ ਆਵੇ ਸਾਉਣ ਵੀ ਆਪਣੀ ਦਿਹਾੜੀ ਜਿਵੇਂ ਪੂਰੀ ਲਾਵੇ,
ਨਾ ਰਾਸ਼ਨ ਨਾ ਲੀੜਾ ਲੱਤਾਂ ਬਚਿਆ ਆਵੇ ਰੋਣ ਜੋ ਵੇਖਾਂ ਬੱਚਿਆਂ ਨੂੰ ਮਰਦਿਆਂ।
ਇਨਸਾਨੀ ਰਿਸ਼ਤੇ ਲੀਰੋਂ ਲੀਰ ਹੋਏ ਕਦਰਾਂ ਵੱਲੋਂ ਤਾਂ ਹੁਣ ਸਬ ਨੇ ਫ਼ਕੀਰ ਹੋਏ,
ਅਮੀਰ ਤਾਂ ਵੇਖਣ ਤਮਾਸ਼ਾ ਨਾਲ ਸਰਕਾਰਾਂ ਵੀ ਨੇ ਦਿਸਣ ਬੈਠ ਵੇਖਦੀਆਂ।।

ਢਿੱਡੋਂ ਭੁੱਖੇ ਜੇਬੋਂ ਖਾਲੀ ਤਰਲੇ ਮਿਨੰਤਾਂ ਕਰਦੇ ਨੇ ਜਿਉਂਦੇ ਜੀ ਪਏ ਮਰਦੇ ਨੇ,
ਕੁੜਦਾਨੇ ਚੋਂ ਚੁੱਕ ਚੁੱਕ ਖਾਣ ਵੇਖਣ ਵਾਲੀਆਂ ਨਜ਼ਰਾਂ ਭੋਰਾ ਤਰਸ ਨਾ ਕਰਦੀਆਂ।
ਦੇਸ਼ ਮੇਰੇ ਵਿਚ ਕੋਈ ਗਰੀਬ ਨੂੰ ਨਾ ਪੁੱਛੇ ਪੱਥਰਾਂ ਨੂੰ ਭੱਜ ਭੱਜ ਪਰ ਹੈ ਪੂਜੇ,
ਝਰਨਿਆਂ ਨੂੰ ਖ਼ੌਫ਼ ਸਾਗਰਾਂ ਦਾ ਗਰੀਬਾਂ ਦੇ ਸੁਪਨਿਆਂ ਤੋਂ ਨੀਂਦਾਂ ਵੀ ਨੇ ਡਰਦੀਆਂ।।

ਬਦਨਸੀਬ ਗ਼ਰੀਬ ਲੋਕਾਂ ਦੀ ਤਾਂ ਅਣਖ ਵੀ ਗਈ ਤੇ ਆਸ ਵੀ ਗੋਤੇ ਖਾਂਦੀ ਏ,
ਸੋਚਾਂ ਅਮੀਰਾਂ ਨੂੰ ਰੋਟੀ ਕਿਵੇਂ ਲੰਘਦੀ ਏ ਵੇਖ ਗਰੀਬਾਂ ਨੂੰ ਭੁੱਖ ਦੀ ਮਾਰ ਸਹਿੰਦਿਆਂ।
ਛੱਡ ਸਬ ਜਵਾਨ ਸੱਧਰਾਂ ਨੂੰ ਸਰਹੱਦ ਤੇ ਜਵਾਨ ਸਿੱਖ ਹੀ ਨੇ ਕਰਦੇ ਜੋ ਰਾਖੀਆਂ,
ਧੰਨ ਉਹ ਮਾਵਾਂ ਦਾ ਜਿਗਰਾ ਸੀ ਨਾ ਕਰਨ ਵੇਖ ਪਰਤ ਕੇ ਲਾਸ਼ਾਂ ਘਰੇ ਆਉਂਦੀਆਂ।।

**—ਗੁਰਿੰਦਰ ਗਿੱਲ ਮਲੇਸ਼ੀਆ**

# ਪਾਣੀ ਤੋਂ ਅੱਡ ਹੋਏ ਉਸ ਪਾਣੀ ਦਾ

ਵਕਤਾਂ ਤੋਂ ਗੁਆਚੀ ਸੀ ਜੋ ਅੱਜ ਵਰਕਾ ਫੋਲਿਆ,
ਹੱਥ ਲੱਗੀ ਮੇਰੀ ਕਾਪੀ ਇੱਕ ਬਹੁਤ ਪੁਰਾਣੀ ਦਾ।
ਮੱਲੋਮੱਲੀ ਚੇਤੇ ਆ ਗਿਆ ਫਿਰ ਮੈਨੂੰ ਸਬ ਕੁਝ,
ਉਸ ਅੱਜ ਤਕ ਭੁੱਲੀ ਹੋਈ ਪੁਰਾਣੀ ਕਹਾਣੀ ਦਾ।।

ਇਕ ਦੋ ਲਫ਼ਜ਼ ਮੇਰੇ ਨੇ ਤੇ ਇਕ ਦੋ ਲਫ਼ਜ਼ ਤੇਰੇ ਵੀ ਨੇ,
ਲਿਖਿਆ ਫਿਰ ਸਾਰਾ ਪੜਿਆ ਵਿਛੜੇ ਰੂਹ ਦੇ ਹਾਣੀ ਦਾ।
ਸਭ ਕੁਝ ਲੁਟਾ ਹੱਥ ਝਾੜ ਬੁੱਕਲ ਸਬਰ ਦੀ ਮਾਰ,
ਕਿਵੇਂ ਦੱਸਾਂ ਫਿਰ ਪਾਣੀ ਤੋਂ ਅੱਡ ਹੋਏ ਉਸ ਪਾਣੀ ਦਾ।।

ਹੌਂਕੇ ਦੀ ਸੂਲ਼ੀ ਚੜ੍ਹਨ ਦਾ ਚੁੱਪ ਚੁਪੀਤੇ ਮਰਨ ਦਾ,
ਲਿਖਿਆ ਸੀ ਸਬ ਦੁੱਖ ਸੁੱਖ ਵਿੱਚ ਜ਼ਿੰਦਗੀ ਮਾਣੀਂ ਦਾ।
ਕਦੇ ਸੂਰਜਾਂ ਮੂਹਰੇ ਖੜ੍ਹੇ ਸਾਂ ਤਾਰਿਆਂ ਦੇ ਹੱਥ ਫੜੇ ਸਾਂ,
ਜੋ ਕਦੇ ਨਾ ਬਦਲਿਆ ਏ ਉਹ ਹੈ ਇੱਕੋ ਰੰਗ ਪਾਣੀ ਦਾ।।

ਜਿੰਨਾ ਕੁ ਦਰਦ ਦਿਸਿਆ ਜਿੰਨੇ ਕੁ ਬੋਲ ਬੋਲੇ ਲਿਖਿਆ ਏ,
ਕਿੱਦਾਂ ਸਾਂਝਾ ਕਰਾਂ ਸਿੱਧਾ ਕਰਾਂ ਤੰਦ ਉਲਝੀ ਹੋਈ ਤਾਣੀ ਦਾ।
ਨਾ ਅਸਾਂ ਰੌਲੇ ਪਾਏ ਕਦੇ ਨਾ ਅਸਾਂ ਕੰਨ ਪੜਵਾਏ ਕਦੇ ਕਾਸ਼,
ਕੋਈ ਤਾਂ ਢੂੰਢ ਦਿੰਦਾ ਗੁਆਚਾ ਹੀਰਾ ਇਸ ਜਿੰਦ ਨਿਮਾਣੀ ਦਾ।।

ਏਦਾਂ ਨਾ ਕਦੇ ਆ ਜ਼ਖ਼ਮ ਭਰਨੇ ਏਦਾਂ ਨਾ ਆ ਵਕਤ ਸਰਨਾ,
ਕਹਿੰਦੇ ਸਨ ਪਰ ਉਹ ਵੀ ਨਾ ਹੋਇਆ ਜੋ ਸੀ ਹੀਰ ਮਰਜਾਣੀ ਦਾ।
ਜਦ ਕੋਈ ਲਿਖਾਰੀ ਲਫ਼ਜ਼ ਲਿਖਦੇ ਨੇ ਤਾਂ ਵਿਰਲੇ ਹੀ ਗੌਲਦੇ ਨੇ,
ਮੈਨੂੰ ਚੇਤੇ ਆ ਪਰ ਕੌਣ ਚੇਤੇ ਰੱਖਦਾ ਏ ਬੀਤੀ ਬਾਤ ਪੁਰਾਣੀ ਦਾ।।

**—ਗੁਰਿੰਦਰ ਗਿੱਲ ਮਲੇਸ਼ੀਆ**



# ਪੰਜਾਬੀ ਕਵਿਤਾ ਕਲਮ ਉੱਤੇ

ਮੈਂ ਲਿਖਾਂ ਕੁਝ ਹੋਰ ਤੇ ਕਰਦੀ ਏ ਕੁਝ ਹੋਰ ਬਿਆਨ ਕਲਮ,
ਰੱਖਦੀ ਏ ਮੇਰਾ ਜ਼ਮਾਨੇ ਤੋਂ ਕੁਝ ਜ਼ਿਆਦਾ ਹੀ ਧਿਆਨ ਕਲਮ।
ਕਹਿੰਦੇ ਕਲਮ ਮਨ ਦੀ ਬਾਂਦੀ ਏ ਪਰ ਰੱਬ ਨੂੰ ਵੀ ਧਿਆਉਂਦੀ ਏ,
ਕਦੇ ਸਾਗਰ 'ਚ ਡੁੱਬਕੀਆਂ ਲਾਵੇ ਤੇ ਕਦੇ ਅੰਬਰੀ ਭਰੇ ਉਡਾਨ ਕਲਮ।।

ਕਦੇ ਲੱਭ ਲਿਆਵੇ ਹੀਰੇ ਮੋਤੀ ਕਦੇ ਪਤਾਲੀਂ ਵੀ ਗੇੜਾ ਲੈ ਲੈਂਦੀ ਏ,
ਕਦੇ ਅੰਦਰੋਂ ਹਨੇਰਾ ਮੁਕਾ ਫਿਰ ਬਣਾ ਦੇਂਦੀ ਐ ਧਨਵਾਨ ਕਲਮ।
ਰੱਬ ਨੇ ਸਿਰਜੀ ਸ੍ਰਿਸ਼ਟੀ ਬ੍ਰਹਿਮੰਡ ਤਾਰਾ ਮੰਡਲ ਦੀ ਖੋਲੀ ਏ ਖਿੜਕੀ,
ਨਦੀਆਂ ਨਾਲੇ ਧਰਤੀ ਅਕਾਸ਼ ਸੂਰਜ ਚੰਦ ਲਿਖੇ ਆਸਮਾਨ ਕਲਮ।।

ਕੁਲ ਸ੍ਰਿਸ਼ਟੀ ਤੇ ਸ਼ਬਦ ਬਣਾਵੇ ਕਦੇ ਮੀਹਂ ਦੀ ਵੀ ਰੁਨਝੁਨ ਲਾਵੇ,
ਜੰਗਲ ਬੇਲੇ ਪਰਬਤ ਬੀਆਬਾਨ ਸ਼ਬਦਾਂ 'ਚ ਕਰੇ ਵਿਖਿਆਨ ਕਲਮ।
ਕਿਧਰੇ ਫੁੱਲਾਂ ਪਤੀਆਂ 'ਚ ਵਸਦੀ ਕਿਧਰੇ ਤਿਤਲੀਆਂ ਭੌਰਿਆਂ 'ਚ ਹੱਸਦੀ,
ਕਦੇ ਸੂਖਮ ਕਦੇ ਅਨੁਪਮ ਕਦੇ ਲਿਖੇ ਕੁੰਵਾਰੇ ਅਣਛੋਹੇ ਅਰਮਾਨ ਕਲਮ।।

ਕਦੇ ਸ਼ਾਮ ਦੀ ਮੁਰਲੀ ਕਦੇ ਰਾਧਾ ਦਾ ਪਿਆਰ ਕਦੇ ਮੀਰਾ ਦੀ ਤਾਂਗ,
ਸ਼ਿਵਜੀ ਦੀ ਸਤਿਅਮ-ਸ਼ਿਵਮ-ਸੁੰਦਰਮ ਲਿਖੇ ਬ੍ਰਹਮ ਗਿਆਨ ਕਲਮ।
ਗੁਰੂ ਨਾਨਕ ਦੇ ਸ਼ਬਦਾਂ ਦੀ ਪੋਟਲੀ ਕਦੇ ਵਾਰਿਸ਼ ਦੀ ਬੋਲੀ ਬੋਲਦੀ,
ਸ਼ਿਵ ਦਾ ਦਰਦ ਲਿਖੇ ਕਿਧਰੇ ਲਿਖ ਜਾਏ ਬਣ ਗਾਲਿਬ ਦਾ ਦੀਵਾਨ ਕਲਮ।।

ਕਦੇ ਲਿਖੇ ਸੱਜਰੇ ਇਸ਼ਕ ਦੇ ਬੋਲ ਕਦੇ ਮਨ ਦੇ ਪੀੜ੍ਹ ਦੇ ਵੀ ਖੋਲ ਜਾਏ ਪੋਲ,
ਕਦੇ ਖੁਸ਼ੀਆਂ ਦਾ ਇਜ਼ਹਾਰ ਲਿਖੇ ਕਦੇ ਰੋਂਦੇ ਨੈਣਾਂ ਦੀ ਲਿਖੇ ਮੁਸਕਾਨ ਕਲਮ।
ਕਲਮ ਹੈ ਮੇਰੇ ਦਿਲ ਦੀ ਮਹਿਰਮ ਕਲਮ ਮੇਰੀ ਮੇਰੇ ਸਾਂਹੀਂ ਹੈ ਵੱਸਦੀ ਹੈ,
ਜਦ ਫੜ੍ਹ ਇਹਨੂੰ ਮੈਂ ਲਿਖਾਂ ਲਗਾਂ ਕਰਾ ਦੇਂਦੀ ਮੇਰਾ ਅੰਤਰ ਧਿਆਨ ਕਲਮ।।

**—ਗੁਰਿੰਦਰ ਗਿੱਲ**

# ਲੋਕਾਂ ’ਚ ਰਿਹਾ ਰੱਬ ਦਾ ਡਰ ਨਹੀਂ

ਅਸੀਂ ਜਾਵਾਂਗੇ ਕਿਥੇ ਹੁਣ ਕੋਲ ਸਾਡੇ ਪਿੰਡ ’ਚ ਜ਼ਮੀਨ ਨਹੀਂ ਕੋਈ ਘਰ ਨਹੀਂ,
ਜਿਥੇ ਜੰਮੇ ਪਲੇ ਸੀ ਕਦੇ ਅੱਜ ਓਥੇ ਕੋਈ ਰਿਹਾ ਉਹ ਬੇਬੇ ਵਾਲਾ ਦਰ ਨਹੀਂ।
ਸਾਂਭ ਸਾਂਭ ਰਾਖੀਆਂ ਸੀ ਯਾਦਾਂ ਦਿਲ ਵਿਚ ਜਿਥੇ ਖੇਡਦੇ ਸੀ ਖੇਤ ਹਵੇਲੀ ਦੀਆਂ,
ਪਰਤੇ ਵਤਨਾਂ ਨੂੰ ਜਦ ਤਾਂ ਦਿਸੇ ਓਥੇ ਦਿਸੇ ਕੋਈ ਬਿਸਤਰ ਤੇ ਵਸਤਰ ਨਹੀਂ।।

ਜਿਥੇ ਗੁਜ਼ਾਰਿਆ ਸੀ ਬਚਪਨ ਜਵਾਨੀ ਨਾਲੇ ਚੜ੍ਹਾਈਆਂ ਸੀ ਪੀਂਘਾਂ ਪਿਆਰ ਦੀਆਂ,
ਰੋਸ਼ਨੀ ਸੀ ਮਾਂ ਬਾਪ ਦੇ ਜਪਿਆਰ ਦੀ ਮਿਲਦੀਆਂ ਸੀ ਝਿੜਕਾਂ ਪਿਆਰ ਦੀਆਂ।
ਉਸ ਜਗਾਹ ਤੇ ਹੁਣ ਰਿਹਾ ਓਹੀਉ ਮਾਂ ਬਾਪੂ ਦਾਦੇ ਦਾਦੀ ਵਾਲਾ ਕੋਈ ਘਰ ਨਹੀਂ,
ਕਿਥੇ ਜਾ ਕੇ ਲਭਾਂ ਓਹਨੂੰ ਅੱਖਾਂ ਅੱਗੇ ਤੇ ਫਿਰਦਾ ਏ ਪਾਰ ਦਿਸੇ ਉਹ ਮੰਦਰ ਨਹੀਂ।।

ਕਿੱਦਾਂ ਜੀਨਾ ਆ ਅਸੀਂ ਇਥੇ ਲੋਕਾਂ ਤੋਂ ਡਰ ਕੇ ਤੇ ਘਰ ਅੰਦਰ ਲੁੱਕ ਲੁੱਕ ਲੈ,
ਮਾਂ ਦੇ ਸਿਵਿਆਂ ਨੂੰ ਮੱਥਾ ਟੇਕ ਲਿਆ ਏ ਬਾਪੂ ਨੂੰ ਵੀ ਰੋ ਲਿਆ ਏ ਅਸਾਂ ਛੁਪ ਛੁਪ ਕੇ।
ਪਹਿਲਾਂ ਇਸ ਜਗ੍ਹਾ ਤੋਂ ਕੋਈ ਬੇਹਤਰ ਨਹੀਂ ਸੀ ਪਰ ਹੁਣ ਹੈਗੀ ਕੋਈ ਬਦਤਰ ਨਹੀਂ,
ਕਿੱਥੇ ਗਏ ਨੇ ਉਹ ਮੈਨੂੰ ਜੰਮਣ ਵਾਲੇ ਬਿਨਾ ਉਨ੍ਹਾਂ ਤੋਂ ਇਹ ਘਰ ਕੋਈ ਘਰ ਨਹੀਂ।।

ਕੋਲ ਸਾਡੇ ਸਿਖਿਆ ਮਾਂ ਦੀ ਤੇ ਬਾਪੂ ਦਾ ਦੁਲਾਰ ਆ ਕੁਛ ਸਾਡੇ ਸ਼ਿਸ਼ਟਾਚਾਰ ਆ,
ਲੈਕੇ ਆਏ ਹਾਂ ਦਿਲਾਂ ’ਚ ਪਿਆਰ ਪਾਰ ਬੋਝੇ ਵਿਚ ਲੋਕਾਂ ਨੂੰ ਦਿਸਦੇ ਪੈਸੇ ਵੀ ਚਾਰ ਆ।
ਸਾਨੂੰ ਕੋਈ ਖ਼ਾਸ ਲੋੜ ਨਹੀਂ ਆ ਰੱਖਣ ਦੀ ਪਿਸਤੌਲ, ਬੰਦੂਕ, ਅਸ਼ਤਰ-ਸ਼ਸ਼ਤਰ ਦੀ,
ਦੋਹਰੀਆਂ ਗੱਲਾਂ ਇਥੇ ਕਰਦੇ ਨੇ ਲੋਕੀਂ ਸਾਨੂੰ ਸਮਝਣ ਲਈ ਕੋਈ ਦਫ਼ਤਰ ਨਹੀਂ।।

ਮਾਇਆ ਹੀ ਸਿਰਮੌਰ ਏ ਪਿਆਰ ਤੋਂ ਸੱਖਣੇ ਲੋਕੀਂ ਚਲਾਉਂਦੇ ਨਫ਼ਰਤਾਂ ਦਾ ਦੌਰ ਏ,
ਜਿਹੜੇ ਫੁੱਲਾਂ ਵਾਂਗੂ ਮਿਲਦੇ ਸੀ ਵੇਖ ਕੇ ਹੱਸਦੇ ਸੀ ਅੱਜ ਹੋਏ ਫਿਰਦੇ ਕੁਛ ਹੋਰ ਆ।
ਪਹਿਲਾਂ ਵਰਗੀ ਧਰਤੀ ਤੇ ਕਿਤੈ ਦਿੱਸਦੀ ਨਹੀਂ ਤੇ ਪਹਿਲਾਂ ਜਿਹਾ ਉਹ ਅੰਬਰ ਨਹੀਂ,
ਸਫ਼ੇਦ ਹੋ ਗਿਆ ਹੈ ਖ਼ੂਨ ਇਥੇ ਲੋਕਾਂ ਦਾ ਲੋਕਾਂ ’ਚ ਰਿਹਾ ਰੱਬ ਦਾ ਡਰ ਨਹੀਂ।।

**ਡਾ. ਗੁਰਿੰਦਰ ਗਿਲ**



# ਗ਼ਜ਼ਲਾਂ ਨਜ਼ਮਾਂ ਵੀ ਰੋਂਦੀਆਂ ਨੇ ਬੜੀਆਂ

ਕਦੇ ਮਿਲਦੀਆਂ ਨੇ ਰੁੱਖਾਂ ਨਾਲ ਟੰਗੀਆਂ ਤੇ ਕਦੇ ਕੂੜੇਦਾਨ ’ਚ ਸੜ੍ਹੀਆਂ,
ਕਦੇ ਹੋਣ ਬਲਾਤਕਾਰ ਤੋਂ ਬਾਅਦ ਜਾ ਸੁੱਟਦੇ ਨੇ ਇੰਨਾ ਨੂੰ ਵਿਚ ਮੜੀਆਂ।
ਕਿਸੇ ਹੋਰ ਦੇਸ਼ ਦੀਆਂ ਨਾ ਸਮਝ ਲੈਣਾ ਇਹ ਭਾਰਤ ਦੀਆਂ ਨੇ ਪਰੀਆਂ,
ਜਿਸ ਰੁੱਖ ਤੋਂ ਨੇ ਦਿਸਣ ਲਮਕਦੀਆਂ ਤੀਆਂ ’ਚ ਇਥੇ ਪੀਂਘੀ ਨੇ ਚੜੀਆਂ।।

ਸ਼ਹਿਰ ਸਾਡੇ ਮੁਲਖ਼ ਵਿਚ ਮਸ਼ਹੂਰ ਹੈ ਨਜ਼ਰ ਸਾਡੀ ’ਚ ਨਾ-ਮਨਜ਼ੂਰ ਹੈ,
ਕਲਮ ਦਵਾਤਾਂ ਨਾਲ ਇਹ ਖੇਡਦੀਆਂ ਸੀ ਉਡੀਕਣ ਕਿਤਾਬਾਂ ਜੋ ਨਾ ਪੜ੍ਹੀਆਂ।
ਹੁਣ ਲਗੇਗੀ ਮਹਿੰਦੀ ਕਦੇ ਨਾ ਚੜਣਾ ਤੇਲ ਆ ਆਵੇਗੀ ਜੰਞ ਨਾ ਕੋਈ ਮੇਲ,
ਹੁਣ ਕਿਵੇਂ ਵਧੇਗੀ ਵੇਲ ਜਦ ਮਾਰ ਦੇਂਦੇ ਨੇ ਜੋ ਅਜੇ ਕੁੱਖੇ ਈ ਨੇ ਪਈਆਂ।।

ਨਾ ਤੂੰ ਤੋਰੀਂ ਮੈਨੂੰ ਸਹੁਰੇ ਨੀ ਮਾਏਂ ਮੈਂ ਘਰ ਬਾਬਲ ਦੇ ਈ ਸਦਾ ਰਹਿਣਾ ਨੀ ਮਾਏਂ,
ਪਾਕੇ ਖ਼ਫ਼ਨ ਤੁਰ ਪਈਆਂ ਨੇ ਜੋ ਚਾਹੁੰਦੀਆਂ ਸੀ ਚੁੰਨੀਆਂ ਗੋਟੇ ਜ਼ਰੀ ਨਾਲ ਜੜੀਆਂ।
ਨਾ ਮਾਂ ਨੇ ਸ਼ਗਨ ਮਨਾਇਆ ਨਾ ਬਾਪੂ ਨੇ ਸੀਨਾ ਲਾਇਆ ਨਾ ਵੀਰ ਨੇ ਡੋਲੀ ਪਾਇਆ,
ਨਾ ਸੱਸ ਨੇ ਵਾਰਿਆ ਪਾਣੀ ਕਿਹੋ ਜਿਹੇ ਕਰਮ ਇੰਨਾਂ ਦੇ ਨਾ ਮਾਹੀ ਕਰੀਆਂ ਅੜੀਆਂ।।

ਡੌਰ ਭੌਰੇ ਹੋ ਲਟਕਦੀਆਂ ਲਾਸ਼ਾਂ ਨੂੰ ਆਏ ਨੇ ਵੇਖਣ ਸਾਰੇ ਹੰਝੂ ਜਾਂਦੇ ਨਹੀਂਓ ਸੰਭਾਲੇ,
ਬਾਕੀ ਪਿੰਡ ਦੀਆਂ ਧੀਆਂ ਧਿਆਣੀਆਂ ਕੀ ਭਾਣਾ ਵਰਤ ਗਿਆ ਵੇਖਣ ਖੜੀਆਂ।
ਰਲਮਿਲ ਸਦਾ ਖੇਡਦੀਆਂ ਸਨ ਭੱਜ ਸਕੂਲੇ ਵੜ੍ਹਦੀਆਂ ਸਨ ਭੋਰਾ ਨਾ ਡਰਦੀਆਂ ਸਨ,
ਖਿਲ ਕੇ ਹੱਸਦੀਆਂ ਸਨ ਨਾ ਕਿਸੇ ਨੂੰ ਟਿੱਚ ਸਮਝਦੀਆਂ ਸਨ ਅੱਜ ਚੁਪ ਨੇ ਬੜੀਆਂ।।

ਜੋ ਕਹਿੰਦੇ ਸੀ ਸਾਨੂੰ ਹਿੰਦ ’ਤੇ ਨਾਜ਼ ਬੜਾ ਏ ਦੁਨੀਆਂ ਦੀ ਟੀਸੀ ਤੇ ਮੁਲਖ ਖੜਾ ਏ,
ਕਿਥੇ ਨੇ ਜੋ ਮਾਰਦੇ ਸਨ ਫੜਾਂ ਫੋਕੀਆਂ ਕਰਦੇ ਸੀ ਉਹ ਤਕਰੀਰਾਂ ਲੰਮੀਆਂ ਤੇ ਬੜੀਆਂ।
ਇੰਝ ਲੱਗਦਾ ਏ ਕਿ ਪੱਥਰ ਹੋ ਗਏ ਨੇ ਦੀਦੇ ਲੋਕਾਂ ਦੇ ਮਰ ਗਏ ਜ਼ਮੀਰ ਵੀ ਲੋਕਾਂ ਦੇ,
ਨਾ ਕੋਈ ਤਰਸ ਖਾਵੇ ਲੋਕਾਂ ਦੀਆਂ ਅੱਖਾਂ ’ਚੋਂ ਨਾ ਲੱਗਣ ਸਾਉਣ ਦੀਆਂ ਝੜੀਆਂ।।

ਕਦੇ ਧੀਆਂ ਹੁੰਦੀਆਂ ਸਭ ਦੀਆਂ ਸਾਂਝੀਆਂ ਓਦੋਂ ਅਣਖਾਂ ਵੀ ਪਗਾਂ ਨੇ ਸਾਂਭੀਆਂ ਸਨ,
ਨਾਨਕ, ਗੌਤਮ, ਗੋਬਿੰਦ ਸਿੰਘ ਦੀਆਂ ਦਿਤੀਆਂ ਅਕਲਾਂ ਹੁਣ ਕਿਥੇ ਨੇ ਜਾ ਵੜੀਆਂ।
ਕੌਣ ਸਮਝਾਵੇ ਕੌਣ ਸੋਝੀ ਪਾਵੇ ਕਿਥੋਂ ਲਿਆਈਏ ਲੱਭ ਕੇ ਤੇ ਕਿਹੜੀ ਅਲਖ਼ ਜਗਾਈਏ,
ਹਰਫ਼ ਤੇ ਪਹਿਲੇ ਈ ਪਏ ਵਿਲਖਦੇ ਕਵਿਤਾ ਗ਼ਜ਼ਲਾਂ ਨਜ਼ਮਾਂ ਵੀ ਰੋਂਦੀਆਂ ਨੇ ਬੜੀਆਂ।।

**ਡਾ. ਗੁਰਿੰਦਰ ਗਿਲ**

# ਨਾਨਕ ਦੀ ਚਲਾਈ ਲਹਿਰ ਦੀਆਂ

ਪ੍ਰਦੇਸਾਂ ਵਿਚ ਬੈਠੇ ਸਾਰੇ ਚਾਈਂ ਚਾਈਂ ਸੁਣਦੇ ਹਾਂ ਜਦ,
ਖ਼ਬਰਾਂ ਆਉਂਦੀਆਂ ਸਾਡੇ ਪਿੰਡ ਸਾਡੇ ਸ਼ਹਿਰ ਦੀਆਂ।

ਦਿਲ ਦੁੱਖਦਾ ਏ ਕਲੇਜਾ ਫੱਟਦਾ ਏ ਡੂੰਘਾ ਸੱਲ ਵੱਜਦਾ ਏ,
ਸੁਨ ਵਗੀਆਂ ਹਵਾਵਾਂ ਓਥੇ ਨੇ ਜੋ ਕੋਰੋਨਾ ਦੇ ਕਹਿਰ ਦੀਆਂ।

ਹੱਥਾਂ ਪੈਰਾਂ ਦੀ ਪੈ ਗਈ ਏ ਦੌਲਤ ਕੱਠੀ ਕੀਤੀ ਰਹਿ ਗਈ ਏ,
ਢੇਰ ਲਾਸ਼ਾਂ ਦੇ ਲਗੇ ਪਏ ਪਈਆਂ ਸੜ੍ਹਨ ਕਿੰਨੇ ਪਹਰ ਦੀਆਂ।

ਲਹੂ ਹੁਣ ਸਫੇਦ ਹੋ ਗਿਆ ਲਾਸ਼ ਦੇਖ ਪੁੱਤ ਪਰੇ ਖਲੋ ਗਿਆ,
ਸੋਚਦਾ ਮੈਨੂੰ ਕਿਤੈ ਲੱਗ ਨਾ ਜਾਵੇ ਆ ਗੱਲਾਂ ਨੇ ਇਸ ਕਹਿਰ ਦੀਆਂ।

ਕੁਦਰਤ ਸੀ ਖੇਲ ਰਚਾਇਆ ਆਪਣੀ ਕਰ ਲਈ ਚੰਗੀ ਕਾਇਆ,
ਪਸ਼ੂ ਪੰਛੀ ਉਡਦੇ ਫਿਰਦੇ ਬੰਦੇ ਨੂੰ ਕੈਦਾਂ ਹੋਈਆਂ ਚਤੋ ਪਹਰ ਦੀਆਂ।

ਬੰਦਾ ਤਾਂ ਐਂਵੇ ਬਣ ਬੈਠਾ ਰੱਬ ਸੀ ਓਹਨੂੰ ਭੁੱਲ ਗਿਆ ਸਭ ਸੀ,
ਹੁਣ ਓਹਨੂੰ ਚੇਤਾ ਆਇਆ ਕਰਦਾ ਗੱਲਾਂ ਫੈਲਾਏ ਜ਼ਹਿਰ ਦੀਆਂ।

ਮਿੱਠੀ ਜਿਹੀ ਆ ਆਪਣੀ ਪੰਜਾਬੀ ਬੋਲੋ ਰਾਜ ਆਪਣੇ ਦਿਲ ਦੇ ਖੋਲੋ,
ਨਹੀਓਂ ਹੁੰਦੀਆਂ ਚੰਗੀਆਂ ਗੱਠਾਂ ਬੱਝੀਆਂ ਮਨ ਦੀ ਨਹਿਰ ਦੀਆਂ।

ਸਰਲ ਸੁਭਾਅ ਦਾ ਗਹਿਣਾ ਪਾਓ ਦਾਲ ਨਾਲ ਅਚਾਰ ਤੇ ਰੋਟੀ ਖਾਓ,
ਰਾਜੇ ਰਾਣੀ ਦੀਆਂ ਬਾਤਾਂ ਪਾਓ ਛੱਡੋ ਮੋਬਾਈਲ ਤੇ ਗੱਲਾਂ ਬਿਨ ਸਿਰ ਪੈਰ ਦੀਆਂ।

ਆਓ ਰੱਬ ਦਾ ਸ਼ੁਕਰ ਮਨਾਈਏ ਮਾਂ ਧਰਤੀ ਨੂੰ ਸਵਰਗ ਬਣਾਈਏ,
ਫੜ ਕਲਮ ਗ਼ਜ਼ਲਾਂ ਲਿਖੀਏ ਬਾਬੇ ਨਾਨਕ ਦੀ ਚਲਾਈ ਸਿੱਖੀ ਲਹਿਰ ਦੀਆਂ।

**ਡਾ. ਗੁਰਿੰਦਰ ਗਿਲ**



# ਧੂਣੀ ਮੋਹੱਬਤ ਦੀ ਲਾਉਂਦਾ ਚੱਲ

ਸਦੀਆਂ ਤੋਂ ਸੁੱਤੇ ਹੋਏ ਇਸ ਚਿੱਤ ਨੂੰ ਵੀ ਹੁਣ ਤੂੰ ਜਗਾਉਂਦਾ ਚੱਲ।
ਚਿੱਤ ਵਾਲੀ ਅੱਗ ਬੁਝਾ ਲੋ ਭਾਂਵੇ ਅੰਦਰਲੀ ਲੋ ਤੂੰ ਜਗਾਉਂਦਾ ਚੱਲ॥

ਜੱਗ ਜਿਉਂਦਿਆਂ ਦੇ ਮੇਲੇ ਨੇ ਪਰ ਦੀਦਾਰ ਤੇ ਰੱਬ ਦੇ ਵੀ ਹੁੰਦੇ ਨੇ।
ਮਰਨ ਬਾਅਦ ਦਾ ਕੀ ਪਤਾ ਜਿਉਂਦੇ ਜੀ ਬਿਰਤੀ ਲਗਾਉਂਦਾ ਚੱਲ॥

ਗਰੀਬ ਦੀ ਝੋਲੀ ਤੂੰ ਭਰਿਆ ਕਰ ਰੁੱਸੇ ਤਾਈਂ ਤੂੰ ਮਨਾਇਆ ਕਰ।
ਰੋਂਦੇ ਬੱਚੇ ਨੂੰ ਵਰਾਇਆ ਕਰ ਬੁੱਢੀ ਮਾਂ ਦੇ ਪੈਰੀਂ ਹੱਥ ਲਗਾਉਂਦਾ ਚੱਲ॥

ਰੱਖ ਸਬਰ ਸੰਤੋਖ ਦੀ ਡੋਰ ਸਾਂਭ ਕੇ ਹਿਸਾਬ ਨਾਲ ਤੂੰ ਖਾਇਆ ਕਰ।
ਏ ਜੀਵਨ ਰਿਨ ਹੈ ਕਰਤੇ ਦਾ ਕੁਝ ਦੁਖੀਆਂ ਦਾ ਦਰਦ ਵੰਡਾਉਂਦਾ ਚੱਲ॥

ਕਣ ਕਣ 'ਚ ਪ੍ਰਭੂ ਵਸਦਾ ਏ ਭਾਂਵੇ ਉਪਰੀ ਨਿਗਾਹ ਨਹੀਂ ਦਿਸਦਾ ਏ।
ਰਾਗ ਇਲਾਹੀ ਹੈ ਬਰਸ ਰਿਹਾ ਤੂੰ ਵੀ ਉਹ ਗੀਤ ਅਲਾਪਦਾ ਚੱਲ॥

ਹੁਣ ਤੂੰ ਛੱਡ ਆਪਣੇ ਦਿਲ ਪਰਚਾਵੇ ਨੂੰ ਝੂਠੇ ਮਨ ਬਹਿਲਾਵੇ ਨੂੰ।
ਛੱਡ ਜਰੂਰਤਾਂ ਆਪਣੀਆਂ ਲੋੜਵੰਦ ਦੇ ਖੀਸੇ 'ਚ ਕੁਝ ਪਾਉਂਦਾ ਚੱਲ॥

ਕਿਤੈ ਵਿਲਕਦੀ ਮਾਂ ਦੁਖਿਆਰੀ ਨੂੰ ਛੋਟੀ ਜਿਹੀ ਗੁਡੀ ਪਿਆਰੀ ਨੂੰ।
ਕਹਿ ਦੇ ਸ਼ਬਦ ਸਿਦਕ ਭਰੋਸੇ ਦੇ ਜ਼ਖਮਾਂ ਤੇ ਮਲ੍ਹਮ ਲਾਉਂਦਾ ਚੱਲ॥

ਪੁੰਨ ਪਾਪ ਤੇ ਕਹਿਣ ਦੀਆਂ ਗੱਲਾਂ ਅੱਗੇ ਚੱਲਣ ਕਰਮਾਂ ਦੀਆਂ ਛੱਲਾਂ।
ਤੂੰ ਬੁਰੇ ਕਰਮਾਂ ਤੋਂ ਕਿਨਾਰਾ ਕਰ ਬਸ ਚੰਗੇ ਕਰਮ ਕਮਾਉਂਦਾ ਚੱਲ॥

ਬਹਿ ਸੂਫੀ ਸੰਤਾਂ ਨਾਲ ਬਿਰਹੋਂ ਦਾ ਗੀਤ ਸੁਣਿਆ ਤੇ ਸੁਣਾਇਆ ਕਰ।
ਵੈਰੀ ਨਾ ਬਣਾਉਂਦਾ ਚੱਲ ਜਿਥੇ ਵੀ ਹੋਵੇ ਧੂਣੀ ਮੋਹੱਬਤ ਦੀ ਲਾਉਂਦਾ ਚੱਲ॥

**ਡਾ. ਗੁਰਿੰਦਰ ਗਿਲ**

# ਸਮਝ ਨਾ ਆਵਣ ਉਸ ਰੱਬ ਦੇ ਧੰਦੇ

ਉਲਝੀ ਪਈ ਰੂਹ ਕਿਧਰੇ ਸੁਲਝੀ ਪਈ ਕਰਦੇ ਨੇ ਲੋਕੀਂ ਚੰਗੇ ਮੰਦੇ ਧੰਦੇ,
ਚੇਹਰੇ ਪਿਛੇ ਚੇਹਰਾ ਛੁਪਾਵਣ ਮਤਲਬ ਖੋਰੀ ਬਣ ਗਏ ਨੇ ਸਾਰੇ ਬੰਦੇ।

ਮੈਂ ਮੇਰੀ ਦੇ ਮਸਲੇ ਨੇ ਸਾਰੇ ਬਣ ਬੈਠੇ ਦੋ ਸਿਰਾਂ ਵਾਲੇ ਨਾਗ ਨੇ ਸਾਰੇ,
ਪਾਈ ਬੈਠੇ ਉਚ ਨੀਚ ਦੇ ਫ਼ਰਕ ਦਿਲਾਂ 'ਚ ਗਲਾਂ 'ਚ ਮੋਹ ਮਾਇਆ ਦੇ ਫੰਦੇ।

ਦਿਲੋਂ ਨਾ ਕਰੇ ਕੋਈ ਇਸ਼ਕ ਮੋਹਬਤ ਮਤਲਬ ਖੋਰੇ ਮਤਲਬੀ ਨੇ ਆਸ਼ਿਕ,
ਮਨ ਖੋਟੇ ਅਕਲ ਦੇ ਮੋਟੇ ਲੈਕੇ ਫਿਰਦੇ ਜ਼ਹਿਰ ਦੇ ਲੋਟੇ ਸ਼ਕਲ ਦੇ ਚੰਗੇ।

ਜਿੱਦਾਂ ਬੱਝੇ ਰਹਿਣ ਨਾ ਪਾਣੀ ਇੱਥੇ ਉਦਾਂ ਹੀ ਰੁਕਦੀ ਨਹੀਂ ਇਹ ਕਹਾਣੀ ਇੱਥੇ,
ਕਿਵੇਂ ਬੁੱਤਾਂ ਵਾਂਗੂ ਰਖਣੇ ਪੈਂਦੇ ਜਿਹੜੇ ਰੂਹਾਂ ਤੋਂ ਨੇ ਸੱਖਣੇ ਕਰਦੇ ਕਰਮ ਨੇ ਮੰਦੇ।

ਲੱਭਦਾ ਕੁਝ ਨੀ ਭਾਂਵੇ ਕਤਰੇ ਵਿਚ ਲਕੀਰ ਵੇਖੋ ਖੰਜਰ ਨਾਲ ਛਾਤੀ ਚੀਰ ਵੇਖੋ,
ਬਸ ਕੁਰਸੀ ਦੀ ਖਾਤਿਰ ਧਰਮ ਦਾ ਲੈ ਕੇ ਓਟ ਆਸਰਾ ਰਹਿਣ ਕਰਾਉਂਦੇ ਦੰਗੇ।

ਰੱਤ ਦਾ ਤੇਲ ਜਦ ਹੱਡੀਂ ਬਲਦਾ ਏ ਦਰਦ ਦੀਆਂ ਲਾਟਾਂ ਇਹ ਫਿਰ ਕੱਢਦਾ ਏ,
ਰੂਹ ਦੀ ਪੌਣ ਜਦ ਵਗੇ ਮਾਸ ਦੇ ਦੀਵੇ ਫਿਰ ਬਲਣ ਕਰਮ ਫਿਰ ਤੁੱਲਦੇ ਚੰਗੇ ਮੰਦੇ।

ਨਿੱਬ ਦੀ ਨੋਕ ਤੇ ਕਾਗਜ਼ ਗੱਲਾਂ ਕਰਦੇ ਕੁਦਰਤ ਦੇ ਸਬ ਖੇਡ ਤਮਾਸ਼ੇ ਦੱਸਦੇ,
ਰਾਜਿਓਂ ਰੰਕ ਤੇ ਰੰਕੋਂ ਰਾਜਾ ਬਣਾ ਦੇਂਦਾ ਸਮਝ ਨਾ ਆਵਣ ਉਸ ਰੱਬ ਦੇ ਧੰਦੇ।

ਕਹਿੰਦੇ ਨੇ ਭਗਤੀਓਂ ਰਾਜ ਤੇ ਰਾਜੋਂ ਨਰਕ ਅਖੀਰ ਕੀਤੇ ਦਾ ਫਲ ਮਿਲਦਾ ਏ,
ਜ਼ੁਲਮ ਪਾਪ ਜੇ ਕਰਾਂਗੇ ਗਰੀਬ ਮਾਰ ਜੇ ਕਰਾਂਗੇ ਫਿਰ ਪੈਂਦੇ ਨੇ ਗੱਲ ਰੂਹ ਦੇ ਫੰਦੇ।

**ਡਾ. ਗੁਰਿੰਦਰ ਗਿਲ**



# ਓਹਦੇ ਪੈਰੀਂ ਸਾਨੂੰ ਢਹਿਣਾ ਈ ਪੈਣਾ ਏ

ਮੁਕਤੀ ਪਾਉਣੀ ਏ ਫਿਰ ਨਾਨਕ ਗੌਤਮ ਦੇ,
ਸ਼ਬਦਾਂ 'ਤੇ ਅਮਲ ਕਰਨਾ ਈ ਪੈਣਾ ਏ।
ਛੱਡ ਇਸ ਦੁਨੀਆ ਦੇ ਰੰਗਾਂ ਨੂੰ ਰੰਗ ਅਮਾਲ ਦਾ,
ਜੀਵਨ ਵਿਚ ਭਰਨਾ ਈ ਪੈਣਾ ਏ।।

ਡੂੰਘਾ ਗਿਆਨ ਜੇ ਸਾਗਰ ਦਾ ਨਾ ਹੋਵੇ ਹਿਸਾਬ,
ਬਿਨਾ ਡੁਬਕੀ ਨਾ ਕੁਝ ਲੱਭੇ ਜਨਾਬ।
ਜੇ ਮੁਰਸ਼ਦ ਨੂੰ ਮਿਲਣਾ ਸਾਡੀ ਸੋਚ ਦਾ ਬਿੰਦੂ ਏ,
ਤਾਂ ਸਾਨੂੰ ਇਸ 'ਚ ਤਰਨਾ ਈ ਪੈਣਾ ਏ।।

ਜਾਤਾਂ ਧਰਮਾਂ ਨਾਲ ਅਸੀਂ ਕਿਸੇ ਸਿਰੇ ਨੀ,
ਲੱਗਣਾ ਨਫਰਤਾਂ ਨਾਲ ਨਹੀਂਓਂ ਪੁਗਣਾ।
ਏਕਸ ਕੀ ਜਾਤ ਓਹੀ ਮੰਨ ਸ਼ਬਦ ਗੁਰੂ ਦਾ,
ਦਿਲ ਓਧਰ ਪਾਸੇ ਲਾਉਣਾ ਈ ਪੈਣਾ ਏ।।

ਆਖਿਰ ਤੇ ਬਣ ਧੂੜ ਉਡਣਾ ਏ ਮਸਾਣਾਂ 'ਚ,
ਫ਼ਕਤ ਬਣ ਇਨਸਾਨ ਰਹਿ ਇਨਸਾਨਾਂ ਵਿਚ।
ਜੇ ਰੱਬ ਦਾ ਦੀਦਾਰ ਚਾਹੀਦਾ ਫੇਰ ਬਣ ਹਮਦਰਦ,
ਦਰਦ ਲੋਕਾਂ ਦਾ ਵੰਡਾਉਣਾ ਈ ਪੈਣਾ ਏ।।

ਕੰਡਿਆਂ ਨਾਲ ਉਲਝੀਦਾ ਏ ਨਾ ਫੁੱਲਾਂ 'ਤੇ,
ਹੱਕ ਧਰੀ ਦਾ ਏ ਨਾਮ ਹਰੀ ਦਾ ਲਈਦਾ ਏ।
ਜੇ ਕਿਧਰੇ ਮਿਲੇ ਨਾ ਹਕ ਫੇਰ ਲੋੜ ਪਵੇ ਤਾਂ,
ਰਣਭੂਮੀ ਵਿਚ ਵੀ ਲੜਨਾ ਈ ਪੈਣਾ ਏ।।

ਮੰਦਿਰ ਮਸਜਿਦ ਗੁਰਦੁਆਰੇ ਜਾਣਾ ਓਥੇ,
ਮੱਥੇ ਰਗੜ ਨੱਕ ਨਾਲ ਲੀਕਾਂ ਪਾਉਣਾ ਕਾਫ਼ੀ ਨਹੀਂ।
ਦੱਸਿਆ ਏ ਜੋ ਰਾਹ ਗੁਰੂ ਨੇ ਪੈ ਉਸ ਰਾਹ ਸਾਨੂੰ,
ਓਹਦੀ ਸਿੱਖਿਆ ਵਿਚ ਢਲਣਾ ਈ ਪੈਣਾ ਏ।।

ਸਿਰਨਾਂਵੇ ਓਹਦੇ ਤੇ ਭੇਜੋ ਆਪਣੇ ਦੁਖਾਂ ਦੇ,
ਵੇਖੀਂ ਫੇਰ ਬਖਸ਼ ਦੇਗਾ ਦੁੱਖ ਤੇਰੇ ਸਾਰੇ।
ਸ਼ਾਹਾਂ ਦਾ ਸ਼ਾਹ ਏ ਫ਼ਕੀਰਾਂ ਦਾ ਫ਼ਕੀਰ,
ਨਾਨਕ ਓਹਦੇ ਪੈਰੀਂ ਸਾਨੂੰ ਢਹਿਣਾ ਈ ਪੈਣਾ ਏ।।

ਪਵਿੱਤਰ ਸ਼ਬਦ ਦੀ ਅੱਗ ਨੂੰ ਆਪਣੀ ਹਿੱਕ ਵਿਚ,
ਰੱਖ ਧੂੰਆਂ ਪੈਣ ਨਾ ਦੇਵੀਂ ਵਿਚ ਲੋਕਾਂ ਦੀ ਅੱਖ।
ਜੇ ਓਹਦੇ ਦਿਤੀ ਬਾਣੀ ਦਾ ਤੂੰ ਆਦਰ ਕਰਦਾ ਏ,
ਫੇਰ ਰੰਗ ਢੰਗ ਆਪਣਾ ਤੈਨੂੰ ਬਦਲਣਾ ਈ ਪੈਣਾ ਏ।।

**—ਗੁਰਿੰਦਰ ਗਿੱਲ**



# ਆ ਹਾਲ ਹੈ ਪੰਜਾਬ ਦਾ

ਕੀ ਦੱਸਾਂ ਤੁਹਾਨੂੰ ਹਾਲ ਅੱਜ ਮੈਂ ਆਪਣੇ ਰੰਗਲੇ ਪੰਜਾਬ ਦਾ।
ਸਮਝੋ ਨਕਸ਼ਾ ਈ ਖ਼ਰਾਬ ਹੋ ਗਿਆ ਏ ਮੇਰੇ ਸੋਹਣੇ ਪੰਜਾਬ ਦਾ।।

ਕਿਧਰੇ ਵਿਕੇ ਚਿੱਟਾ ਕਿਧਰੇ ਫੀਮ ਦੀ ਪਈ ਭਰਮਾਰ ਐ।
ਨਸ਼ਿਆਂ ਦੇ ਕੋਹੜ ਵਿਚ ਰੁੜ ਗਿਆ ਨੌਜਵਾਨ ਪੰਜਾਬ ਦਾ।।

ਲੁੱਟਾਂ ਖੋਹਾਂ ਚੋਰੀ ਹੁਣ ਹੋ ਗਈ ਏ ਗੱਲ ਹੁਣ ਆਮ ਜਿਹੀ।
ਸ਼ੀਰੀ ਲਾਵੇ ਨਾ ਫਾਹਾ, ਫਾਹਾ ਲੈ ਮਰ ਰਿਹਾ ਕਿਸਾਨ ਪੰਜਾਬ ਦਾ।।

ਹੁਣ ਖੂਹਾਂ ਦੇ ਪਾਣੀ ਮੁੱਕ ਗਏ ਪੰਜੇ ਦਰਿਆ ਵੀ ਨੇ ਸੁੱਕ ਗਏ।
ਪੁੱਤ ਵੇਚ ਜ਼ਮੀਨਾਂ ਭੱਜ ਗਏ ਰਤਾ ਨਾ ਸੋਚਿਆ ਮਾਵਾਂ ਦੇ ਖਾਬ ਦਾ।।

ਚਿਲਮਾਂ ਬੀੜੀਆਂ ਗੁਟਕੇ ਪਾਨਾ ਤੇ ਲੱਗਾ ਏ ਕੀ ਬੁੱਢਾ ਕੀ ਨਿਆਣਾ।
ਹੋਰ ਕੀ ਦੱਸਾਂ ਮੈਂ ਤੁਹਾਨੂੰ ਹਾਲ ਆਪਣੇ ਮਾਲਵੇ ਮਾਝੇ ਦੁਆਬ ਦਾ।।

ਐਂਵੇ ਇਕ ਦੂਜੇ ਦਾ ਖ਼ੂਨ ਨੇ ਕਰਦੇ ਪੈਲੀ ਦੇ ਵੱਟ ਬੰਨੇ ਤੋਂ ਨੇ ਲੜਦੇ।
ਘੜੇ ਭਰ-ਭਰ ਪੀਂਦੇ ਨੇ ਕਦੇ ਊਨਾ ਨਾ ਹੁੰਦਾ ਭਰਿਆ ਘੜਾ ਸ਼ਰਾਬ ਦਾ।।

ਆਪੋ-ਧਾਪੀ 'ਚ ਰਿਸ਼ਤੇ ਖਿੱਲਰ ਗਏ ਪਤਾ ਨੀ ਈਮਾਨ ਵੀ ਕਿਧਰ ਗਏ।
ਵਿਕਦਾ ਫਿਰੇ ਕਾਨੂੰਨ ਵੀ ਅੰਨਾ ਕੀ ਮਾਨ ਕਰੀਏ ਚਲਦੇ ਰਾਜ ਪੰਜਾਬ ਦਾ।।

ਆਲੇ ਦੁਆਲੇ ਸਿਖਿਆਵਾਂ ਪਇਆਂ ਗੁੰਦੀਆਂ ਨੇ ਦਿਲ ਨੂੰ ਨਾ ਛੋਹਦੀਆਂ ਨੇ।
ਆਉਂਦਾ ਜਾਂਦਾ ਜਾਵੇ ਲੁੱਟਦਾ ਪੱਲੇ ਕੁਝ ਨਾ ਪੈਂਦਾ ਆ ਹਾਲ ਹੈ ਪੰਜਾਬ ਦਾ।।

**—ਗੁਰਿੰਦਰ ਗਿੱਲ**

# ਚੰਬੜੇ ਨੇ ਜ਼ਹਿਰੀਲੇ ਨਾਗ ਜੁਦਾਈ ਦੇ

ਇਹ ਦਿਲ ਜਗਦਾ ਬੁਝਦਾ ਮੇਰਾ ਪੀੜਾਂ ਕਰ ਮੈਨੂੰ ਤੰਗ ਰਹੀਆਂ।
ਇੰਨ੍ਹਾਂ ਸੱਟਾਂ ਦਾ ਕੀ ਕਰਾਂ ਜੋ ਨਿੱਤ ਮੱਲਮਾਂ ਮੈਥੋਂ ਨੇ ਮੰਗ ਰਹੀਆਂ।।

ਅੰਗਿਆਰਾ ਏ ਕਿ ਜੁਗਨੂੰ ਏ ਦਿੱਤਾ ਹੋਇਆ ਜੋ ਹੈ ਦਰਦ ਤੇਰਾ।
ਜਗਦੇ ਬੁਝਦੇ ਈਦ ਵਾਲੇ ਚੰਨ ਦੀਆਂ ਰਿਸ਼ਮਾਂ ਮੈਨੂੰ ਡੰਗ ਰਹੀਆਂ।।

ਕਿਹੜੇ ਰੰਗ 'ਚ ਮਿਲ ਜਾਂਦੇ ਨੇ ਦੁੱਖ ਗਲਵੱਕੜੀ ਪਾ ਜਾਂਦੇ ਨੇ।
ਬੇਵਫ਼ਾਈ ਤੇਰੀ ਦੇ ਸੰਗ ਯਾਦਾਂ ਦੁੱਖ ਹੋਰ ਬਥੇਰੇ ਵੰਡ ਰਹੀਆਂ ਨੇ।।

ਜ਼ਿੰਦਗੀ ਦੀ ਕੰਧ 'ਤੇ ਕਲਰਾਆ ਭਰਿਆ ਮੈਨੂੰ ਰੰਗ ਇਸ਼ਕ ਦਾ ਚੜ੍ਹਿਆ।
ਉੱਡ ਨ ਜਾਵੇ ਕਿਧਰੇ ਸੱਧਰਾਂ ਮੇਰੀਆਂ ਡਰ ਰਹੀਆਂ ਕੁਝ ਸੰਗ ਰਹੀਆਂ।।

ਪੁਰਾਣੇ ਗ਼ਮ ਵੀ ਰਾਠੀ ਹੁਣ ਡਿੱਗਦੀ ਜਾਂਦੀ ਏ ਢਹਿੰਦੀ ਜਾਂਦੀ ਏ।
ਕਿੱਦਾਂ ਜੜਾਂ ਰੰਗਲੇ ਸ਼ੀਸ਼ੇ ਕਿਰਚਾਂ ਜ਼ਖਮਾਂ ਦੀਆਂ ਮੈਨੂੰ ਡੰਗ ਰਹੀਆਂ।।

ਮੈਂ ਦਿਲ ਤੇਰੇ ਤੋਂ ਹਾਂ ਲਹਿ ਗਿਆ ਹੋ ਕੇ ਜੁਦਾ ਦੂਰ ਵੀ ਹਾਂ ਹੋ ਗਿਆ।
ਤੂੰ ਦਿਲ ਤੇ ਵਗੀ ਓਨ ਲੀਕਾਂ ਵਾਂਗ ਜੋ ਸੰਗ ਮੇਰੇ ਨੇ ਹੰਡ ਰਹੀਆਂ।।

ਮੈਂ ਸਮੁੰਦਰ ਜਿਹਾ ਤੂੰ ਮੈਨੂੰ ਡੀਕ ਜਾ ਨਹੀਂ ਤੇ ਮੇਰੇ ਵਿਚ ਸੰਪੂਰਨ ਸਮਾ ਜਾ।
ਚੰਬੜੇ ਨੇ ਜ਼ਹਿਰੀਲੇ ਨਾਗ ਜੁਦਾਈ ਦੇ ਚੋਭਾਂ ਮੌਤ ਦੀਆਂ ਵੀ ਨੇ ਡੰਗ ਰਹੀਆਂ।।

—**ਗੁਰਿੰਦਰ ਗਿੱਲ**



# ਇਸ਼ਕ ਹੁੰਦਾ ਦਿਲ ਤੇ ਰੂਹ ਦਾ ਰਿਸ਼ਤਾ

ਜਦ ਪਲਕਾਂ ਤੋਂ ਮੋਤੀ ਗਿਰਦੇ ਨੇ ਤਾਂ ਮੌਸਮ ਵੀ ਨਾਲ ਹੀ ਬਦਲਦੇ ਨੇ।
ਦਰਦਾਂ ਦੀ ਫੁਲਕਾਰੀ ਜਦ ਸਿਰ ਤੇ ਆਵੇ ਗ਼ਮ ਵੀ ਨਾਲ ਸਰਕਦੇ ਨੇ।।

ਮੈਂ ਤੇ ਹੱਸ ਕੇ ਜ਼ਿੰਦਗੀ ਮੇਰੀ ਤੇਰੇ ਨਾਵੇਂ ਲਾਈ ਨਾ ਦਿਤੀ ਕੋਈ ਦੁਹਾਈ।
ਤੂੰ ਤਾਂ ਅੱਖਾਂ ਵਾਲੇ ਦੋਵੇਂ ਬੂਹੇ ਢੋ ਕੇ ਬਹਿ ਗਿਓਂ ਮੇਰੇ ਨੈਣ ਮਚਲਦੇ ਨੇ।।

ਕਹਿੰਦੇ ਇਸ਼ਕ ਹੁੰਦਾ ਦਿਲ ਤੇ ਰੂਹ ਦਾ ਰਿਸ਼ਤਾ ਫੇਰ ਅੱਖਾਂ 'ਚੋ ਰਿਸਦਾ।
ਰੱਜ ਬੈਠੇ ਨ ਕੀਤੀ ਗੱਲ ਦਿਲ ਦੀ ਕੋਈ ਅੱਜ ਅਰਮਾਨ ਵਿਲਕਦੇ ਨੇ।।

ਬੜੇ ਮਿੱਠੇ ਦਰਦਾਂ ਦੀ ਸੌਗ਼ਾਤ ਮਿਲੀ ਵਫਾ ਦੀ ਲੋੜ ਸੀ ਨਾ ਪੂਰੀ ਹੋਈ।
ਮੇਰਾ ਪਲੜਾ ਖ਼ਾਲੀ ਦਾ ਖ਼ਾਲੀ ਰਿਹਾ ਪਰ ਤੇਰੇ ਨਾਮ ਦੇ ਸਿੱਕੇ ਚਲਦੇ ਨੇ।।

ਤੇਰੇ ਇਸ਼ਕ ਦੇ ਬੱਧੇ ਸੰਗਲ ਮੈਨੂੰ ਤੈਥੋਂ ਟੁੱਟਣ ਦਿੰਦੇ ਨਹੀਂ ਜੀਣ ਨੀ ਦੇਂਦੇ।
ਦਿਲ ਦੇ ਗੁਰਬਤ ਵਾਲੇ ਰਸਤੇ ਅਮੀਰੀ ਦੀ ਚਕਾਚੌਂਦ 'ਚ ਤੈਨੂੰ ਨ ਦਿਸਦੇ ਨੇ।।

ਰਿਸ਼ਮਾਂ ਟਹਿਕਣ ਕਹਿਕਸ਼ਾਂ ਚਮਕਣ ਬੱਦਲ ਗੜਕਨ ਖੁਸ਼ਬੂਆਂ ਮਹਿਕਣ।
ਕੁਝ ਫ਼ਰਕ ਨੀ ਪੈਂਦਾ ਆਵੇ ਤੇਰਾ ਖ਼ਿਆਲ ਤਾਂ ਸ਼ਿਅਰ ਕਾਗਜ਼ 'ਤੇ ਉਤਰਦੇ ਨੇ।।

ਚਾਹੁੰਦਾ ਸੀ ਤੇਰਾ ਇਸ਼ਕ ਚੰਦਰਾ ਰਾਜ਼ ਹੀ ਰਹੇ ਸਿਰ ਦਾ ਬਣ ਤਾਜ਼ ਰਹੇ।
ਦੱਸ ਕਿਵੇਂ ਛੁਪਾਵਾਂ ਗ਼ਜ਼ਲਾਂ ਤੋਂ ਤੇਰੇ ਰਾਜ਼ ਹੀ ਨੇ ਜੋ ਸ਼ਿਅਰਾਂ 'ਚ ਢਲਦੇ ਨੇ।।

—**ਗੁਰਿੰਦਰ ਗਿੱਲ**

## ਜਿਹੜਾ ਜਿੱਤੇ ਰੂਹ ਨੂੰ ਦੁਨੀਆਂ ਹਰ ਜਾਂਦਾ ਏ

ਇੰਨਾ ਦੁੱਖ ਨਹੀਂ ਹੁੰਦਾ ਜਦ ਬੰਦਾ ਆਪਣੀ ਆਈ ਤੇ ਮਰ ਜਾਂਦਾ ਏ।
ਬਾਹਲਾ ਦੁੱਖ ਤਾਂ ਉਦੋਂ ਹੁੰਦਾ ਜਦ ਜ਼ਮੀਰ ਈ ਬੰਦੇ ਦਾ ਮਰ ਜਾਂਦਾ ਏ।।

ਫਿਰ ਆਪਣੇ ਮੋਢੇ ਲਾਸ਼ ਆਪਣੀ ਆਪੇ ਹੀ ਚੁੱਕ ਤੁਰਦਾ ਰਹਿੰਦਾ ਏ।
ਮੰਜ਼ਿਲ ਦਿਸੇ ਜੇ ਦੂਰ ਤਾਂ ਫਿਰ ਰਸਤੇ ਤਕ ਟੇਡੇ ਮੇਢੇ ਡਰ ਜਾਂਦਾ ਏ।।

ਕਹਿੰਦੇ ਦੁੱਧ ਦਾ ਜਲਿਆ ਲੱਸੀ ਵੀ ਫੂੰਕ-ਫੂੰਕ ਕੇ ਅਕਸਰ ਪੀਂਦਾ ਏ।
ਸੱਪ ਦਾ ਡੰਗਿਆ ਖੁੱਡਾਂ ਨੇੜੇ ਜਾਵੇ ਤੇ ਟਟਹਿਣੇ ਤੋਂ ਡਰ ਜਾਂਦਾ ਏ।।

ਸਹਿੰਦੇ ਸਹਿੰਦੇ ਓੜਕ ਲੋਕੀਂ ਆਦਿ ਹੋ ਜਾਂਦੇ ਨੇ ਸਬ ਸਹਿ ਜਾਂਦੇ ਨੇ।
ਉਂਝ ਅਕਲ ਨ ਆਵੇ ਉਹੀਓ ਈ ਸਿੱਖੇ ਜੋ ਖਾ ਧੋਖਾ ਅਕਸਰ ਜਾਂਦਾ ਏ।।

ਕਹਿਣ ਸਿਆਣੇ ਦੁੱਖ ਸੱਧਰਾਂ ਤੋਂ ਪੈਦਾ ਹੁੰਦੇ ਕੋਈ ਨਾ ਸੱਧਰਾਂ ਤੋਂ ਖਾਲੀ।
ਭਗਵੇਂ ਚੋਲੇ ਵਾਲਾ ਖੇਡੇ ਖੇਡ ਲੈਕੇ ਨਾਮ ਰੱਬ ਦਾ ਠੱਗੀ ਕਰ ਜਾਂਦਾ ਏ।।

ਦੁਖੀਆਂ ਦਾ ਸੰਗ ਛੱਡਣ ਤੇ ਵੀ ਨੇ ਕਈ ਉਤਾਰੂ ਏ ਨਹੀਂ ਦੁੱਖਾਂ ਦਾ ਦਾਰੂ।
ਮੈਂ ਵੀ ਸੋਚਾਂ ਸਾਰੇ ਨਹੀਂ ਕਰਦੇ ਪਰ ਕੋਈ ਵਿਰਲਾ ਉਪਕਾਰ ਕਰ ਜਾਂਦਾ ਏ।।

ਹੁੰਦੀ ਫੁੱਲਾਂ ਦਾ ਗਹਿਣਾ ਚੱਲੇ ਹਵਾ ਤਾਂ ਮੁਸ਼ਕਿਲ ਖੁਸ਼ਬੂ ਦਾ ਟਿੱਕ ਰਹਿਣਾ।
ਜਿੱਤਕੇ ਲੜਨਾ ਹਾਰ ਕੇ ਬਹਿਣਾ ਜਿਹੜਾ ਜਿੱਤੇ ਰੂਹ ਨੂੰ ਦੁਨੀਆਂ ਹਰ ਜਾਂਦਾ ਏ।।

**—ਗੁਰਿੰਦਰ ਗਿੱਲ**



## ਹਰ ਸ਼ਬਦ ਕਰੇ ਪੀੜ ਬਿਆਨ ਮੇਰੀ

ਸੱਚ ਕਹਾਂ ਤੂੰ ਸੁਨ ਜਰਾ ਰੋਗ ਲੱਗੇ ਨੇ ਖਾਣ ਜਾਨ ਮੇਰੀ,
ਰੋਗ ਖਾ ਗਏ ਨੇ ਬਦਨ ਮੌਤ ਕੰਢੇ ਆ ਖੜੀ ਜਾਨ ਮੇਰੀ।
ਦਿਲ ਨੂੰ ਤੇਰੇ ਮਿਲਣ ਦੀ ਤਾਂਘ ਤੇ ਹੈ ਇੰਤਜ਼ਾਰ ਬਾਕੀ,
ਆਸ ਮਿੱਟ ਚੁਕੀ ਬੇਕਰਾਰੀ ਚਵਿਲਕਦੀ ਏ ਜਾਨ ਮੇਰੀ।।

ਸਾਥੀ ਆਏ ਨਾ ਚੁੱਕਣ ਲਾਸ਼ ਮੇਰੀ ਕਹਿੰਦੇ ਰਹਿਣ ਦਿਓ,
ਇਸ਼ਕ ਦਾ ਡੰਗਿਆ ਏ ਸੁਨ ਤਾਹਨੇ ਸੁੱਕੀ ਜ਼ੁਬਾਨ ਮੇਰੀ।
ਮਰਨ ਵੇਲੇ ਤੇਰੀ ਯਾਦ ਪਈ ਆਵੇ ਮੈਨੂੰ ਖੂਬ ਤੜਪਾਵੈ,
ਸ਼ਾਇਦ ਮਰਕੇ ਢੋਈ ਨ ਮਿਲੇ ਹੋਊਗੀ ਮਿੱਟੀ ਵੀਰਾਨ ਮੇਰੀ।।

ਬੁੱਲਾਂ ਤੇ ਚੁੱਪ ਦੇ ਪਹਿਰੇ ਦਿਲ ਵਿਚ ਦੋਜ਼ਖ ਦੀ ਅੱਗ ਸੜੇ,
ਜ਼ੁਲਮ ਵਿਛੋੜੇ ਦੇ ਜ਼ਰੇ ਨ ਜਾਣ ਕੜਿੱਕੀ 'ਚ ਫੱਸੀ ਜਾਨ ਮੇਰੀ।
ਰੋਗ ਮੇਰਾ ਡਾਹਢਾ ਮਾੜਾ ਲੱਭਿਆ ਨ ਜਾਇ ਕਿਸੀ ਤੋਂ ਹਾੜਾ,
ਤੂੰ ਜਾਣੇ ਮੈਂ ਜਾਣਾ ਵੈਦ ਨ ਜਾਣੇ ਲੱਗੇ ਨੇ ਖਪਾਨ ਜਾਨ ਮੇਰੀ।।

ਰਮਜ਼ਾਂ ਸਮਝਣ ਵਾਲੇ ਸਮਝਣ ਕੁਝ ਸੁਨ ਲੈਂਦੇ ਨੇ ਧੜਕਣ,
ਮੈਂ ਇਸ਼ਕ 'ਚ ਪਾਗਲ ਨ ਕੁਝ ਜਾਣਾਂ ਰੂਹ ਹੋਈ ਪ੍ਰੇਸ਼ਾਨ ਮੇਰੀ।
ਮੇਰੀ ਗ਼ਜ਼ਲ ਦੇ ਹਰ ਸ਼ਿਅਰ ਵਿਚ ਧੜਕਦਾ ਏ ਦਿਲ ਮੇਰਾ,
ਜੇ ਸਮਝ ਸਕੇਂ ਤਾ ਸਮਝ ਹਰ ਸ਼ਬਦ ਕਰੇ ਪੀੜ ਬਿਆਨ ਮੇਰੀ।।

**—ਗੁਰਿੰਦਰ ਗਿੱਲ**

# ਲੱਗਾ ਰੋਗ ਅਵੱਲੜਾ ਇਸ਼ਕ ਦਾ

ਲੱਗਾ ਰੋਗ ਅਵੱਲੜਾ ਇਸ਼ਕ ਦਾ ਪੈਰੀਂ ਪਾ ਆਸ਼ਿਕ ਦੇ ਜੰਜ਼ੀਰ ਗਿਆ।
ਰੋਣਾ ਦੇ ਕੇ ਉਮਰਾਂ ਦਾ ਰੂਹ ਵੀ ਉਹਦੀ ਨੂੰ ਕਰ ਇਸ਼ਕ ਲੀਰੋ ਲੀਰ ਗਿਆ।।

ਦੱਸ ਮੈਂ ਕਿਥੋਂ ਰੂਹ ਨੂੰ ਰਫੂ ਕਰਾਵਾਂ ਕਿਥੋਂ ਦਿਲ ਨੂੰ ਮੈਂ ਪਈ ਤੋਪੇ ਲੁਵਾਵਾਂ।
ਇਸ਼ਕ ਤੇਰੇ ਦਾ ਛਿੱਜ ਗਿਆ ਕੱਪੜਾ ਅੱਖੀਓਂ ਵੀ ਹੁਣ ਸੁੱਕ ਨੀਰ ਗਿਆ।।

ਇਸ਼ਕ ਖਾਤਿਰ ਮਿਰਜ਼ਾ ਮਰਿਆ ਹੇਠ ਕਰੀਰ ਜ਼ਹਿਰ ਪੀਤਾ ਸੀ ਹੀਰ।
ਮਸਲਾ ਐਸਾ ਇਸ਼ਕ ਦਾ ਜੋ ਉਲਟੀ ਖ਼ਾਬਾਂ ਦੀ ਮੇਰੇ ਕਰ ਤਾਬੀਰ ਗਿਆ।।

ਲੈਲਾ ਮਜਨੂੰ ਦਾ ਇਸ਼ਕ ਵੀ ਤਾਂ ਹੈ ਮਸ਼ਹੂਰ ਜੋ ਚੜਣ ਦਿੱਤਾ ਨ ਪੂਰ।
ਸੱਸੀ ਥਲਾਂ 'ਚ ਸੜਕੇ ਮਰ ਗਈ ਪੁੰਨੂੰ ਦਾ ਰੋਣਾ ਅੰਬਰੀ ਚੀਰ ਗਿਆ।।

ਕੱਚੇ ਘੜੇ ਤੇ ਸੋਹਣੀ ਤਰ ਕੇ ਉਹਨੇ ਵੀ ਤਾਂ ਇਸ਼ਕ ਕਮਾਇਆ ਰੱਜ ਕੇ।
ਫਿਰ ਵੀ ਮਹੀਵਾਲ ਨਾਲ ਮਿਲਣ ਨ ਹੋਇਆ ਡੁਬਾ ਓਹਨੂੰ ਨੀਰ ਗਿਆ।।

ਇਸ਼ਕ ਦੀ ਖਾਤਿਰ ਹੋਏ ਬਰਬਾਦ ਯੂਸਫ ਜ਼ੁਲੈਖ਼ਾ ਵੀ ਨੇ ਦੁਨੀਆਂ ਨੂੰ ਯਾਦ।
ਇਸ ਵਣਜ ਤੋਂ ਕੀ ਓਹਨਾ ਖੱਟਿਆ ਖਾਲੀ ਇਸ਼ਕ ਬਣਾ ਤਹਿਰੀਰ ਗਿਆ।।

ਪਤਾ ਹੈ ਕਿ ਇਸ਼ਕ ਹਕੀਕੀ ਪਾਰ ਲਗਾਵੇ ਰੱਬ ਨਾਲ ਮਿਲਣ ਕਰਾਵੇ ਪਰ।
ਕਿੱਦਾਂ ਕਰੂ ਜਿਸਦਾ ਸੀਨਾ ਛਲਣੀ ਕਰ ਇਸ਼ਕ ਮਜ਼ਾਜ਼ੀ ਦਾ ਹੋਵੇ ਤੀਰ ਗਿਆ।।

**—ਗੁਰਿੰਦਰ ਗਿੱਲ**



# ਉਲਝੀ ਰਹੇ ਮੇਰੀ ਜਿੰਦ ਨਿਮਾਣੀ

ਉਲਝੀ ਰਹੇ ਮੇਰੀ ਜਿੰਦ ਨਿਮਾਣੀ ਟੁੱਟੇ ਨ ਚੁੱਪੀ ਸਵਾਲਾਂ ਦੀ।
ਦਿਲ ਨੂੰ ਲਾਂਭੇ ਕਿਵੇਂ ਹਟਾਵਾਂ ਟੁੱਟੇ ਨਾ ਲੜੀ ਖ਼ਿਆਲਾਂ ਦੀ।।

ਆਪਣੀ ਔਲਾਦ ਚੰਗੀ ਲੱਗਦੀ ਏ ਮਾਂ ਬਾਪ ਘਰੋਂ ਕੱਢਦੀ ਏ।
ਨ ਸੋਚੇ ਕਿਵੇਂ ਮਿਲੀ ਤਰੱਕੀ ਨ ਸੋਚੇ ਬਾਪ ਦੇ ਕੀਤੇ ਘਾਲਾਂ ਦੀ।।

ਸੋਨੇ ਚਾਂਦੀ 'ਚ ਅਕਸਰ ਨੇ ਮੜ੍ਹਦੇ ਮੰਦਿਰ ਗੁਰਦਵਾਰਿਆਂ ਨੂੰ।
ਦੁਨੀਆਂ ਭੁੱਖੀ ਮਾਰੇ ਨ ਕਰੇ ਪ੍ਰਵਾਹ ਕੋਈ ਓਹਨਾ ਦੇ ਹਾਲਾਂ ਦੀ।।

ਮੇਰੀ ਲਿਖਤਾਂ 'ਚ ਰਸ ਦੁੱਖਾਂ ਨੇ ਭਰਿਆ ਜਿਉਂਦਾ ਨ ਮੈਂ ਮਰਿਆ।
ਸੂਝ ਦੇ ਪੜ੍ਹਾ ਤੇ ਆ ਪੁੱਜਾ ਹਾਂ ਨ ਫਿਕਰ ਵਕਤ ਦੀਆਂ ਚਾਲਾਂ ਦੀ।।

ਹਰ ਨਵਾਂ ਦਿਨ ਚੜੇ ਤੇ ਪਰਤੇ ਮੇਰੀਆਂ ਰੀਝਾਂ ਨੂੰ ਸੂਲੀ ਚੜਾਕੇ।
ਔਕੜ ਰਾਹਾਂ ਦੀ ਖੇਡ ਵਕਤਾਂ ਦੀ ਹੁਣ ਨਹੀਂ ਫਿਕਰ ਜ਼ੰਜ਼ਾਲਾਂ ਦੀ।।

ਵਾਅਦਾ ਖ਼ਿਲਾਫ਼ੀ ਕੁਝ ਜ਼ੁਬਾਨਾਂ ਦੀ ਬੇਮੌਸਮੇ ਹੋਏ ਅਹਿਸਾਨਾਂ ਦੀ।
ਕਸੀਦੇ ਪੜਦੇ ਢੋਂਗ ਦਿਖਾਵਾ ਕਰਦੇ ਨ ਰੀਸ ਆਦਮ ਦੇ ਕਮਾਲਾਂ ਦੀ।।

ਪਹਿਨ ਨਕਾਬ ਆਪੋ ਆਪਣੇ ਸਾਰੇ ਜਚ ਰਹੇ ਮਾਸੂਮ ਨੂੰ ਦਬੱਲ ਰਹੇ।
ਕੀ ਗੱਲ ਕਰਾਂ ਦੁਨੀਆਂ ਦੇ ਮੁਸਾਫ਼ਿਰਖ਼ਾਨੇ ਵਿੱਚ ਵਿਛੇ ਹੋਏ ਜਾਲਾਂ ਦੀ।।

**—ਗੁਰਿੰਦਰ ਗਿੱਲ**

## ਦੁਨੀਆ ਦੀ ਮੈਂ ਵੱਡੀ ਏ

ਦੇਖਿਆ ਹੈ ਮੈਂ ਫਿਰਕੇ ਇਧਰ ਉਧਰ ਦੁਨੀਆ ਦੀ ਮੈਂ ਵੱਡੀ ਏ।
ਹੁਣ ਨਹੀਂ ਕਰਦਾ ਪ੍ਰਵਾਹ ਕਿਸੇ ਦੀ ਦੁਨੀਆ ਦੀ ਵੀ ਮੈਂ ਛੱਡੀ ਏ।।

ਕੁਝ ਮਰੀਆਂ ਜ਼ਮੀਰਾਂ ਵਾਲੇ ਕਰਦੇ ਰਹਿੰਦੇ ਨੇ ਘਾਲੇ ਮਾਲੇ।
ਮੈਂ ਸੱਚ ਦੀ ਕਲਮ ਹੱਥ ਫੜ ਰੱਖੀ ਏ ਸੱਚਾਈ ਕਦੇ ਨ ਛੱਡੀ ਏ।।

ਕੋਈ ਟਾਂਵਾਂ ਸਾਹਮਣੇ ਆਵੇ ਹਰ ਕੋਈ ਸੱਚਾਈ ਤੇ ਪਰਦਾ ਪਾਵੇ।
ਨ ਡਰਾਂ ਜ਼ਮਾਨੇ ਤੋਂ ਦਿਲ ਦੇ ਬੂਹੇ ਵੇਖ ਝੰਡੀ ਜਿੱਤ ਦੀ ਗੱਡੀ ਏ।।

ਪਤਾ ਨਹੀਂ ਕਿਓਂ ਲੱਗੇ ਮੈਨੂੰ ਜਿਵੇਂ ਸ਼ੀਸ਼ਾ ਵੀ ਝੂਠ ਬੋਲਦਾ ਏ।
ਹੱਥ ਤਰਾਜ਼ੂ ਸੱਚ ਦਾ ਫੜ ਕੁਫ਼ਰ ਤੋਲੇ ਗੱਲ ਕਿੰਨੀ ਵੱਡੀ ਏ।।

ਵਧੇ ਗਰਮਾਈ ਤਾਂ ਫਟੇ ਦੁੱਧ ਹੋਵੇ ਲੋਭੀ ਮਨ ਤਾਂ ਫਟੇ ਬੁੱਧ।
ਇਧਰ ਲਾਵੇ ਉਧਰ ਬੁਝਾਵੇ ਚੁਗ਼ਲਖੋਰ ਕਦ ਆਦਤ ਛੱਡੀ ਏ।।

ਨ ਜਾਵਾਂ ਮੈਂ ਮੰਦਿਰ ਨ ਜਾਵਾਂ ਵਿੱਚ ਮਸੀਤਾਂ ਨ ਪੂਜਾਂ ਮੈਂ ਬੁੱਤ।
ਸਾਧਾਂ ਫ਼ਕੀਰਾਂ ਨੂੰ ਦੂਰੋਂ ਸਲਾਮ ਬਸ ਮਲਿਕ ਅੱਗੇ ਝੋਲੀ ਅੱਡੀ ਏ।।

ਅਸੀਂ ਤੁਸੀਂ ਮਿਲੇ ਨ ਰੂਹ ਨਾਲ ਰੂਹ ਮਿਲੀ ਨ ਮਿਲਿਆ ਸੁਕੂਨ।
ਧੁਰ ਦਰਗਾਹੋਂ ਹੁਕਮ ਤੇ ਮਿਲੇਗਾ ਗੱਲ ਓਹਦੇ 'ਤੇ ਛੱਡ-ਛੱਡੀ ਏ।।

**—ਗੁਰਿੰਦਰ ਗਿੱਲ**



## ਔਰਤ ਦੇ ਹੱਕ

ਜਬ ਬਰਾਬਰੀ ਦੇਣੀ ਹੀ ਨਹੀਂ ਫੇਰ ਔਰਤ ਦੇ ਹੱਕ,
ਦੀਆਂ ਖੋਖਲੀਆਂ ਗਲਾਂ ਹੈ ਕਿਓਂ ਕਰਦਾ ਕੋਈ ?
ਕੀ ਸਮਾਜਿਕ ਆਰਥਿਕ ਧਾਰਮਿਕ ਰਾਜਨੀਤਿਕ,
ਪ੍ਰਗਟਾਅ ਦੀ ਆਜ਼ਾਦੀ ਓਹਦੀ ਹੈ ਜ਼ਰਦਾ ਕੋਈ ?

ਸੁੱਕਣੇ ਪਵੇ ਜਾਨ ਵੇਖ ਜਾਰੀ ਕੀਤੇ ਬੇਤੁੱਕੇ ਫ਼ਰਮਾਨ,
ਆਜ਼ਾਦੀ ਕਰੇ ਕੁਰਬਾਨ ਨ ਬਾਹਰਦਾ ਹੈ ਘਰਦਾ ਕੋਈ ?
ਦਹੇਜ਼ ਪ੍ਰਥਾ ਘਰੇਲੂ ਹਿੰਸਾ ਸਰੀਰਕ ਮਾਨਸਿਕ ਸ਼ੋਸ਼ਣ,
ਪਰਦਾ ਪ੍ਰਥਾ ਦੇਵਦਾਸੀ ਦੇਵੇ ਗੁੱਝਾ ਰੋਗ ਹੈ ਅੰਦਰ ਦਾ ਕੋਈ?

ਕਿਓਂ ਸੋਨੇ ਚਾਂਦੀ ਦੀਆਂ ਬੇੜੀਆਂ 'ਚ ਜਕੜੇ ਔਰਤ ਨੂੰ,
ਕੈਦ ਕਰ ਕਹਿੰਦੇ ਰਾਜ ਕਰ ਕੀ ਇੱਦਾ ਰਾਜ ਹੈ ਕਰਦਾ ਕੋਈ ?
ਕਹਿਣ ਨੂੰ ਕਹਿੰਦੇ ਨੇ ਔਰਤ ਬਰਾਬਰ ਦੀ ਹੈ ਹੱਕਦਾਰ ਕੀ,
ਜਾਇਦਾਦ 'ਚ ਬਰਾਬਰ ਦੀ ਹਕਦਾਰ ਓਹਨੂੰ ਹੈ ਮੰਨਦਾ ਕੋਈ ?

ਸਬ ਨੇ ਪੁੱਤਰ ਦੇ ਚਾਹਵਾਨ ਧੀਆਂ ਵਾਰੀਂ ਕਰਨ ਅਨਾਕਾਨ,
ਗਰਭ 'ਚ ਮਰਵਾਉਣ ਤੋਂ ਵੀ ਨ ਡਰੇ ਨ ਹੈ ਸੰਗਦਾ ਕੋਈ ?
ਪੁੱਤਰ ਕਰੇ ਮਨਮਰਜ਼ੀਆਂ ਲੱਭੇ ਆਪਣੇ ਨਾਲ ਦੀ ਕਰੇ ਵਿਆਹ,
ਕੀ ਧੀ ਨੂੰ ਹੈ ਆਜ਼ਾਦੀ ਲੱਭੇ ਆਪਣੇ ਉਹ ਹਾਣ ਦਾ ਕੋਈ ?

ਕੌਰ ਹੋਣ ਦਾ ਮੈਨੂੰ ਹੈ ਮਾਨ ਨਹੀਂ ਲੁਕੌਂਦੇ ਮੈਨੂੰ ਸਮਝ ਸਮਾਨ,
ਬਾਬੇ ਨਾਨਕ ਨੂੰ ਪ੍ਰਣਾਮ ਕੀ ਓਹਦੇ ਨਾਮ ਬਿਨਾ ਹੈ ਤਰਦਾ ਕੋਈ ?
ਜ਼ਰੂਰਤ ਹੈ ਬਦਲਾਵ ਲਿਆਉਣ ਦੀ ਕਦਮ ਅੱਗੇ ਵਧਾਉਣ ਦੀ,
ਚਾਨਣ ਹੈ ਮਰਦ ਨੂੰ ਨਾ ਐਸਾ ਕਰੇਗਾ ਨ ਹੀ ਹੈ ਕਰਦਾ ਕੋਈ ?

**—ਗੁਰਿੰਦਰ ਗਿੱਲ**

# ਗੁੰਮ-ਸੁੰਮ ਖੜ੍ਹੀਆਂ ਮੇਰੀਆਂ ਸੱਧਰਾਂ

ਮੇਰੇ ਕੋਲ ਕਾਗਜ਼ ਕਲਮ ਏ ਤੇ ਇਕ ਚੁੱਪ ਵੀ ਏ ਚਾਰ ਚੁਫੇਰੇ।
ਲਿਖਣ ਦੀ ਚਾਹ ਆਉਂਦੇ ਹੋਏ ਸਾਹ ਤੇ ਸੰਗ ਨੇ ਘੁੱਪ ਹਨੇਰੇ।।

ਕਾਲੀਆਂ ਹਨੇਰੀਆਂ ਰਾਤਾਂ ਨੇ ਬਾਦਲ ਕਰਦੇ ਬਰਸਾਤਾਂ ਨੇ।
ਕੁਝ ਅਣਕਹੀਆਂ ਬਾਤਾਂ ਨੇ ਜਿਨਾਂ ਦੇ ਹੋਣਗੇ ਨ ਕਦੇ ਸਵੇਰੇ।।

ਚੰਨ ਨਾਲ ਮੇਰੀ ਯਾਰੀ ਏ ਤਾਹੀਓਂ ਮੈਂ ਖੋਲ ਕੇ ਬੈਠਾ ਬਾਰੀ ਏ।
ਕੋਲ ਨਾ ਦਿਤੀਆਂ ਸੁਗਾਤਾਂ ਨੇ ਲੈਣ ਲਈ ਉਹ ਪਾਵੇ ਨ ਫੇਰੇ।।

ਕੀ ਲਿਖਾਂ ਜ਼ਖਮਾਂ ਦੇ ਨਜ਼ਾਰੇ ਦਿੱਖਦੇ ਕਿ ਦਿਨ ਵਿਚ ਤਾਰੇ ਦਿੱਖਦੇ।
ਬੁਰੇ ਦੌਰ ਤੇ ਆਉਂਦੇ ਜਾਂਦੇ ਰਹਿੰਦੇ ਨੇ ਪਰ ਇਹ ਬਣ ਬੈਠੇ ਨੇ ਮੇਰੇ।।

ਰੋਵਾਂ ਬੈਠ ਕੇ ਤਕਦੀਰਾਂ ਨੂੰ ਕੀ ਤੋੜ ਸੁੱਟਾਂ ਇਸ਼ਕ ਜ਼ੰਜ਼ੀਰਾਂ ਨੂੰ।
ਮੈਥੋਂ ਰਿਸ਼ਤਿਆਂ ਦੀ ਪਰਖ ਨ ਹੋਈ ਜੋ ਬੈਠੇ ਨੇ ਝੂਠੇ ਜ਼ਾਲ ਬਿਖੇਰੇ।।

ਗੁੰਮ-ਸੁੰਮ ਖੜ੍ਹੀਆਂ ਮੇਰੀਆਂ ਸੱਧਰਾਂ ਨ ਸੁੱਝੇ ਕਿਵੇਂ ਕੋਲ ਬਿਠਾਵਾਂ।
ਬੇਤਰਤੀਬੇ ਜ਼ਜ਼ਬੇ ਲੈਣ ਹੁਲਾਰੇ ਜਾਗਦੇ ਖ਼ਾਬ ਵੀ ਲਾਉਂਦੇ ਪਹਿਰੇ।।

ਮੈਂ ਬੈਠਾ ਹਾਂ ਜ਼ਿੰਦਗੀ ਗਾਲ ਰੱਬ ਸੁਲੱਖਣਾ ਵੀ ਹੈ ਬੈਠਾ ਨਾਲ।
ਆਪੇ ਨਜ਼ਮ ਲਿਖ ਹੋਜੂਗੀ ਕਰਕੇ ਬੈਠਾ ਹਾਂ ਮੈਂ ਖ਼ਿਆਲ ਜੋ ਤੇਰੇ।।

**—ਗੁਰਿੰਦਰ ਗਿੱਲ**



# ਕੋਰੋਨਾ ਦਹਿਸ਼ਤ

ਕੋਰੋਨਾ ਦਹਿਸ਼ਤ ਕੈਸੀ ਕਦੇ ਆਰ ਗਈ ਕਦੇ ਇਹ ਪਾਰ ਗਈ।
ਬਚਿਆ ਖੁਚਿਆ ਜੋ ਸੀ ਥੋੜਾ ਮਾਰ ਬੰਦੇ ਦਾ ਸਤਿਕਾਰ ਗਈ।।

ਲਾਸ਼ਾਂ ਉਡੀਕਣ ਨੇ ਪਈਆਂ ਵਾਂਗ ਨੇ ਲਾਵਾਰਿਸਾਂ ਜਹੀਆਂ।
ਅਲਵਿਦਾ ਕੀ ਨ ਦੇਣ ਨੂੰ ਵੀ ਮੋਢਾ ਹੋਵੇ ਕੋਈ ਤਿਆਰ ਬਈ।।

ਜੇ ਹੋਵੇ ਵਿੱਚ ਜਾਨ ਤਾਂ ਕਰੇ ਗਿਲਾ ਜਰੂਰ ਪਰ ਹੈ ਬੇਜਾਨ ਸਰੀਰ।
ਸਭ ਨੇ ਡਰ ਰਹੇ ਕਿ ਜੇ ਦਿੱਤਾ ਕੰਧਾ ਤਾਂ ਸਮਝੋ ਜਾਨ ਪਾਰ ਗਈ।।

ਨ ਆਏ ਭੈਣ ਭਰਾ ਸਾਕ ਸੰਬੰਦੀ ਕੁੜਮ ਭਾਈਚਾਰੇ ਚੋਂ ਵੀ ਕੋਈ।
ਨ ਅੰਤਿਮ ਇਸ਼ਨਾਨ ਰਸਮ ਰਿਵਾਜ ਨ ਕੋਈ ਚਾਦਰ ਚਾਰ ਪਈ।।

ਪਾਲੇ ਸੀ ਜੋ ਲਾਡਾਂ ਪਿਆਰਾਂ ਨਾਲ ਬੈਠੇ ਨੇ ਅੱਜ ਨਾਕਾਬਾਂ ਤਾਣ।
ਲਾਸ਼ ਦੇ ਨ ਲੱਗਣ ਲਾਗੇ ਜੋ ਕੱਲ ਸੀ ਪਿਆਰ ਦੇ ਹਕਦਾਰ ਕਈ।।

ਨ ਹੋਈ ਉਡੀਕ ਸਵੇਰ ਦੀ ਨ ਦਿਖੀ ਕੋਈ ਭੈਣ ਭਾਬੀ ਹੰਝੂ ਕੇਰਦੀ।
ਵੂਹੜੀ ਜੁੜੀ ਫਰਸ਼ਾਂ ਤੇ ਨ ਮਰਦੇ ਦਾ ਫੋਲਿਆ ਗਿਆ ਕਿਰਦਾਰ ਬਈ।।

ਕੀ ਹੈ ਇਹ ਕੋਰੋਨਾ ਕਾਲ ਦਾ ਫੇਰਾ ਕੀ ਹੈ ਗੁਨਾਹ ਤੇਰਾ ਜਾਂ ਮੇਰਾ।
ਕਿਥੇ ਹੈ ਰਾਖਾ ਰੱਖਣਹਾਰ ਉਚੇਰਾ ਕਿਓਂ ਲੈਂਦਾ ਨ ਬੰਦੇ ਦੀ ਸਾਰ ਬਈ।।

**—ਗੁਰਿੰਦਰ ਗਿੱਲ**

# ਬੇਵਫ਼ਾਈ ਦਾ ਸਿੱਕਾ

ਪਤਾ ਨਹੀਂ ਕਿਓਂ ਬੇਵਫ਼ਾਈ ਦਾ ਸਿੱਕਾ ਨੇ ਉਹ ਚਲਾਉਣ ਲੱਗ ਪਏ।
ਘਰ ਫੂਕ ਆਪਣਾ ਕਿਓਂ ਲੋਕਾਂ ਨੂੰ ਤਮਾਸ਼ਾ ਨੇ ਦਿਖਾਉਣ ਲੱਗ ਪਏ॥

ਉਹ ਨਾਟਕ ਬਥੇਰੇ ਕਰਦੇ ਨੇ ਰੁਵਾਉਂਦੇ ਤੇ ਕਦੇ ਰਹਿਣ ਹਸਾਉਂਦੇ ਨੇ।
ਤੂੰ ਚੜ੍ਹਦਾ ਸੂਰਜ ਮੈ ਡੁੱਬਦੇ ਦੀ ਲਾਲੀ ਜਿਹੀ ਬੁਝਾਰਤਾਂ ਪਾਉਣ ਲੱਗ ਪਏ॥

ਮੈਂ ਜਿਉਂਦੀ ਮੋਈ ਮੈਨੂੰ ਰੋਗ ਲੱਗਾ ਇਸ਼ਕ ਦਾ ਜੀਹਦੀ ਹੈ ਦਵਾ ਨ ਕੋਈ।
ਦੇਖ ਬਣੀ ਚਲਦੀ ਫਿਰਦੀ ਲਾਸ਼ ਉਹ ਮੇਰੀ ਚਿਤਾ ਸਜਾਉਣ ਲੱਗ ਪਏ॥

ਮੇਰੀ ਜਾਨ ਹੋ ਗਈ ਤੇਰੇ ਵੱਲ ਮੇਰੇ ਹੋਠਾਂ ਉੱਤੇ ਰਹੇ ਨਿੱਤ ਪੀੜ ਦੀ ਗਲ।
ਅੱਖਾਂ ਤੈਨੂੰ ਲੋਚਨ ਯਾਦਾਂ ਦੀ ਗਿਰਝਾਂ ਹੱਥੋਂ ਅਸੀਂ ਮਾਸ ਨੋਚਵਾਉਣ ਲੱਗ ਪਏ॥

ਜੀਹਦੇ ਲੱਗੀ ਸੱਟ ਦਰਦ ਓਹੀ ਜਾਣੇ ਚਾਨਣ ਫਿਰ ਰਾਸ ਕਿਥੋਂ ਆਉਣੇ।
ਮੇਰੇ ਤਨਹਾ ਤਹਿਖਾਨਿਆਂ ਨੂੰ ਜਲ ਦੀਵੇ ਦਰਦ ਦੇ ਰੁਸ਼ਨਾਉਣ ਲੱਗ ਪਏ॥

ਮੁਹੱਬਤ ਰਸਤਾ ਭੁੱਲ ਗਈ ਕੱਖੋਂ ਹੌਲੀ ਹੋ ਗਈ ਜ਼ਿੰਦਗੀ ਮੇਰੀ ਰੁਲ ਗਈ।
ਵੇਖ ਭਾਂਬੜ ਬਲਦੇ ਤਨ ਵਿੱਚ ਪਾ ਤੇਲ ਬਿਰਹਾ ਦਾ ਹੋਰ ਮਚਾਉਣ ਲੱਗ ਪਏ॥

ਜੀ ਕਰਦਾ ਫ਼ਕੀਰ ਬਣ ਜਾਵਾਂ ਅਪਣੇ ਮੋਢਿਆਂ ਉੱਤੇ ਆਪਣੀ ਲਾਸ਼ ਢੋਵਾਂ।
ਅੱਖਾਂ ਦੇ ਨਾਲ ਸਾਂਝਾਂ ਪਾ ਕੇ ਅੱਜ ਉਹ ਅੱਖੀਆਂ ਜੋ ਨੇ ਚੁਰਾਉਣ ਲੱਗ ਪਏ॥

ਰਸਮਾਂ ਦੇ ਸ਼ਹਿਰ ਅੰਦਰ ਲੁੱਟ ਗਈ ਮੁਹੱਬਤ ਪਲ ਅੰਦਰ ਮਰਕੇ ਪਿੱਛਾ ਛੁਟਣਾ।
ਨਹੀਂ ਕਿਰਚੀ ਖਿਲਰੀਆਂ ਸੱਧਰਾਂ ਨੂੰ ਅਸੀਂ ਖ਼ਫ਼ਨ ਪਹਿਨਾਉਣ ਲੱਗ ਪਏ॥

—**ਗੁਰਿੰਦਰ ਗਿੱਲ**



# ਦਿਲ ਮੇਰਾ ਕੋਰਾ ਕਾਗਜ਼ ਜਿਹਾ

ਦਿਲ ਮੇਰਾ ਕੋਰਾ ਕਾਗਜ਼ ਜਿਹਾ ਤੂੰ ਇਹਨੂੰ ਦਿਲਦਾਰ ਬਣਾ।
ਲਿਖ ਤੂੰ ਜੋ ਦਿਲ 'ਚ ਆਵੇ ਲਿਖ ਗ਼ਜ਼ਲ ਗੁਲਜ਼ਾਰ ਬਣਾ॥

ਤੂੰ ਇਹਨੂੰ ਪੜ ਤੂੰ ਲਿਖ ਇਸ ਵਿਚ ਦਿਲ ਦੀਆਂ ਤਕਰੀਰਾਂ।
ਦਿਲ ਖਾਲੀ ਮੇਰਾ ਖਾਲੀ ਜਿਹੇ ਭਾਂਡੇ ਵਰਗਾ ਇਸ਼ਕ ਭਰ ਜਾ॥

ਲਾਂਬੂ ਸਾਡੇ ਸੀਨੇ ਬਲਦੇ ਉਠਦੇ ਹੌਕੇ ਆਹਾਂ ਹੰਝੂਆਂ ਨਾਲ।
ਇਹ ਇਸ਼ਕ ਦੀ ਅੱਗ ਨ ਬੁਝਦੀ ਤੂੰ ਨਾਲ ਪਿਆਰ ਭਰ ਜਾ॥

ਇਸ਼ਕ ਨੇ ਲੁੱਟਿਆ ਮੇਰਾ ਸਬਕੁਝ ਦੀਨ ਈਮਾਨ ਦੁਨੀਆ ਵੀ।
ਮੈਂ ਅਣਜਾਣ ਰਾਹੀ ਇਸ ਡਗਰ ਦਾ ਤੂੰ ਸਿਧੇ ਰਸਤੇ ਕਰ ਜਾ॥

ਮੰਨਿਆ ਇਹ ਦਿਲ ਖਿਡੌਣਾ ਏ ਤੂੰ ਵੀ ਖੇਡਣਾ ਚਾਹੁਣਾ ਏ।
ਗੱਲ ਮੰਨ ਫੇਰ ਤੂੰ ਵੀ ਦਿਲ ਆਪਣਾ ਇਹਦੇ ਹਵਾਲੇ ਕਰ ਜਾ॥

ਮੈਂ ਗੁਜ਼ਰੇ ਹੋਏ ਵਕਤ ਜਿਹਾ ਜ਼ਖਮਾਂ ਤੇ ਆਈ ਖੱਲ ਜਿਹਾ।
ਗੁਜ਼ਾਰਿਸ਼ ਹੈ ਤੇਰੇ ਅੱਗੇ ਤੂੰ ਇਹਨੂੰ ਹੋਰ ਨਾਕੋਈ ਠੋਕਰ ਲਗਾ॥

ਪੱਥਰ ਉੱਤੇ ਲੀਕ ਸਮਝ ਮੇਰੀ ਕਥਨੀ ਕਰਨੀ 'ਚ ਫਰਕ ਕੋਈ।
ਅਣਖੀ ਹਾਂ ਕੌਲ ਨ ਹਾਰਾਂਗਾ ਤੂੰ ਦਿਲ ਤੇਰਾ ਨਾਮ ਮੇਰੇ ਕਰ ਜਾ॥

—**ਗੁਰਿੰਦਰ ਗਿੱਲ**

## ਹਿਜ਼ਰ ਤੇਰੇ ਦੀ ਤਪਦੀ ਧੂਣੀ

ਕਸਮੇਂ ਵਾਅਦੇ ਤੂੰ ਸਾਰੇ ਤੋੜੇ ਦੱਸ ਕਿਵੇਂ ਦਿਲ ਨੂੰ ਸਮਝਾਵਾਂ ਮੈਂ।
ਧੋਖੇ ਖਾਕੇ ਕਿੱਸੇ ਤੇਰੇ ਗ਼ਜ਼ਲੀਂ ਜੋੜੇ ਇਹਦਾ ਹੋਰ ਕੀ ਬਣਾਵਾਂ ਮੈਂ।।

ਲਿਖਦੀ ਸੀ ਖਤ ਰੋਜ਼ਾਨਾ ਲੱਭਦੀ ਸੀ ਮਿਲਨੇ ਦਾ ਨਿੱਤ ਬਹਾਨਾ।
ਖਤ ਤੇਰੇ ਤੇ ਰੋੜ ਛੱਡੇ ਨੇ ਦੱਸ ਨਦੀਓਂ ਕਿਵੇਂ ਲੱਭ ਲਿਆਵਾਂ ਮੈਂ।।

ਹਿਜ਼ਰ ਤੇਰੇ ਦੀ ਤਪਦੀ ਧੂਣੀ ਰੂਹ ਕਮਲੀ ਹੋਈ ਫਿਰੇ ਵਿਗੁਣੀ।
ਇਕੱਲਾ ਦਿਲ ਤਾਂ ਵੱਸ ਕਰ ਲਵਾਂ ਸੋਚਾਂ ਨੂੰ ਕਿਵੇਂ ਠੱਲ ਪਾਵਾਂ ਮੈਂ।।

ਚਲਦੀ ਸਾਹ ਦੇ ਨੇ ਰੰਡੀ ਰੋਣੇ ਇਹਦੇ ਈ ਨੇ ਸਬ ਰੌਲੇ ਗੌਲੇ।
ਨ ਤੂੰ ਮਿਲੀ ਨ ਸਾਹ ਰੁਕੇ ਕਿੰਨੇ ਨੇ ਬਾਕੀ ਨ ਗਿਣ ਪਾਵਾਂ ਮੈਂ।।

ਰਗ ਰਗ ਵਿਚ ਵੱਸੇ ਇਸ਼ਕ ਤੇਰਾ ਰਗ-ਰਗ ਪਈ ਦੁਖਦੀ ਏ।
ਨਾਮ ਤੇਰਾ ਨ ਲੇਖਾਂ ਅੰਦਰ ਦੱਸ ਕਿਥੋਂ ਨਵੇਂ ਲੇਖ ਲਿਖਾਵਾਂ ਮੈਂ।।

ਇਕ ਤਰਫ਼ੇ ਇਸ਼ਕ ਦਾ ਹਾਲ ਨੇ ਪੁੱਛਦੇ ਫਿਰ ਲੁੱਕ ਲੁੱਕ ਹੱਸਦੇ ਨੇ।
ਤਿੜਕੇ ਦਿਲ ਨੂੰ ਨੇ ਚੋਟਾਂ ਦੇਂਦੇ ਦੱਸ ਕਿਵੇਂ ਦਿਲ ਨੂੰ ਬਚਾਵਾਂ ਮੈਂ।।

ਸ਼ਿਅਰਾਂ ਦੇ ਲਫ਼ਜ਼ਾਂ ਅੰਦਰ ਗੁੱਝਾ ਦਰਦ ਭਰਾਂ ਨ ਜੀਵਾਂ ਨ ਮਰਾਂ।
ਦਰਦ ਸੁਨਾਵਾਂ ਮੈਂ ਲੋਕੀਂ ਕਹਿੰਦੇ ਖ਼ਿਆਲੀ ਹਾਲ ਸੁਣਾਵਾਂ ਮੈਂ।।

**—ਗੁਰਿੰਦਰ ਗਿੱਲ**



## ਰਾਜਨੀਤੀ ਦੇ ਚੋਚਲੇ

ਇਹ ਨੇ ਰਾਜਨੀਤੀ ਦੇ ਚੋਚਲੇ ਆਪ ਰੁਲੇ ਤੇ ਸਾਨੂੰ ਰੋਲੇ।
ਲੁੱਟਦੇ ਭੋਲੀ ਜਨਤਾ ਨੂੰ ਪਰ ਆਪਣੇ ਰਾਜ ਕਦੇ ਨ ਖੋਲ੍ਹੇ।।

ਆਪਸ 'ਚ ਰਹਿਣ ਲੜਾਉਂਦੇ ਮਜ਼੍ਹਬਾਂ ਦੇ ਕਾਰਨ ਬਹਾਨੇ।
ਅਮਨ ਨ ਕਿਸੇ ਪਾਸੇ ਮੰਦਿਰ ਮਸਜਿਦਾਂ 'ਚ ਫਟਦੇ ਗੋਲੇ।।

ਵਿਕਾਸ ਦਾ ਝੂਠਾ ਲਾਰਾ ਲਾਉਂਦੇ ਜਾਤਾਂ ਪਾਤਾਂ 'ਚ ਫਸਾਉਂਦੇ।
ਨਸ਼ਿਆਂ ਨਾਲ ਜਨਤਾ ਭਰਮਾਉਂਦੇ ਜਨਤਾ ਖਾਂਦੀ ਡੱਕੇ ਡੋਲੇ।।

ਨਾਲ ਮਿਲੇ ਨੇ ਚੋਰਾਂ ਦੇ ਚੋਰੀ ਨ ਸਾਧੀ ਖਾਂਦੇ ਹੱਕ ਹੋਰਾਂ ਦੇ।
ਖਾਈ ਜਾਂਦੇ ਵੇਚੀ ਜਾਂਦੇ ਤਾਂਵੀ ਲੁੱਟਾਂ ਦੇ ਨ ਪੈਂਦੇ ਰੌਲੇ ਗੌਲੇ।।

ਇਹ ਪੈਲਾਂ ਪਾਵਣਵਾਂਗ ਮੋਰਾਂ ਦੇ ਉੱਡਣ ਬੇਗਾਨੀ ਡੋਰਾਂ ਤੇ।
ਨ ਲਗਾਮ ਲੱਗੇ ਇੰਨਾ ਚੋਰਾਂ ਦੇ ਜੋ ਸਬ ਕਰਦੇ ਪੋਲੇ ਪੋਲੇ।।

ਉੱਠੇ ਮੁੱਦੇ ਨੂੰ ਦੱਬ ਦੇਣ ਦੱਬਿਆ ਰਹੇ ਹੋਰ ਮਸਲਾ ਲੱਭ ਦੇਣ।
ਸਾਹਮਣੇ ਤੋਂ ਮਸਲਾ ਨ ਹੱਲ ਕਰਦੇ ਜੋ ਵੀ ਕਰਦੇ ਓਹਲੇ ਓਹਲੇ।।

ਸਿਖਿਆ ਕਰਤੀ ਮਹਿੰਗੀ ਨੌਕਰੀਆਂ ਦੀ ਆ ਗਈ ਹੈ ਤੰਗੀ।
ਨਸ਼ਾ ਮੁਫ਼ਤ ਦੇਣ ਵੋਟਾਂ ਦੇਣ ਨੂੰ ਕਹਿਣ ਛੱਡ ਛੱਡੇ ਨੇ ਵਿਚ ਵਿਚੋਲੇ।।

**—ਗੁਰਿੰਦਰ ਗਿੱਲ**

## ਲਫ਼ਜ਼ ਦਰ ਲਫ਼ਜ਼ ਸਾਂਭ ਲਏ ਨੇ

ਜੋ ਆਸਾਨੀ ਨਾਲ ਬਿਆਨ ਕਰਦੇ ਲਿਖਾਂਗਾ ਲਫ਼ਜ਼ ਸੰਭਾਲ ਗ਼ਜ਼ਲ।
ਸਾਹ ਚਲਦੇ ਨੇ ਜਦ ਤੱਕ ਨਹੀਂ ਰੁਕਦੇ ਕਹੇਗੀ ਮੇਰਾ ਹਾਲ ਗ਼ਜ਼ਲ।।

ਲਿਖਾਂਗਾ ਲਫ਼ਜ਼ ਗ਼ਰੀਬੀ ਦੇ ਕੁਝ ਕੁਝ ਲਿਖਾਂਗਾ ਮੈਂ ਬਦਨਸੀਬੀ ਦੇ।
ਹੱਡ ਬੀਤੀ ਜੱਗ ਬੀਤੀ ਕੁਝ ਔਰਤ ਤੇ ਬੀਤੀ ਲਿਖਾਂਗਾ ਨਾਲ ਗ਼ਜ਼ਲ।।

ਮੇਰੇ ਕੋਲਕੁਝ ਲਫ਼ਜ਼ ਜੁਦਾਈਆਂ ਦੇ ਨੇ ਤੇ ਕੁਝ ਬੇਵਫਾਈਆਂ ਦੇ ਨੇ।
ਦਰਦ ਆਂਸੂ ਤਨਹਾਈਆਂ ਦੀ ਬਣੇਗੀ ਇਕ ਆਧ ਕਮਾਲ ਗ਼ਜ਼ਲ।।

ਜਦੋਂ ਦਿਲ ਦੀ ਤਖ਼ਤੀ ਪੋਚਾਂਗਾ ਨਾਂ ਤੇਰੇ ਦੇ ਹਰਫ਼ ਫਿਰ ਮੈਂ ਖੁਰਚਾਂਗਾ।
ਦੁਨੀਆਂ ਮੁੜ ਮੁੜ ਪੜੇਗੀ ਜਦ ਬਣਾਉਣਗੇ ਮੇਰੇ ਖ਼ਿਆਲ ਗ਼ਜ਼ਲ।।

ਤੇਰੀ ਖਾਤਿਰ ਮੈਂ ਖੁਦ ਨੂੰ ਉਜਾੜ ਲਿਆ ਲੋਕਾਂ ਮੈਨੂੰ ਨੇਜ਼ੇ ਚਾੜ੍ਹ ਲਿਆ।
ਸਾੜਿਆ ਘਰ ਮੇਰਾ ਬੁਝਾਏਗੀ ਨਹੀਂ ਓਹੀ ਦੀਵਾ ਦੇਵੇਗੀ ਬਾਲ ਗ਼ਜ਼ਲ।।

ਕਹਿੰਦੇ ਹੈ ਦਿਲ ਸਾਗਰ ਤੋਂ ਡੂੰਘਾ ਤੇ ਇਹੀਓ ਹੈ ਨਾਜ਼ੁਕ ਜਿਹਾ ਸ਼ੀਸ਼ਾ।
ਬੇਵਫ਼ਾ ਦੇ ਪਿਆਰ ਨੇ ਕੀਤਾ ਚਕਨਾਚੂਰ ਕਰੇਗੀ ਪੇਸ਼ ਮਲਾਲ ਗ਼ਜ਼ਲ।।

ਹੰਝੂਆਂ ਦੇ ਮੋਤੀ ਇਹ ਜ਼ਖਮਾਂ ਦੇ ਹੀਰੇ ਕੀਹਨੂੰ ਵੇਚਾਂ ਕੋਈ ਮੁੱਲ ਨ ਪਾਵੇ।
ਲਫ਼ਜ਼ ਦਰ ਲਫ਼ਜ਼ ਸਾਂਭ ਲਏ ਨੇ ਨ ਸਮਝੋ ਮੇਰੀ ਹੈ ਕੰਗਾਲ ਗ਼ਜ਼ਲ।।

**—ਗੁਰਿੰਦਰ ਗਿੱਲ**



## ਫ਼ਕੀਰ ਤੇ ਵੇਸਵਾ ਦਾ ਵਿਵਾਦ

ਜਰਾ ਦੂਰ ਹੋ ਕੇ ਬੈਠ ਨੀ ਬੀਬੀ ਤੂੰ ਧੰਦੇ ਵਾਲੀ ਆ ਦਿਲ ਦੀ ਤੂੰ ਕਾਲੀ ਆ।
ਮੈਂ ਫ਼ਕੀਰ ਹਾਂ ਨੇਕ ਦਿਲ ਦਾ ਨਾ ਕਰਦਾ ਕੰਮ ਤੇਰੇ ਜਿਹਾ ਕੋਈ ਜ਼ਾਅਲੀ ਆ।।

ਮੇਰਾ ਮੁਰਸ਼ਦ ਇੱਕੋ ਇੱਕ ਤੇਰੇ ਗ੍ਰਾਹਕ ਹਜ਼ਾਰ ਤੇਰਾ ਕੋਠਾ ਮੇਰਾ ਏ ਮਜ਼ਾਰ।
ਨਿੱਤ ਨਵੇਂ ਤੂੰ ਜਿਸਮ ਹੰਢਾਵੇਂ ਤੇਰਾ ਨਾ ਸਰਦਾ ਜੋ ਹੋਵੇ ਇੱਕੋ ਇੱਕ ਮਾਲੀ ਆ।

ਸੁਨ ਫ਼ਕੀਰ ਮੰਦੜੇ ਬੋਲ ਨਾ ਬੋਲ ਮੇਰੀ ਜੀਸਤ ਦਾ ਤੂੰ ਅਗਲਾ ਵਰਕਾ ਫੋਲ।
ਸਾਡੇ 'ਚ ਕੋਈ ਫਰਕ ਨੀ ਜ਼ਿਆਦਾ ਜਿਸ ਖੇਤ ਦੀ ਤੂੰ ਮੂਲੀ ਉਸੇ ਦੀ ਮੈਂ ਹਾਲੀ ਆ।।

ਜਿਸਦੀ ਰਜ਼ਾ 'ਚ ਤੂੰ ਨੱਚੇ ਮੈਂ ਵੀ ਨੱਚਦੀ ਨਾ ਪੁੱਛ ਕਿੰਨੀ ਪੀੜਾ ਜਰਦੀ ਆ।
ਮੈਂ ਨਿੱਤ ਮਰਦੀ ਆ ਕਿਓਂ ਮੇਰੀ ਬੋਟੀ ਨੋਚਦੇ ਉਸ ਦਰ ਦੀ ਮੈਂ ਸਵਾਲੀ ਆ।।

ਮੈਨੂੰ ਵੀ ਕੋਈ ਇੱਜ਼ਤ ਦੇਵੇ ਬੇਟੀ ਭੈਣ ਕਹਿ ਬੁਲਾਵੇ ਲੈ ਕਲਾਵੇ 'ਚ ਬੈਠਾਵੇਂ।
ਕੀ ਮੈਂ ਜਾਣਾ ਕੌਣ ਵੇਚ ਗਿਆ ਸੀ ਮੈਨੂੰ ਇੱਥੇ ਜਿਥੇ ਉਮਰ ਮੈਂ ਗਾਲੀ ਆ।।

ਜੇ ਤੂੰ ਕਹੇਂ ਗੰਦਾ ਆ ਧੰਦਾ ਇੱਥੇ ਫਿਰ ਕਿਓਂ ਗੇੜੀਆਂ ਲਾਉਂਦੇ ਨੇ ਮਰਦ ਇਥੇ।
ਦਿਨੇ ਆਖਣ ਕੰਜਰੀ ਮੈਨੂੰ ਦਿਨੇ ਰਾਤ ਨੂੰ ਫਿਰਨ ਮੈਨੂੰ ਗੋਦੀ ਬਿਠਾਲੀ ਆ।।

ਫੇਰ ਫ਼ਕੀਰ ਪੈਰੀਂ ਓਹਦੇ ਪੈ ਗਿਆ ਕਹਿੰਦਾ ਮਾਫ ਕਰੀਂ ਹੰਕਾਰ ਮੈਨੂੰ ਖਾ ਗਿਆ।
ਅਸਲ 'ਚ ਤੇਰਾ ਵੈਰਾਗ ਮਿਲ ਤੈਨੂੰ ਖੁੱਲ੍ਹੇ ਭਾਗ ਉਹ ਮੇਰਾ ਨਹੀਂ ਤੇਰਾ ਵੀ ਵਾਲੀ ਆ।।

ਇਸ ਵਿਚ ਤੇਰਾ ਨਹੀਂ ਕੋਈ ਕਸੂਰ ਧੰਦਾ ਤੇਰਾ ਬਣਿਆ ਹੈ ਤੇਰੇ ਦਿਲ ਦਾ ਨਾਸੂਰ
ਤੇਰੀ ਬਿਰਹਾ ਨੂੰ ਮੈਂ ਕਰਾਂ ਸਲਾਮ ਕਹਾਂ ਦੁਨੀਆਂ ਨੂੰ ਗੰਦੀ ਨਾ ਕੋਈ ਧੰਦੇ ਵਾਲੀ ਆ

**—ਗੁਰਿੰਦਰ ਗਿੱਲ**

# ਕੁੜੀ ਮੇਰੇ ਦੇਸ ਦੀ

ਜਦ ਕੁੜੀ ਜੰਮੀਂ ਸੁਨ ਸਾਰਾ ਪਿੰਡ ਮਾਤਮ ਮਨਾਉਂਦਾ ਏ।
ਬਿਨਾ ਮੰਨ ਤੋਂ ਪਾਲਦੇ ਓਹਨੂੰ ਸਕੂਲ ਨਾ ਕੋਈ ਪਾਉਂਦਾ ਏ।।

ਹੋਰ ਕੁਝ ਸੁੱਝੇ ਨਾ ਜੰਮਦੇ ਸਾਰ ਦਾਜ ਓਹਦਾ ਬਨਾਉਂਦੇ ਨੇ।
ਕਹਿੰਦੇ ਕਰ ਹੱਥ ਪੀਲੇ ਇਹਦੇ ਛੇਤੀ ਸਹੁਰੇ ਘਲੌਣਾ ਏ।।

ਸਾਹਮਣੇ ਵਾਗੂੰ ਕੰਜਕਾਂ ਪੂਜਣ ਸਾਰੇ ਉਂਝ ਕਰਦੇ ਘਾਲੇ ਮਾਲੇ।
ਜੇ ਇੱਕਲੀ ਨੂੰ ਵੇਖ ਲੈਣ ਤਾਂ ਚਾਹੁੰਦੇ ਫਾਇਦਾ ਉਠਾਉਣਾ ਏ।।

ਉਂਝ ਤਾਂ ਬੜੀ ਇੱਜ਼ਤ ਦੇਵੇ ਮਿਲਣ ਲਈ ਹੋਟਲ ਲਈ ਬੋਲੇ।
ਅੱਗੋਂ ਮੇਰੀ ਹਿੱਕ ਨੂੰ ਪਰਖੇ ਪਿੱਛੋਂ ਆਪਣਾ ਕਾਮ ਜਗਾਉਂਦਾ ਏ।।

ਹਰ ਮਹੀਨੇ ਮੇਰੇ ਸਰੀਰ ’ਚ ਚੱਕਰ ਇੱਕ ਅਜੀਬ ਜਿਹਾ ਚਲਦਾ ਏ।
ਓਹਦੇ ਨਾਲ ਦਰਦ ਮਿਲੇ ਮੈਨੂੰ ਪਤਾ ਨੀ ਰੱਬ ਵੀ ਕੀ ਚਾਹੁੰਦਾ ਏ।।

ਕਹਿਣ ਨੂੰ ਪਿਆਰ ਮੇਰੇ ਨਾਲ ਕਰਦਾ ਏ ਤੇਜ਼ਾਬ ਨਾਲ ਸਾੜਦਾ ਏ।
ਇਹ ਦੋਗਲੀ ਜਿਹੀ ਦੁਨੀਆਂ ਦਾ ਮੈਨੂੰ ਕੁਝ ਸਮਝ ਨਾ ਆਉਂਦਾ ਏ।।

ਕੋਈ ਦੱਸੇ ਮੈਨੂੰ ਮੈਥੋਂ ਕੀ ਗ਼ਲਤੀ ਹੋ ਗਈ ਕਿਓਂ ਮੈਨੂੰ ਜੱਗ ਕੋਸਦਾ ਏ।
ਰੱਬ ਨੇ ਮਰਦ ਬਣਾਇਆ ਏ ਤੇ ਮੈਨੂੰ ਵੀ ਤੇ ਓਹੀਓ ਬਨਾਉਂਦਾ ਏ।।

ਕਦੇ ਮੈਨੂੰ ਕੁੱਖ ’ਚ ਮਾਰਦੇ ਨੇ ਕਦੇ ਦਾਜ ਨਾ ਮਿਲਣ ਤੇ ਸਾੜਦੇ ਨੇ।
ਸੋਚਦੇ ਨਹੀਂ ਕਿ ਬਿਨ ਮੇਰੇ ਕੀ ਕਿਸੇ ਦਾ ਕੁਨਬਾ ਅੱਗੇ ਵੱਧ ਪਾਉਂਦਾ ਏ।।

**—ਗੁਰਿੰਦਰ ਗਿੱਲ**



# ਮੇਰੇ ਦੇਸ਼ ਦੇ ਗੱਭਰੂ

ਲਾਹ ਦਸਤਾਰ ਸਿਰੋਂ ਜ਼ੁਲਫ਼ਾਂ ਨੂੰ ਕੁੜੀਆਂ ਵਾਂਗੂੰ ਵਾਹ ਲਿਆ,
ਦਾੜੀ ਮੁੱਛ ਕਟਾ ਕੇ ਗੱਭਰੂਆਂ ਨੇ ਵੇਖੋ ਕੜਾ ਵੀ ਹੈ ਲਾਹ ਲਿਆ।
ਸਿਆਸਤ ਦਾਨ ਤੇ ਸਰਕਾਰਾਂ ਕਰੀ ਜਾਂਦੀਆਂ ਨੇ ਭੇਦ ਭਾਵ ਜਿਹੇ,
ਇਹਨਾਂ ਮੇਰੇ ਪੰਜਾਬ ਨੂੰ ਜਿਉਂਦੇ ਨੂੰ ਹੈ ਡਕਾਰ ਲਿਆ ਖਾ ਲਿਆ।।

ਜ਼ਮੀਨਾਂ ਪਿਛੇ ਕਰਨ ਲੜਾਈਆਂ ਰੰਡੀਆਂ ਹੋਵਨ ਮਾਂ ਦੀਆਂ ਜਾਈਆਂ,
ਨਸ਼ੇ ਤੇ ਨੇ ਜਾਨਾਂ ਲਾਈਆਂ ਆ ਕਿਹੋ ਜਿਹਾ ਸਮਾਂ ਹੈ ਆ ਗਿਆ।
ਨਸ਼ਾ ਕਰ ਕਰ ਇਹ ਪੁੱਠੇ ਡਿਗਦੇ ਗੁਰੂ ਵੱਲ ਇਹ ਪਿੱਠ ਨੇ ਕਰਦੇ,
ਅਫ਼ੀਮ, ਚਿੱਟਾ, ਭੁੱਕੀ, ਸ਼ਰਾਬ ਇਨ੍ਹਾਂ ਨਸ਼ਿਆਂ ਜਵਾਨੀ ਨੂੰ ਹੈ ਖਾ ਲਿਆ।।

ਚਿਮਟੇ ਵਾਜ਼ਿਆਂ ਵਾਲੇ ਬਾਬੇ ਫ਼ਕੀਰ ਅਖਵਾਉਣ ਪਾਲਣ ਸ਼ੌਂਕ ਨਵਾਬਾਂ ਵਾਲੇ,
ਕਹਿਣ ਰੱਬ ਸਾਦਗੀ ਨਾਲ ਮਿਲਦਾ ਏ ਇਹਨਾਂ ਕੌਣ ਨੂੰ ਪੁੱਠੇ ਰਾਹ ਹੈ ਪਾ ਲਿਆ।
ਕੋਈ ਕਰੇ ਰਾਮ ਵਾਹਿਗੁਰੂ ਕੋਈ ਅਲਾਹ ਕੋਈ ਮੰਨੇ ਜਾ ਮੰਨਤਾਂ ਵਿਚ ਮਸੀਤਾਂ,
ਕਿਧਰ ਨੂੰ ਤੁਰ ਪਈ ਏ ਕੌਮ ਮੇਰੀ ਕੀਹਨੇ ਇੰਨਾ ਨੂੰ ਲੜਨੇ ਹੈ ਡਾਹ ਲਿਆ।।

ਨਸ਼ਿਆਂ ਦਾ ਫਾਹ ਗੱਲ ਪਾ ਬੈਠੇ ਨੇ,
ਕੱਟ ਕੇਸ ਸਰਦਾਰੀ ਨੂੰ ਦਾਗ ਲਾ ਬੈਠੇ ਨੇ।
ਅਸਲ ਧਰਮ ਤੋਂ ਵਾਂਝੇ ਫਿਰਦੇ ਪਤਾ ਨੀ,
ਕਿਹੜੇ ਭਰਮਾਂ ਨੇ ਇਨ੍ਹਾਂ ਨੂੰ ਭਰਮਾ ਲਿਆ।।

ਆਪਣੇ ਅੰਦਰ ਰੱਖੋ ਸਿੱਖੀ ਗੁਰਮੁਖੀ ਨੂੰ ਮੰਨੋ,
ਸਕੀ ਪਰਤ ਆਓ ਕਰੋ ਗੁਰੂ ਘਰ ਵਾਪਸੀ।
ਚੱਲੋ ਓਹਦੇ ਪੂਰਨਿਆਂ ਤੇ ਜਿਹੜਾ ਦਸ਼ਮੇਸ਼ ਪਿਤਾ,
ਸਾਡੇ ਤੋਂ ਪਰਿਵਾਰ ਹੈ ਹਰਾ ਗਿਆ।।

**—ਗੁਰਿੰਦਰ ਗਿੱਲ**

# ਇਸ਼ਕ ਪਿਆਰ ਦੇ ਅੰਗਾਰ ਲਿਖਦੇ

ਕਹਿੰਦੀ ਏ ਕਲਮ ਮੇਰੀ ਕੁਛ ਸੋਚ ਸਮਝ ਤੇ ਚੰਗੇ ਵਿਚਾਰ ਲਿਖਦੇ।
ਭੁੱਲ ਜਾ ਦੁਸ਼ਮਣੀ ਤੂੰ ਦਿਲਾਂ ਅੱਜ ਵੈਰੀ ਲਈ ਵੀ ਪਿਆਰ ਲਿਖਦੇ।।

ਕਿਸੀ ਨੂੰ ਪੱਥਰ ਦਿਲ ਨਾ ਕਹਿਆ ਕਰ ਰਹੱਸ ਦੇ ਭੇਦ ਸਮਝਿਆ ਕਰ।
ਪੀਂਦੇ ਹੋਏ ਜ਼ਹਿਰ ਪਿਆਲਾ ਮਿਲਿਆ ਜੋ ਅੱਜ ਉਹ ਖੁਮਾਰ ਲਿਖਦੇ।।

ਤੂੰ ਸਾਫ ਕਹਿ ਦੇ ਮੇਰਾ ਤੇ ਕੋਈ ਲੈਣਾ ਦੇਣਾ ਨਹੀਂ ਮੰਦਿਰ ਮਸਜਿਦ ਨਾਲ।
ਬਣ ਦਿਲਾਂ ਦੀ ਰਿਆਸਤ ਦਾ ਸ਼ਹਿਨਸ਼ਾਹ ਤੇ ਰੱਬ ਲਈ ਬੇਕਰਾਰ ਲਿਖਦੇ।।

ਬੜੀ ਲੰਮੀ ਪਹੁੰਚ ਏ ਲਫ਼ਜ਼ਾਂ ਵਾਕਾਂ ਦੀ ਕੁਝ ਲੋਕ ਪੜਦੇ ਵੀ ਜਰੂਰ ਨੇ।
ਤੂੰ ਲਿਖ ਖੁਵਾਬਾਂ ਦੇ ਪੰਨਿਆਂ ਤੇ ਉਮੀਦਾਂ ਦੀ ਸਿਆਹੀ ਦੇ ਨਾਲ ਤਾਰ ਲਿਖਦੇ।।

ਇਹ ਤਨ ਤਾਂ ਕਿਸਮਤ ਦੇ ਪਿੰਜਰੇ ਵਿੱਚ ਕੈਦੀ ਏ ਤੂੰ ਤਾਂ ਇਸਦਾ ਭੇਦੀ ਏ।
ਖਿਸਕਦੀ ਜਾਵੇ ਮੁੱਠੀ ਚੋਂ ਜ਼ਿੰਦਗੀ ਰੇਤ ਵਾਂਗ ਕਿਰਦੀ ਕਰਦੀ ਬੇਜ਼ਾਰ ਲਿਖਦੇ ।।

ਕੁਝ ਸੁਣੇ ਅਣਸੁਣੇ ਤੇ ਅਣਕਹੇ ਲਫ਼ਜ਼ਾਂ ਨਾਲ ਕਰ ਤੂੰ ਬਿਆਨ ਔਕੜਾਂ ਨੂੰ।
ਪੀੜ੍ਹਾਂ ਰੂਪ ਧਾਰਦੀਆਂ ਨੇ ਗ਼ਜ਼ਲ ਦਾ ਤੇ ਕਿਵੇਂ ਚੇਹਰੇ ਤੇ ਦਿਸੇ ਬਹਾਰ ਲਿਖਦੇ ।।

ਤੇਰੀ ਨਜ਼ਰਾਂ 'ਚ ਕੀ ਰੁਤਬਾ ਏ ਪਿਆਰ ਦਾ ਉਹ ਇਸ਼ਕ ਬੀਮਾਰ ਏ ਯਾਰ ਦਾ।
ਮਾਰ ਮੈਂ ਨੂੰ ਜੋ ਜੋੜੇ ਰੱਬ ਨਾਲ ਤੂੰ ਉਹ ਇਸ਼ਕ ਪਿਆਰ ਦੇ ਅੰਗਾਰ ਲਿਖਦੇ।।

**—ਗੁਰਿੰਦਰ ਗਿੱਲ**



# ਨਾਲ ਚੁੱਪ ਦੇ ਉਹ ਬਹਿ ਗਿਆ ਹੋਣਾ ਏ

ਦੂਸਰਿਆਂ ਨੂੰ ਹਸਾਉਣ ਵਾਲਾ ਜਦ ਰਹਿ ਇੱਕਲਾ ਗਿਆ ਹੋਣਾ ਏ।
ਬਦੋ ਬਦੀ ਓਹਦੀ ਅੱਖ 'ਚੋਂ ਇੱਕ ਅੱਧਾ ਹੰਝੂ ਤਾਂ ਕਿਰ ਗਿਆ ਹੋਣਾ ਏ।।

ਬੰਦੇ ਨੂੰ ਹਾਲਾਤ ਬਦਲਦੇ ਨੇ ਤੇ ਕੁਝ ਓਹਦੇ ਜ਼ਜ਼ਬਾਤ ਬਦਲਦੇ ਨੇ।
ਕਦੇ ਸਬ ਚੰਗਾ ਲੱਗਦਾ ਏ ਤੇ ਕਈ ਵਾਰੀ ਉਹ ਤੜਪਿਆ ਹੋਣਾ ਏ।।

ਵਕ਼ਤ ਲੰਘਦਾ ਜਾਂਦਾ ਏ ਕੋਈ ਕੀਕਣ ਤੇ ਕੀਹਨੂੰ ਯਾਦ ਪਿਆ ਕਰਦਾ ਏ।
ਘੱਸ ਗਏ ਨੇ ਦਰ ਮੰਦਰਾਂ ਦੇ ਕਰਨ ਫਰਿਆਦ ਜਿਧਰ ਗਿਆ ਹੋਣਾ ਏ।।

ਅਣਬੋਲੇ ਬੋਲਾਂ ਦੇ ਵੀ ਅਰਥ ਤਾਂ ਹੁੰਦੇ ਨੇ ਪਰ ਸਮਝੀ ਨਾ ਕਿਸੇ ਨੇ ਓਹਦੀ।
ਕੁਝ ਝਿਝਕਦਾ ਕੁਝ ਸੰਗਦਾ ਫੇਰ ਨਾਲ ਚੁੱਪ ਦੇ ਉਹ ਬਹਿ ਗਿਆ ਹੋਣਾ ਏ।।

ਓਹਦੇ ਖ਼ਿਆਲ ਜਲਾਏ ਬੁਝਾਏ ਗਏ ਉਸ ਸਿਤਮ ਦਾ ਕੀ ਦੱਸਾਂ ਹਾਲ ਮੈਂ।
ਬਿਨ ਦਰਦ ਜਾਣਿਆਂ ਲਾ ਦਿੱਤੀ ਮਰ੍ਹਮ ਉਹ ਵੀ ਲਗਵਾ ਗਿਆ ਹੋਣਾ ਏ।।

ਹੰਝੂਆਂ ਨੇ ਪਰੋਈ ਮਾਲਾ ਕਰ ਰਹੇ ਨੇ ਤੇਰੀ ਉਡੀਕ ਚਤੋ ਪਹਿਰ ਹੁਣ।
ਮਿਲੇਗਾ ਕਦੇ ਨਾ ਕਦੇ ਇਸ ਵਹਿਮ ਵਿਚ ਵੀ ਉਹ ਵਹਿ ਗਿਆ ਹੋਣਾ ਏ।।

ਇੱਕਲੇ ਤੁਰਦੇ ਕਿੰਨੇ ਕੰਡੇ ਹੂੰਝੇ ਤੇ ਕਿੰਨੇ ਹੰਝੂ ਪੂੰਝੇ ਹੋਣੇ ਨੇ ਤ੍ਰੇਲ ਵਰਗੇ ਮੋਤੀ।
ਚੁਕੇ ਗਏ ਨਾ ਜਦ ਭੁੰਜਿਓਂ ਯਾਦਾਂ ਦੀ ਰੌਸ਼ਨੀ ਵਿਚ ਫਿਰ ਤੜਪਿਆ ਹੋਣਾ ਏ।।

ਦਿਲ ਦੇ ਵਿੱਚੋਂ  ਵਾਜ਼ ਉੱਠ ਕੇ ਬੁੱਲ੍ਹਾਂ ਤੱਕ ਤਾਂ ਕਦੇ ਨਾ ਕਦੇ ਤੇ ਆਈ ਹੋਊਗੀ।
ਅੱਖੀਆਂ ਤੇ ਹੱਥ ਧਰਕੇ ਮੱਲੋ-ਮੱਲੀ ਵਗਦੇ ਹੰਝੂਆਂ 'ਚ ਵਹਿ ਗਿਆ ਹੋਣਾ ਏ।।

**—ਗੁਰਿੰਦਰ ਗਿੱਲ**

# ਜਦ ਪਾਪ ਦੀ ਗਾਗਰ ਭਰ ਜਾਂਦੀ ਏ

ਦੁਨੀਆਂ ਝੱਲੀ ਦਾ ਕੀ ਆਖਾਂ ਕੀ ਕੀ ਕਾਰੇ ਏ ਕਰ ਜਾਂਦੀ ਏ।
ਹੋਰਾਂ ਨੂੰ ਪਾ ਭੰਬਲ ਭੂਸੇ ਆਪ ਤਾਂ ਸਮੁੰਦਰ ਤੇ ਤਰ ਜਾਂਦੀ ਏ।।

ਧੌਣ ਬੇਗਾਨੇ ਹੱਥ ਆਪੇ ਦੇ ਕੇ ਕਰਦੇ ਰਹਿੰਦੇ ਚਲਾਕੀਆਂ ਨੇ।
ਦੂਸਰੇ ਨੂੰ ਲੁੱਟਣ ਖਾਤਿਰ ਆਪਣਾ ਸਬ ਕੁਝ ਹਰ ਜਾਂਦੀ ਏ।।

ਜਿਧਰ ਵੀ ਮਾਰੋ ਨਜ਼ਰ ਸਬ ਦਿਸਦੇ ਹਨ ਜਿਵੇਂ ਆਪਣੇ ਹੀ।
ਤੇਰੇ ਮੇਰੇ ਦਾ ਭੇਦ ਨਾ ਦਿਸੇ ਪਰ ਨਫਰਤ ਅੰਦਰੋਂ ਕਰ ਜਾਂਦੀ ਹੈ।।

ਕਲ ਚੁਕੀ ਹੈ ਬੀਤ ਭਲਕ ਹੈ ਦੂਰ ਫਿਰ ਵੀ ਹੋਵੇ ਫਿਕਰ ਜਰੂਰ।
ਕਲ ਭਲਕ ਦੇ ਚੱਕਰ 'ਚ ਅੱਜ ਐਂਵੇ ਹੀ ਫਿਰ ਗੁਜ਼ਰ ਜਾਂਦੀ ਹੈ।।

ਸੁੱਖ ਵੇਲੇ ਤਾਂ ਦੋਸਤ ਬਣਦੇ ਸਾਰੇ ਦੁੱਖ ਵੇਲੇ ਨਾ ਬਣਦਾ ਕੋਈ।
ਵੇਖਕੇ ਹੱਸਦਾ ਵੱਸਦਾ ਤੈਨੂੰ ਦੁਨੀਆ ਅੰਦਰੋਂ ਅੰਦਰੀਂ ਮਰ ਜਾਂਦੀ ਏ।।

ਇਹ ਜੱਗ ਤਾਂ ਭਾਂਤ ਭਾਂਤ ਦੀ ਮੰਡੀ ਏ ਜਾਤ ਪਾਤ 'ਚ ਪੈ ਵੰਡੀ ਏ।
ਭਟਕਦੀ ਦੁਨੀਆਂ ਭੋਲੇ ਨੂੰ ਲੁੱਟਦੀ ਤੇ ਚਾਤਰ ਕੋਲੋਂ ਡਰ ਜਾਂਦੀ ਏ।।

ਵਾਇਦੇ ਤਾਂ ਹਰ ਕੋਈ ਕਰਦਾ ਲੌੜ ਪੈਣ ਤੇ ਜਾਨ ਦਿੰਦਾ ਕੋਈ ਨਹੀਂ।
ਸੁਖ ਵੇਲੇ ਭੁੱਲੇ ਰੱਬ ਨੂੰ ਦੁੱਖ ਵੇਲੇ ਅਰਦਾਸਾਂ ਭੁੱਲ ਕੇ ਕਰ ਜਾਂਦੀ ਏ।।

ਉਹਦੀ ਮਰਜ਼ੀ ਤੋਂ ਬਿਨਾਂ ਪੱਤਾ ਵੀ ਨਹੀਂ ਹਿਲਦਾ ਏ ਯਾਦ ਨਾ ਰੱਖੇ।
ਪਾਵੇ ਗੱਲ ਜਦ ਮੁਸੀਬਤ ਬਾਹਲੀ ਤਾਂ ਫੇਰ ਉਸਦੇ ਦਰ ਜਾਂਦੀ ਏ।।

ਇਹ ਅੱਗ ਕੀ ਕਰਦੀ ਏ ਚੁੱਲ੍ਹੇ ਠੰਡੀ ਪੈ ਜਾਵੇ ਸਿਵਿਆਂ 'ਚ ਮੱਚਦੀ ਏ।
ਯਾਦ ਰੱਖੋ ਇੱਥੇ ਈ ਲੇਖੇ ਹੋਣੇ ਨੇ ਜਦ ਪਾਪ ਦੀ ਗਾਗਰ ਭਰ ਜਾਂਦੀ ਏ।।

ਚੋਰਾਂ ਕੋਲੋਂ ਤੇ ਕਦੇ ਕਦੇ ਬਚ ਜਾਂਦੀ ਏ ਪਰ ਸਾਧਾਂ ਕੋਲੋਂ ਠੱਗੀ ਖਾ ਜਾਂਦੀ ਏ।
ਸਿੱਧੀ ਕਦੇ ਬੇਢੰਗੀ ਚਲੇ ਦੁਨੀਆਂ ਅਕਸਰ ਲੂੰਬੜ ਚਾਲਾਂ ਚਲ ਜਾਂਦੀ ਏ।।

**—ਗੁਰਿੰਦਰ ਗਿੱਲ**



# ਮੇਰੇ ਲਫ਼ਜ਼ ਜੋ ਖ਼ੂਨ ਉਬਾਲਦੇ ਰਹਿੰਦੇ ਨੇ

ਆਸ ਮੇਰੀ ਦੇ ਝਰਨੇ ਵਗਦੇ ਰਹਿੰਦੇ ਨੇ ਪਰ ਸਦਾ ਰੰਗ ਬਦਲਦੇ ਰਹਿੰਦੇ ਨੇ।
ਤੇਰੀ ਯਾਦਾਂ ਦੇ ਨਸ਼ਤਰ ਨਾ ਮੌਕੇ ਦੇਖਣ ਨਾ ਵਾਰ ਦਿਲ 'ਚ ਵੱਜਦੇ ਰਹਿੰਦੇ ਨੇ।।

ਸੱਚ ਹੋ ਜਾਵੇ ਮੇਰੇ ਸੁਪਨਿਆਂ ਦੀ ਦੁਨੀਆਂ ਡਿਗਣ ਪਿਆਰ ਦੀਆਂ ਕਣੀਆਂ।
ਮਹਿਕੇ ਫਿਜ਼ਾ ਸਾਰੀ 'ਤੇ ਗੂੰਜਣ ਹਾਸੇ ਮੇਰੇ ਜਿਵੇਂ ਲੋਕਾਂ ਦੇ ਗੂੰਜਦੇ ਰਹਿੰਦੇ ਨੇ।।

ਵਿਚ ਅਰਸ਼ ਉਡਾਰੀਆਂ ਮਾਰਦੇ ਨੇ ਪਰ ਕਿਓਂ ਉਹ ਤਾਰੇ ਹੱਥ ਨਾ ਆਉਂਦੇ ਨੇ।
ਦੁੱਖ ਦਰਦ ਮੇਰਾ ਨਾ ਘੱਟਦਾ ਏ ਕੱਲੇ ਬੈਠਿਆਂ ਹੰਝੂ ਮੇਰੇ ਛਮਛਮ ਵਹਿੰਦੇ ਰਹਿੰਦੇ ਨੇ।।

ਕਦੇ ਇਹ ਵਕਤ ਵੀ ਖੇਡਾਂ ਕਰਦਾ ਏ ਕਿਸ਼ਤੀ ਦੇਂਦਾ ਏ ਕਿਨਾਰੇ ਲੁਕੋ ਲੈਂਦਾ ਏ।
ਹੁਣ ਤੇ ਦਿਨ ਜ਼ਿੰਦਗੀ ਦੇ ਸੱਜਣਾ ਬਿਨ ਤੇਰੇ ਇੰਜ ਈ ਲੰਘਦੇ ਰਹਿੰਦੇ ਨੇ।।

ਇਹ ਕਿਹੋ ਜਿਹੀ ਅੱਥਰੀ ਹੈ ਰੀਤ ਇਸ਼ਕ ਦੀ ਨਾ ਬਣੇ ਤਸਵੀਰ ਇਸ਼ਕ ਦੀ।
ਭੁੱਲ ਜਾਂਦੀਆਂ ਨੇ ਸਮੇਂ ਨਾਲ ਕਾਫੀ ਗੱਲਾਂ ਸੁਫ਼ਨੇ ਵੀ ਕੋਸ਼ਿਸ਼ ਕਰਦੇ ਰਹਿੰਦੇ ਨੇ।।

ਗ਼ਜ਼ਲਾਂ ਲਿਖ ਲਿਖ ਕਮਲੀ ਹੁੰਦੀ ਜਾਵਾਂ ਆਪੇ ਪੜ੍ਹ ਪੜ੍ਹ ਖ਼ੁਸ਼ ਵੀ ਹੁੰਦੀ ਜਾਵਾਂ।
ਬੜੇ ਕੰਮ ਆਉਂਦੀਆਂ ਨੇ ਇਹ ਸਾਰੀਆਂ ਮੇਰੇ ਲਫ਼ਜ਼ ਜੋ ਖ਼ੂਨ ਉਬਾਲਦੇ ਰਹਿੰਦੇ ਨੇ।।

ਮੁੱਠੀ ਜੇ ਬੰਦ ਰਹੇ ਤਾਂ ਕਿਸਮਤ ਚੰਗੀ ਇੱਜ਼ਤ 'ਚ ਪ੍ਰਦੇਦਾਰੀ ਰਹੇ ਤਾਂ ਚੰਗੀ ਏ।
ਇੱਕੋ ਦਰ ਦਾ ਬਣੇ ਸਵਾਲੀ ਚੰਗਾ ਏ ਕਿਓਂ ਲੋਕ ਦਰ ਦਰ ਭਟਕਦੇ ਰਹਿੰਦੇ ਨੇ।।

ਕਿਸੇ ਤੋਂ ਮੰਗਣਾ ਹੁੰਦਾ ਏ ਮੌਤ ਬਰਾਬਰ ਜੇ ਰੱਬ ਤੋਂ ਮੰਗੇ ਤਾਂ ਹੀ ਹੁੰਦਾ ਚੰਗਾ ਏ।
ਏ ਦਿਲ ਤਾਂ ਕਦੇ ਭਰਦਾ ਈ ਨਹੀਂ ਲੋਕੀ ਭਰੀਆਂ ਝੋਲੀਆਂ ਵੀ ਅੱਡਦੇ ਰਹਿੰਦੇ ਨੇ।।

**—ਗੁਰਿੰਦਰ ਗਿੱਲ**

# ਪੀ ਇਸ਼ਕ ਪਿਆਲਾ ਮਰਨਾ ਚਾਹੁੰਦਾ ਹਾਂ

ਮੈਂ ਆਪਣੇ ਆਪ ਨੂੰ ਅੰਦਰ ਤਲਾਸ਼ ਕਰਨਾ ਚਾਹੁੰਦਾ ਹਾਂ,
ਕੀ ਹਾਂ ਮੈਂ ਇਕ ਸੁਫਨਾ ਕਿ ਹਕੀਕਤ ਜਾਨਣਾ ਚਾਹੁੰਦਾ ਹਾਂ।
ਕਿੰਨੇ ਪਿੰਡੇ ਛਾਲੇ ਹੋਏ ਕਿਓਂ ਵਾਰ ਵਾਰ ਕਿਉਂ ਪੁੱਛਦਾ ਏ,
ਜ਼ਖ਼ਮਾਂ ਉੱਤੇ ਲੂਣ ਛਿੜਕ ਖੁਦ ਨੂੰ ਭੱਠੀ ਝੋਕਣਾ ਚਾਹੁੰਦਾ ਹਾਂ।।

ਕਿ ਹਾਂ ਮੈਂ ਇਕ ਝਾਉਲਾ ਹਾਂ ਕਿ ਕੋਈ ਅਸਲੀਅਤ ਹਾਂ,
ਖ਼ਿਆਲਾਂ ਦੀ ਮੈਂ ਡੋਰੀ ਫੜਕੇ ਪੁਲਾੜ ਗਹੁਣਾ ਚਾਹੁੰਦਾ ਹਾਂ।।
ਹੈਨ ਨੇ ਕਈ ਯਾਰ ਬਣਾ ਕੇ ਗੈਰਾਂ ਕੋਲ ਨੇ ਜਿਹੜੇ ਵੇਚ ਦੇਂਦੇ,
ਮੈਂ ਇਮਾਨਦਾਰ ਹਾਂ ਬੇਈਮਾਨ ਵਿਓਪਾਰੀ ਨਾ ਚਾਹੁੰਦਾ ਹਾਂ।।

ਮੈਂ ਰੱਬ ਦੀ ਭੇਜੀ ਹੋਈ ਸੱਚੀ ਸੁੱਚੀ ਰੂਹ ਹਾਂ ਸੱਚਾ ਇਸ਼ਕ ਕਰਾਂ,
ਕਾਮਨਾ ਤੇ ਹਉਮੈ ਦੀ ਵਾਸ਼ਨਾ 'ਚ ਨਾ ਰੁੜਨਾ ਚਹੁੰਦਾ ਹਾਂ।।
ਮੈਂ ਦੀਵੇ ਦੀ ਲੋਏ ਬਹਿ ਕੇ ਨਿੱਬ ਦੀ ਨੋਕ ਤੇ ਕਾਗਜ਼ ਰਾਤੀਂ,
ਘੁਸਰ ਮੁਸਰ ਕੀ ਗੱਲਾਂ ਕਰਦੇ ਮੈਂ ਉਹ ਸੁਣਨਾ ਚਾਹੁੰਦਾ ਹਾਂ।।

ਸਿਦਕ ਮਹੁੱਬਤ ਆਸ ਦੇ ਦੀਵੇ ਜੋ ਝੱਖੜਾਂ ਵਿਚ ਨਾ ਬੁਝਦੇ ਨੇ,
ਜੋ ਬੰਦੇ ਦੇ ਅੰਦਰ ਨੇ ਮੈਂ ਉਹ ਸਭ ਜਗਾਉਣਾ ਚਾਹੁੰਦਾ ਹਾਂ।
ਕੀ ਮੈਂ ਹਾਂ ਆਪਣੇ ਆਪ ਲਈ ਕਿ ਮਲਕੀਅਤ ਹਾਂ ਕਿਸੇ ਦੀ,
ਬੰਦ ਨ ਕਰ ਸ਼ਬਦ ਕੋਸ਼ ਤੂੰ ਮੈਂ ਉਸ ਰੱਬ ਨੂੰ ਖੋਜਣਾ ਚਾਹੁੰਦਾ ਹਾਂ।।

ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਗ਼ਜ਼ਲ ਤੇ ਸਭ ਇਥੇ ਰਹਿਣਗੇ,
ਪਾਣੀ ਵਰਗੇ ਗੀਤ ਮੇਰੇ ਮੈਂ ਪਾਣੀ ਤੇ ਲੀਕ ਉਕੇਰਨਾ ਚਾਹੁੰਦਾ ਹਾਂ।
ਅੱਗ ਦੇ ਸਫ਼ੇ ਉੱਤੇ ਮੈਂ ਫੁੱਲਾਂ ਦੀ ਲੀਕ ਜਿਹਾ ਗ਼ਲਤ ਕਿ ਠੀਕ ਜਿਹਾ,
ਕਰਨਾ ਬਹਿਸ ਨਾ ਮੁੱਦਾ ਮੇਰਾ ਪੀ ਇਸ਼ਕ ਪਿਆਲਾ ਮਰਨਾ ਚਾਹੁੰਦਾ ਹਾਂ।।

**—ਗੁਰਿੰਦਰ ਗਿੱਲ**



# ਉਸਦੀ ਜ਼ੱਰਾ-ਨਿਵਾਜ਼ੀ ਏ

ਸਾਡਾ ਕਿਸੇ ਇਥੇ ਮੁੱਲ ਨਾ ਪਾਇਆ ਇਸ ਰੂਹ ਨੇ ਹਾਰੀ ਬਾਜ਼ੀ ਏ।
ਖ਼ਰੇ ਸੌਦੇ ਦੀ ਪਹਿਚਾਨ ਨਾ ਕਰਦਾ ਬੰਦਾ ਬੰਦਾ ਇਥੇ ਦਾ ਪਾਜ਼ੀ ਏ।।

ਕਰਕੇ ਨਦਰਿ ਸਵਲੀ ਰੱਬ ਸਾਨੂੰ ਜਿਨ ਦਿਤੀਆਂ ਨੇ ਇਹ ਦਾਤਾਂ।
ਅਸੀਂ ਓਹਨੂੰ ਕਿਵੇਂ ਫਿਰ ਭੁੱਲ ਜਾਈਏ ਜੋ ਇਸ ਦੁਨੀਆਂ ਦਾ ਹਾਜ਼ੀ ਏ।।

ਕਿ ਹੋਇਆ ਖਾਲੀ ਏ ਕਾਂਸਾ ਮੇਰਾ ਦਿਤੀ ਆ ਮੈਨੂੰ ਹਰਫ਼ਾਂ ਦੀ ਸੌਗਾਤ ਓਹਨੇ।
ਕਾਲੇ ਲੇਖ ਨਾ ਲਿਖੇ ਮੇਰੇ ਉਸਨੇ ਇਹ ਉਸਦੀ ਜ਼ੱਰਾ-ਨਿਵਾਜ਼ੀ ਏ।।

ਨਾ ਹਉਮੈ ਵਿਚ ਆਇਆ ਮਨ ਮੇਰਾ ਨਾ ਸ਼ਹੁ ਸਾਗਰ ਤੋਂ ਰਿਹਾ ਵਿਹੂਣਾ।
ਮੋਹਬਤਾਂ ਦੇ ਬਾਗ ਲਾਏ ਨੇ ਇੱਕ ਨੂਰ ਤੇ ਓਹਨੇ ਸਾਰੀ ਸ੍ਰਿਸ਼ਟੀ ਸਾਜ਼ੀ ਏ।।

ਆਪਣੀ ਨੂਰੀ ਕਿਰਨਾਂ ਨਾਲ ਉਹ ਬੰਦਿਆਂ ਤੇ ਰੂਹ ਨੂੰ ਰੋਸ਼ਨ ਕਰਦਾ ਏ।
ਕਾਲੀ ਰਾਤ ਨਾ ਕੋਸੋ ਕੱਢ ਹਨੇਰਾ ਦਿਲਾਂ ਚੋ ਉਹ ਬਣਾਉਂਦਾ ਪੰਜ ਨਮਾਜ਼ੀ ਏ।।

ਭੁੱਲ ਜਾ ਬੰਦਿਆਂ ਆਪਣੀ ਔਕਾਤਾਂ ਨੂੰ ਤੇ ਭੁੱਲ ਜਾ ਮਾਇਆ ਦੀਆਂ ਬਾਤਾਂ ਨੂੰ।
ਰੰਕ ਤੋਂ ਉਹ ਰਾਜਾ ਕਰਦਾ ਏ ਹਰ ਜੰਗ ਜਿਤਾਵੇ ਬਣਾਵੇਗਾ ਤੈਨੂੰ ਗਾਜ਼ੀ ਏ।।

ਉਹ ਕਬੂਲ ਵੀ ਮਕਬੂਲ ਵੀ ਹੈ ਉਹ ਇਸ਼ਕ ਵੀ ਹੈ ਤੇ ਹੈ ਉਹ ਇਕ ਅਸੂਲ ਵੀ।
ਲੜ ਓਹਦਾ ਤੂੰ ਫੜ ਲੈ ਫੇਰ ਹੋਣ ਦੇਵੇਗਾ ਕਦੇ ਨਾ ਤੈਨੂੰ ਕਿਸੇ ਦਾ ਮੋਹਤਾਜ਼ੀ ਏ।।

ਨਾ ਸ਼ਰੀਰ ਦਾ ਕੋਈ ਵਜੂਦ ਹੈ ਨਾ ਮਨ ਦਾ ਬਸ ਸਤਿ ਹੈ ਤਾਂ ਆਤਮਕ ਤੱਤ ਦਾ।
ਇਸ ਸੱਚ ਨੂੰ ਪਹਿਚਾਣ ਲੈ ਤੂੰ ਹਾਰੇਂਗਾ ਨਹੀਂ ਜਿਤੇਂਗਾ ਸੱਚੇ ਇਸ਼ਕ ਦੀ ਬਾਜ਼ੀ ਏ।।

**—ਗੁਰਿੰਦਰ ਗਿੱਲ**

# ਗੱਲ ਹੋਈ ਸੀ ਮੰਜ਼ਿਲ ਤੇ ਜਾਣ ਦੀ

ਮੈਂ ਲੱਭਦੀ ਹੀ ਰਹਿੰਦੀ ਹਾਂ ਮਿਲੇ ਨਾ,
ਮੈਨੂੰ ਇਕ ਮੁਠੀ ਵੀ ਆਪਣੇ ਅਸਮਾਨ ਦੀ।
ਕੌਣ ਹਾਂ ਮੈਂ ਕੀ ਹਾਂ ਮੈਂ, ਮਿਲੇ ਨਾ ਅਜ਼ਲੋਂ,
ਭਾਲ ਹੈ ਮੈਨੂੰ ਆਪਣੀ ਹੋਂਦ ਪਹਿਚਾਣ ਦੀ।।

ਨਾ ਹੀ ਹਾਸੇ ਨਾ ਹੀ ਗ਼ਮ ਵਰਗੀ ਹੁੰਦੀ ਹੈ,
ਚੁੱਪ ਤਾਂ ਬਸ ਹਨੇਰੇ ਜਿਹੀ ਹੁੰਦੀ ਹੈ।
ਦੱਸ ਹੁਣ ਕੀ ਸੋਚਾਂ ਮੈਂ ਤੇਰੇ ਬਾਰੇ ਤੇ ਕੀ ਰੱਖਾਂ,
ਸੋਚ ਮੈਂ ਤੇਰੇ ਦਿਲ ਬੇਈਮਾਨ ਦੀ।।

ਤੇਰਾ ਦਿੱਤੋ ਜ਼ਖਮ ਵੀ ਮੁੜ ਹਰਿਆ ਹੋਇਆ ਹੈ,
ਦਰਦ ਵੀ ਵਾਪਸ ਮੁੜ ਆਇਆ ਹੈ।
ਲੰਘ ਗਿਆ ਚੁੱਪ ਚੁਪੀਤਾ ਕਦੇ ਨੇ ਫੇਰਾ ਪਾਇਆ,
ਕੀ ਦਸਾਂ ਵਕਤ ਜਿਹੇ ਮਹਿਮਾਨ ਦੀ।।



ਅੱਜ ਫਿਰ ਉੱਡੀ ਹੈ ਮਿੱਟੀ ਪੁਰਾਣੀ ਯਾਦਾਂ ਵਾਲੀ,
ਝੱਖੜ ਈ ਕੁਛ ਐਸਾ ਆਇਆ ਸੀ।
ਕਦੇ ਰਾਹ ਭੁਲ ਗਏ ਕਦੇ ਥੱਕ ਹਾਰ ਬਹਿ ਗਏ,
ਗੱਲ ਹੋਈ ਸੀ ਮੰਜ਼ਿਲ ਤੇ ਜਾਣ ਦੀ।।

ਕੀ ਕਰੀਏ ਕਿੱਥੇ ਜਾਈਏ ਸਮਝ ਕੁੱਝ ਨਾ,
ਆਇਆ ਬੀਤੇ ਦੀਆਂ ਤੰਦਾਂ ਨੇ ਹੈ ਉਲਝਾਇਆ।
ਬੇਵਫ਼ਾਈ ਲੈ ਬੁੱਕਲ ਚ ਪਿਆਰ ਨ ਨਿਭਦੇ,
ਮੁੜ ਨਾ ਬਣਦੀ ਟੁਟੀ ਕੰਧ ਦਿਲ ਦੇ ਅਰਮਾਨ ਦੀ।।

ਮੈਂ ਹੱਸਦੀ ਰਹਿੰਦੀ ਹਾਂ ਤੇ ਮੇਰੇ ਸ਼ਬਦ ਬੋਲਦੇ,
ਰਹਿੰਦੇ ਨੇ ਨੈਣਾਂ ਦੇ ਗੁਝੇ ਭੇਦ ਵੀ ਖੋਲਦੇ ਨੇ।
ਸਮਝਣ ਲਈ ਤਜ਼ਰਬਾ ਚਾਹੀਦਾ ਕੀਹਦੇ ਨਾਲ,
ਕਰਾਂ ਮੈਂ ਗੁਫਤਗੂ ਕੀਤੇ ਤੇਰੇ ਅਹਿਸਾਨ ਦੀ।।

ਅੱਜ ਵੀ ਇਤਰਾਜ਼ ਹੈ ਮੈਨੂੰ ਤੇਰੀ ਸੋਚ ਅਤੇ,
ਫੈਸਲੇ 'ਤੇ ਤੇਰੇ ਵਿਵਹਾਰ ਅਤੇ ਤੇਰੇ ਬਦਲਣ ਤੇ।
ਮੰਜ਼ੂਰ ਨਹੀਂ ਟੁੱਟਨਾ ਜੁੜਨਾ ਉੱਤੋਂ ਹੱਸਣਾ ਅੰਦਰੋਂ,
ਝੁਰਨਾ ਕੀ ਪਾਵਾਂ ਵੁੱਕਤ ਤੇਰੇ ਜਿਹੇ ਇਨਸਾਨ ਦੀ।।

ਦਿਲ ਅੰਦਰ ਪਿਆਰ ਵੀ ਨੇੜੇ ਬਹਿ ਗਿਆ,
ਗੁੰਮਿਆ ਹੋਇਆ ਸਦਾ ਰਹੇ ਦੀਵਾਰਾਂ ਨੂੰ ਤੱਕਦਾ।
ਨਾ ਮਿਲਦਾ ਹੁੰਗਾਰਾ ਪਰ ਰਹੇ ਸਵਾਲ ਕਰਦਾ,
ਕੀ ਦੱਸਾਂ ਕੰਧਾਂ ਵਿਚ ਵੱਜਦੇ ਦਿਲੇ ਨਾਦਾਨ ਦੀ।।

**—ਗੁਰਿੰਦਰ ਗਿੱਲ**

# ਉਹ ਰੂਹ ਵੱਡੀ ਫ਼ਕੀਰ ਹੁੰਦੀ ਏ

ਖ਼ੁਆਬ ਅਧੂਰੇ ਨੇ ਖ਼ੁਆਬਾਂ ਦੀ ਨਾ ਕਦੇ ਤਾਬੀਰ ਹੁੰਦੀ ਏ।
ਕਿਵੇਂ ਲੂਕਾਵਾਂ ਨੈਣਾ ਦੇ ਸ਼ੀਸ਼ੇ ਤੇ ਤੇਰੀ ਤਸਵੀਰ ਹੁੰਦੀ ਏ।।

ਤੇਰੇ ਵਿਚੋਂ ਮੈਂ ਮੁਕ ਗਈ ਮੇਰੇ ਵਿਚੋਂ ਮੁਕ ਗਿਆ ਹੈ ਤੂੰ।
ਜੇ ਮੇਰੇ ਵਿਚੋਂ ਮੈਂ ਮੁੱਕ ਜਾਇ ਇਹੋ ਚੰਗੀ ਤਕਦੀਰ ਹੁੰਦੀ ਏ।।

ਗੂੜੇ ਖ਼ਾਬ ਤੇ ਗੂੜੇ ਸਾਕ ਹਉਮੈ ਦੀ ਝੋਲੀ ਪੈ ਖ਼ਾਕ ਹੁੰਦੇ ਨੇ।
ਇਸ਼ਕ ਹਕੀਕੀ ਸੱਚੀ ਮੋਹਬਤ ਨਾ ਲੱਭੇ ਨਾ ਬਣ ਜ਼ੰਜ਼ੀਰ ਰਹਿੰਦੀਏ।।

ਇਕ ਚੁੱਪ ਤੇ ਸੌ ਸੁੱਖ ਪਰ ਚੁੱਪ ਵੀ ਬਗਾਵਤ ਬਣ ਜਾਂਦੀ ਏ।
ਲੋੜ ਪੈਣ ਤੇ ਫਿਰ ਚੁੱਪ ਹੀ ਬਣ ਖਾਦੀ ਵਾਂਙ ਸ਼ਮਸ਼ੀਰ ਹੁੰਦੀ ਏ।।

ਰਹੇ ਸਜਦੇ 'ਚ ਚਾਰ ਪਹਿਰ ਮੁਰਸ਼ਦ ਦਾ ਫਿਰ ਦੀਦਾਰ ਕਰੇ ਹੈ।
ਲੋੜਾਂ ਭੁੱਲ ਕਰੇ ਬੰਦਗੀ ਇਹਨੀ ਚੰਗੀ ਵੀ ਨਾ ਤਕਦੀਰ ਹੁੰਦੀ ਏ।।

ਦਿਲ ਨੇ ਅੰਦਰ ਸਾਂਭ ਰੱਖੀਆਂ ਨੇ ਅਸੀਂ ਬਾਹਰ ਲੱਭਦੇ ਫਿਰਦੇ ਆ।
ਜਿਹਨੂੰ ਅੰਦਰ ਨਜ਼ਰ ਆ ਜਾਇ ਉਹ ਰੂਹ ਵੱਡੀ ਫ਼ਕੀਰ ਹੁੰਦੀ ਏ।।

ਹਰ ਸ਼ੈ 'ਚ ਉਹਦਾ ਨੂਰ ਨਜ਼ਰ ਆਂਵਦਾ ਏ ਦੂਰ ਕਦੇ ਨਾ ਜਾਂਵਦਾ ਏ।
ਨਜ਼ਰ ਸਵੱਲੀ ਜੇ ਹੋ ਜਾਵੇ ਮਿਲਦਾ ਏ ਜੇ ਤਕਦੀਰ ਜ਼ਹੀਰ ਹੁੰਦੀ ਏ।।

**—ਗੁਰਿੰਦਰ ਗਿੱਲ**



# ਮਿੱਟੀ ਦਾ ਜਿਕਰ ਤਾਂ ਹੁੰਦਾ ਹੀ ਹੈ

ਅਸੀਂ ਵੱਸੀਏ ਭਾਂਵੇ ਸੱਤ ਸਮੁੰਦਰੋਂ ਪਾਰ ਹੀ ਸਹੀ,
ਖਿਆਲ ਪਿਛੇ ਪਿੰਡ ਵਿਚ ਸਦਾ ਰਹਿੰਦਾ ਹੀ ਹੈ।
ਜਿਸ ਤੇ ਛੱਡ ਆਏ ਸਾਂ ਅਸੀਂ ਦਿਲ ਤੇ ਸੁਪਨੇ,
ਮੰਜ਼ਲ 'ਤੇ ਪਹੁੰਚ ਕੇ ਵੀ ਉਹ ਯਾਦ ਰਹਿੰਦਾ ਹੀ ਹੈ।

ਜ਼ਿੰਦਗੀ ਤੁਰਦੀ ਮੇਰੇ ਨਾਲ ਉਮਰ ਦਾ ਹਾਸਿਲ ਬਣੀ,
ਕੁਛ ਵੀ ਹੋ ਜਾਵੇ ਧਿਆਨ ਤਾਂ ਪਿਛੇ ਰਹਿੰਦਾ ਹੀ ਹੈ।
ਉਸ ਖ਼ੂਬਸੂਰਤ ਬਚਪਨ ਵਾਲੇ ਪਲ ਦੀ ਮਿਠੀਆਂ ਯਾਦ,
ਫ਼ਰਿਆਦ ਬਣੀ ਪਿੱਛੇ ਦਾ ਹਿਜਰ ਤਾਂ ਰਹਿੰਦਾ ਹੀ ਹੈ।।

ਔਕੜਾਂ ਨਾਲ ਮੱਥਾ ਲਾ ਮਜ਼ਬੂਰ ਹਾਲਾਤ 'ਚ ਫੱਸ ਕੇ,
ਬੰਦਾ ਤੰਗ ਹੋਵੇ ਧਿਆਨ ਆਪਣਿਆਂ 'ਚ ਰਹਿੰਦਾ ਹੀ ਹੈ।
ਖ਼ੂਹ ਦਾ ਮਿੱਠਾ ਪਾਣੀ ਪਿੰਡ ਦੀ ਤਾਜ਼ੀ ਹਵਾ ਨੂੰ ਛੱਡ,
ਪੱਥਰਾਂ ਦੇ ਸ਼ਹਿਰ 'ਚ ਰਹਿ ਜਨਝਨਤ ਲਈ ਹੌਕੇ ਲੈਂਦਾ ਹੀ ਹੈ।।

ਜਿਥੇ ਜੰਮਿਆ ਵੱਡਾ ਹੋਇਆ ਫੜ ਮਿੱਟੀ ਨੂੰ ਉੱਠ ਖਲੋਇਆ,
ਉਹ ਆਪਣੀ ਮਿੱਟੀ ਦੀ ਮਹਿਕ ਨੂੰ ਫਿਰ ਤਰਸਦਾ ਹੀ ਹੈ।
ਕੌਣ ਆ ਜੋ ਆਪਣੇ ਦੇਸ਼ ਆਪਣੇ ਲੋਕ ਆਪਣੀ ਮਿੱਟੀ ਬਾਰੇ ਨਾ ਲਿਖੇ,
ਸ਼ਾਇਰ ਦੀ ਨਜ਼ਮ ਗ਼ਜ਼ਲ ਵਿਚ ਮਿੱਟੀ ਦਾ ਜਿਕਰ ਤਾਂ ਹੁੰਦਾ ਹੀ ਹੈ।।

**—ਗੁਰਿੰਦਰ ਗਿੱਲ**

# ਮੰਨ ਤੇ ਕਾਬੂ ਜਦ ਮੈਂ ਹੈ ਪਾ ਲਿਆ

ਜਦ ਰੂਹ ਨੂੰ ਲੱਭਦਾ ਲੱਭਦਾ ਮੈਂ ਅੰਦਰ ਘੁੱਪ ਅੰਧੇਰ 'ਚ ਆ ਗਿਆ।
ਮੌਤ ਦਾ ਅਰਥ ਮੈਨੂੰ ਅੰਦਰ ਵਾਲਾ ਚਾਨਣ ਫਿਰ ਖੂਬ ਸਮਝਾ ਗਿਆ।।

ਧੁਨ ਅਨਾਹਦ ਵਾਲੀ ਸੁਨਣ ਲੱਗੀ ਫਿਰ ਨਾਲ ਮੇਰੇ ਚਲਣ ਲੱਗੀ।
ਦਸਮ ਦਵਾਰ ਦੀ ਗੱਲ ਦੱਸ ਮੈਨੂੰ ਆਪਣੇ ਨਾਲ ਉਸ ਰਲਾ ਲਿਆ।।

ਇਹ ਰਾਗ ਕਾਰਾਮਾਤ ਸੀ ਕਿ ਮੋਹਮਾਇਆ ਦਾ ਕੀਤਾ ਤਿਆਗ ਸੀ।
ਫਿਰ ਆਪਣਾ ਰੰਗ ਉਹ ਸਤਰੰਗੀ ਪੀਂਘ ਵਾਲਾ ਰੂਹ ਤੇ ਚੜ੍ਹਾ ਗਿਆ।।

ਨਰਕ ਸਵਰਗ ਦੇ ਦੁਆਰ ਅੰਦਰ ਨੇ ਲੱਭੋ ਤੇ ਰੱਬ ਦੇ ਮੰਦਰ ਅੰਦਰ ਨੇ।
ਹੋਏ ਦਰਸ਼ਨ ਅੰਦਰ ਤਾਂ ਫਿਰ ਰੰਗ ਅਨਾਹਦ ਵਾਲਾ ਸਾਰੇ ਪਾਸੇ ਛਾ ਗਿਆ।।

ਇਸ ਦੇਹ ਦੇ ਤੇ ਦੁਨੀਆਂ ਦੇ ਚੱਕਰਾਂ 'ਚ ਗੁਮਰਾਹ ਸੀ ਫਿਰਦੀ ਸੂਰਤ ਮੇਰੀ।
ਖੰਭ ਲੱਗਾ ਉੱਡ ਗਈ ਰੂਹ ਹੁਕਮ ਅੰਦਰ ਰੱਬ ਰੱਬੀ ਚੱਕਰ ਚਲਾ ਗਿਆ।।

ਕਾਮ ਕ੍ਰੋਧ ਲੋਭ ਮੋਹ ਹੰਕਾਰ ਜਿਹੇ ਦੁਸ਼ਮਣਾਂ ਨੂੰ ਸੌਖਾ ਨੀ ਕਾਬੂ ਕਰਨਾ।
ਸਬ ਕੁਛ ਮਿਲਿਆ ਤਦ ਜਾਕੇ ਮੈਨੂੰ ਮੰਨ ਤੇ ਕਾਬੂ ਜਦ ਮੈਂ ਹੈ ਪਾ ਲਿਆ।।

ਮਹਿਕ ਬਾਣੀ ਦੀ ਦੁਨੀਆਂ 'ਚ ਆਉਂਦੀ ਰਹਿੰਦੀ ਏ ਆਵਾਜ਼ ਸੁਣਨੀ ਪੈਂਦੀ ਏ।
ਓਹੀ ਤਰ ਗਿਆ ਇਸ ਦੁਨੀਆ ਤੋਂ ਜਿਹਨੇ ਭੇਦ ਸ਼ਬਦ ਦਾ ਹੈ ਪਾ ਲਿਆ।।

**—ਗੁਰਿੰਦਰ ਗਿੱਲ**



# ਖੁੱਲ ਜਾਵੀਂ ਨਾ ਕਿਸੇ ਅੱਗੇ

ਦੁਨੀਆਂ ਵਿਚ ਕੁਝ ਲੋਕ ਅਜਿਹੇ ਮਿਲਣਗੇ,
ਸਿਰ ਝੁਕਾ ਕੇ ਬਹੁਤ ਹੀ ਖ਼ਿਦਮਤਗਾਰ ਹੋਕੇ।
ਮੂੰਹ ਅੱਗੇ ਮਿੱਠੀਆਂ ਸੁਣਾਉਣਗੇ ਪਿੱਠ ਪਿਛੇ,
ਲੱਗਣਗੇ ਉਹ ਤੈਨੂੰ ਤੇਜ਼ ਛੁਰੀ ਦੀ ਧਾਰ ਹੋ ਕੇ।।

ਸ਼ੱਕ ਕਰਨਾ ਬੇਗਾਨਿਆਂ ਤੇ ਤਾਂ ਬੇਕਾਰ ਹੈ,
ਲੁੱਟਣਗੇ ਤੈਨੂੰ ਉਹ ਸਾਰੇ ਤੇਰੇ ਹੀ ਯਾਰ ਹੋਕੇ।
ਇੱਕਲਿਆਂ ਮੰਜ਼ਿਲਾਂ ਤਹਿ ਨਾ ਹੁੰਦੀਆਂ ਕਦੇ,
ਕਰੇਂਗਾ ਚੱਲ ਕਾਫ਼ਿਲੇ 'ਚ ਇਕ ਜੁੱਟ ਇਕ ਤਾਰ ਹੋਕੇ।।

ਰਸਤੇ ਵੀ ਕਦੇ ਲੱਭਦੇ ਨਹੀਂ ਸਾਫ ਦਿੱਸਦੇ ਨਹੀਂ,
ਕੂੰਜਾਂ ਵੀ ਤਹ ਕਰਦਿਆਂ ਸਫਰ ਇਕ ਡਾਰ ਹੋਕੇ।
ਥੱਲੇ ਲਾਹੁਣਗੇ ਓਹੀ ਜੋ ਤੂੰ ਸੋਚੇ ਹੁਲਾਰੇ ਦੇਣਗੇ,
ਖੁੱਲ ਜਾਵੀਂ ਨਾ ਕਿਸੇ ਅੱਗੇ ਕਿਤਾਬ ਦਾ ਸਾਰ ਹੋਕੇ।।

ਬਲਦੇ ਸਿਵੇ ਵਿਚ ਵੀ ਕਿਸੇ ਤੇਰੇ ਨਾਲ ਬਲਣਾ ਨਹੀਂ,
ਜੀ ਨਾ ਜ਼ਿੰਦਗੀ ਤੂੰ ਕਿਸੇ ਲਈ ਕਦੇ ਬੇਜ਼ਾਰ ਹੋ ਕੇ।
ਦੁੱਖ ਸੁੱਖ ਤਾਂ ਜ਼ਿੰਦਗੀ ਦੇ ਨਾਲ ਚਲਦੇ ਈ ਰਹਿੰਦੇ ਆ,
ਜ਼ਿੰਦਗੀ ਜਿਉਣੀ ਛੱਡ ਨਾ ਦੇਵੀਂ ਵੇਖੀਂ ਕਿਤੈ ਲਾਚਾਰ ਹੋਕੇ।।

ਜੇ ਦਿਸੇ ਜ਼ੁਲਮ ਹੈ ਕੋਈ ਢਾਅ ਰਿਹਾ ਮੁਲਜ਼ਮਾਂ ਤੇ,
ਖੜ੍ਹਾ ਹੋ ਜਾਵੀਂ ਨਾਲ ਕਿਤੈ ਬਹਿ ਨਾ ਜਾਵੀਂ ਲਾਚਾਰ ਹੋਕੇ।
ਕਦੇ ਆਪਣਿਆਂ ਦੇ ਹੀ ਹੱਥ ਹੁੰਦੇ ਆ ਲਹੂ ਨਾਲ ਰੰਗੇ,
ਦੇਵੀਂ ਤੂੰ ਸਾਥ ਓਹਨਾ ਦਾ ਨਫ਼ਰਤ ਤੋਂ ਆਰ ਪਾਰ ਹੋ ਕੇ।।

**—ਗੁਰਿੰਦਰ ਗਿੱਲ**

## ਰੱਬ ਦੀ ਮਾਇਆ

ਕੁਛ ਢੋਂਗੀ ਬਾਬਿਆਂ ਨੇ ਝੂਠਾ ਰੱਬੀ ਜਾਲ ਵਿਛਾਇਆ ਏ।
ਕਰਦੇ ਆ ਕਰਾਮਾਤਾਂ ਝੂਠੀਆਂ ਦੇਖੋ ਕਲਯੁਗ ਆਇਆ ਏ।।

ਦਸਵੰਦ ਦੇ ਨਾਮ ਤੇ ਲੁੱਟਦੇ ਨੇ ਘਰ ਲੋਕਾਂ ਦੇ ਪੁੱਟਦੇ ਨੇ।
ਰੱਬ ਦੇ ਨਾਮ ਦੀਆਂ ਸੇਕ ਰੋਟੀਆਂ ਇਕੱਠੀ ਕਰਦੇ ਮਾਇਆ ਏ।।

ਮੋਹ ਮਾਇਆ ਦਾ ਤਿਆਗ ਕਰਾਉਂਦੇ ਖੁਦ ਕਮਾਉਂਦੇ ਆ।
ਭਜਨ ਪਾਠ ਤੇ ਲਾਕੇ ਸਭਨੂੰ ਐਂਵੇ ਭੰਬਲ ਭੂਸੇ ਪਾਇਆ ਏ।।

ਨਰਕ ਸਵਰਗ ਦੀਆਂ ਗੱਪਾਂ ਮਾਰਦੇ ਇਹ ਲੋਕਾਂ ਨੂੰ ਚਾਰਦੇ।
ਭੋਲੇ ਭਾਲੇ ਲੋਕਾਂ ਨੂੰ ਵਰਗਲਾਕੇ ਵਹਿਮਾਂ ਭਰਮਾਂ 'ਚ ਪਾਇਆ ਏ।।

ਮੰਨ ਮਰਜ਼ੀ ਦਾ ਮਿਥਿਹਾਸ ਰਚਦੇ ਖੁਦ ਨਾ ਓਹਦੇ ਤੇ ਚਲਦੇ।
ਭੁੰਜੇ ਬਿਠਾ ਸੰਗਤਾਂ ਨੂੰ ਆਪਣਾ ਆਸਾਂ ਬੈਠੇ ਉੱਚਾ ਲਾਇਆ ਏ।।

ਬੰਦਿਆਂ ਨੂੰ ਅਵਤਾਰ ਦੱਸਦੇ ਲੋਕੀ ਵੀ ਅੰਨ੍ਹੇ ਹੋ ਜਾ ਨੇ ਫੱਸਦੇ।
ਝੂਠੇ ਨਾਮ ਦੇ ਰੱਟੇ ਲਵਾ ਕੇ ਐਂਵੇ ਹੀ ਲੋਕਾਂ ਨੂੰ ਬੁੱਧੂ ਬਣਾਇਆ ਏ।।

ਆਈ ਕੋਰੋਨਾ ਸਬ ਬਾਬੇ ਲੁਕ ਗਏ ਕਿਥੇ ਜਾਕੇ ਇਹ ਢੁੱਕ ਗਏ।
ਲੋਕਾਂ ਨੂੰ ਠੀਕ ਕਰਨ ਲਈ ਕਿਓਂ ਹੁਣ ਨਾ ਕੋਈ ਰੱਬੀ ਚੱਕਰ ਚਲਾਇਆ ਏ।।

ਪੜ੍ਹੇ ਲਿਖੇ ਹੁਣ ਸਬ ਜਾਣ ਗਏ ਨੇ ਢੋਂਗੀਆਂ ਨੂੰ ਪਹਿਚਾਣ ਗਏ ਨੇ।
ਬਾਬਿਆਂ ਤੇ ਹੁਣ ਆ ਗਏ ਆ ਸਾੜ ਸਤੀ ਨਾਲੇ ਲੱਗ ਗਿਆ ਢਾਇਆ ਏ।।

ਹੁਣ ਨਾ ਕੋਈ ਪੂਜੇ ਇਹਨਾਂ ਨੂੰ ਹਰ ਕੋਈ ਸਮਝੇ ਚੋਰ ਲੁਟੇਰੇ ਇਹਨਾਂ ਨੂੰ।
ਭਰਮ ਦਾ ਖੇਡ ਮਿੱਟੀ 'ਚ ਮਿਲ ਗਿਆ ਇਹਨੂੰ ਕਹਿੰਦੇ ਰੱਬ ਦੀ ਮਾਇਆ ਏ।।

**—ਗੁਰਿੰਦਰ ਗਿੱਲ**



## ਜਦ ਰੱਬ ਮੋਹਰੇ ਜਿੰਦ ਆ ਜਾਂਦੀ

ਉਲਝਿਆ ਏ ਕੋਈ ਸੁਲਝਿਆ ਏ ਕੋਈ ਕਰਦਾ ਫਿਰੇ ਮਸਤੀਆਂ ਏ।
ਵੇਦਾਂ ਉਪਨਿਸ਼ਦਾਂ ਨੂੰ ਫੋਲ ਫੋਲ ਕਦੇ ਹੁੰਦੀਆਂ ਨਹੀਓਂ ਭਗਤੀਆਂ ਨੇ।।

ਚੜ੍ਹਾਵਿਆਂ ਨੇ ਮਾਰਿਆ ਨਿਤ ਦੇ ਕੀਤੇ ਹੋਏ ਝੂਠੇ ਦਿਖਾਵਿਆਂ ਨੇ ਮਾਰਿਆ।
ਨਿੱਤ ਅਰਦਾਸਾਂ ਮੱਥੇ ਟੇਕ ਟੇਕ ਹਾਰਿਆ ਇਹ ਚੀਜ਼ਾਂ ਕਦੇ ਨਾ ਪਰਤੀਆਂ ਨੇ।।

ਉਡਾਨ 'ਚ ਕਦੇ ਧਿਆਨ 'ਚ ਫਿਰਾਂ ਬਿਖਰੀਆਂ ਸੋਚਾਂ ਨੂੰ ਸਮੇਟਦਾ ਫਿਰਾਂ।
ਢਾਈ ਲਫ਼ਜ਼ ਪਿਆਰ ਦੇ ਲੱਭਦੇ ਜੇ ਚਲੀਏ ਗੁਰੂ ਦੇ ਪਾਇ ਰਸਤਿਆਂ 'ਤੇ।।

ਵਿਰਾਗ ਵਿਸਮਾਦ 'ਚ ਫਿਰਾਂ ਕਦੇ ਹੋਂਦ ਅਣਹੋਂਦ 'ਚ ਲਟਕਿਆ ਫਿਰਾਂ।
ਮਨ ਵਾਲ਼ੇ ਟੱਲ ਸੌਖੇ ਨਹੀਂ ਵੱਜਦੇ ਟੋਲਣੇ ਪੈਂਦੇ ਅੰਦਰ ਅੰਧੇਰੀ ਬਸਤੀਆਂ ਨੇ।।

ਸੁਪਨਿਆਂ ਖਿਆਲਾਂ ਦਾ ਕਰੇ ਅਨੁਵਾਦ ਬੰਦਾ ਟੇਵਿਆਂ 'ਚੋਂ ਲੱਭਦਾ ਹਿਸਾਬ ਬੰਦਾ।
ਕਿੰਨੇ ਤੂਫ਼ਾਨ ਵਰਦੇ ਗਰਜਦੇ ਨੇ ਜਿੰਦਗੀ ਦੀਆਂ ਪਰਤਾਂ ਕੀਹਨੇ ਪਰਤੀਆਂ ਨੇ।।

ਬੁੱਕਲ਼ ਸਬਰ ਦੀ ਮਾਰ ਕੇ ਸਭ ਕੁਝ ਲੁਟਾ ਤੂੰ ਬੈਠ ਆਪਣੇ ਹੱਥ ਝਾੜਕੇ।
ਈਰਖਾ ਧੋਖਾ ਮੋਹ ਲਾਲਚ ਛੱਡ ਦੇ ਵੇਖਿਓ ਹੁੰਦੀਆਂ ਕਿਵੇਂ ਭਗਤੀਆਂ ਨੇ।।

ਦੁਨੀਆਂ ਚੋਂ ਖੱਟੇ ਹੋਏ ਵਰਾਂ ਸਰਾਪਾਂ ਨੂੰ ਤੋਲ ਵੇਖਦਾ ਏਂ ਕਿਓਂ ਪੁੰਨਾਂ ਪਾਪਾਂ ਨੂੰ।
ਜਦ ਰੱਬ ਮੋਹਰੇ ਜਿੰਦ ਆ ਜਾਂਦੀ ਫਿਰ ਚੇਤੇ ਆਉਂਦੀਆਂ ਕੀਤੀਆਂ ਗ਼ਲਤੀਆਂ ਨੇ।।

ਅੰਦਰ ਦਾ ਲਾਟੂ ਕਦੇ ਬੁਝੇ ਕਦੇ ਜਗਦਾ ਦਿਸੇ ਨਾ ਬੁਝਿਆ ਨਾ ਪਤਾ ਜਗਦਾ ਏ।
ਰੱਬ ਨਾ ਵਿਕੇ ਹੱਟੀਆਂ ਤੇ ਭਗਤੀ ਜਿਹੀਆਂ ਨਿਆਮਤਾਂ ਕਿਹੜੀਆਂ ਸਸਤੀਆਂ ਨੇ।।

**—ਗੁਰਿੰਦਰ ਗਿੱਲ**

# ਭਗਤ ਸਿੰਘ ਦੀ ਫਾਂਸੀ

ਲੰਬੀ ਕੈਦ ਮਗਰੋਂ ਕੀਤਾ ਨਾ ਰਿਹਾਅ ਗੋਰਿਆਂ ਦਿੱਤਾ ਫਾਂਸੀ ਦਾ ਹੁਕਮ ਸੁਣਾ।
ਦਿੱਤਾ ਸ਼ੇਰ ਨੂੰ ਪਿੰਜਰੇ ਪਾ ਕਹਿੰਦੇ ਤੇਰੇ ਜੁਰਮ ਦੀ ਨਾ ਇਸ ਤੋਂ ਵੱਡੀ ਸਜ਼ਾ।।

ਕਹਿੰਦੇ ਗੋਰੇ ਤੇਰੇ ਗਲ ਫਾਂਸੀ ਪਾਉਣੀ ਆ ਰੱਸੀ ਮਰੇ ਤੇ ਮਗਰੋਂ ਲਾਉਣੀ ਆ।
ਕਹਿੰਦਾ ਭਗਤ ਸਿੰਘ ਸੂਰਮਾ ਮੈਂ ਨਹੀਂ ਡਰਦਾ ਮੈਂ ਮੌਤ ਕਮਲੀ ਲੈਣੀ ਆ ਵਿਆਹ।।

ਹੱਸ ਹੱਸ ਜ਼ਿੰਦਗੀ ਵਾਰ ਦਿਆਂਗੇ ਇਥੇ ਤੈਨੂੰ ਵੀ ਨਾ ਰਹਿਣ ਦਿਆਂਗੇ।
ਸਰ ਇਕ ਮੰਗੇਂਗਾ ਚਾਰ ਦਿਆਂਗੇ ਦੇਸ਼ ਤੋਂ ਮਰਨ ਦਾ ਸਾਨੂੰ ਡਾਢਾ ਚਾਅ।।

ਅਸਾਂ ਘੜਨੀ ਤਵਾਰੀਖ ਨਿਆਰੀ ਏ ਸਾਨੂੰ ਜਿੰਦ ਕੌਮ ਤੋਂ ਨਾ ਪਿਆਰੀ ਏ।
ਹੱਸ ਹੱਸ ਕੇ ਅਸਾਂ ਇਸ ਜਿੰਦ ਨਿਮਾਣੀ ਨੂੰ ਤੂੰ ਦੇਖ ਦੇਣਾ ਏ ਦੇਸ਼ ਦੇ ਲੇਖੇ ਲਾ।।

ਮੋਰਚਾ ਜ਼ੁਲਮ ਦਾ ਤੋੜਨਾ ਏ ਲੱਗ ਜਾਵੇ ਜਿੰਦ ਬੰਨੇ ਸਿਰੜ ਨਾ ਚੋੜਨਾ ਏ।
ਜੇ ਤੈਨੂੰ ਜਿੰਦ ਪਿਆਰੀ ਏ ਬਚਾ ਲੈ ਮੈਨੂੰ ਕਲ ਦੀ ਥਾਂ ਅਜੇ ਈ ਫਾਂਸੀ ਦੇ ਚੜ੍ਹਾ।।

ਮੇਰੀ ਕੌਮ ਸਰ ਸ਼ਾਹਾਂ ਦੇ ਸ਼ਾਹ ਏ ਦਿਤੀ ਕੁਰਬਾਨੀ ਮੇਰਾ ਪੀਰ ਗੋਬਿੰਦ ਸ਼ਾਹ ਏ।
ਮੈਂ ਵੀ ਉਹਦਾ ਮੁਰੀਦ ਹਾਂ ਜਿਹਨੇ ਦਿਤੀ ਸੀ ਸਿੱਖਾਂ ਨੂੰ ਮਾਰਨ ਦੀ ਜਾਚ ਸਿਖਾ।।

ਗੋਰਿਆਂ ਜ਼ੁਲਮ ਕਮਾਇਆ ਜਰਾ ਤਰਸ ਨਾ ਆਇਆ ਗਲ ਦਿੱਤੀ ਫਾਂਸੀ ਪਾ।
ਕਹਿੰਦਾ ਦਹਾੜ ਕੇ ਸੂਰਮਾ ਅਸੀਂ ਦੇ ਕੇ ਜਿੰਦਾਂ ਸੋਹਣੀਆਂ ਲੈਣਾ ਦੇਸ਼ ਆਜ਼ਾਦ ਕਰਾ।।

ਬਣ ਦੀਵਾਨਾ ਦੇਸ਼ ਦਾ ਨਹੀਂ ਕੀਤੀ ਪਰਵਾਹ ਦੇਸ਼ ਦੇ ਚੋਰ ਨੇ ਦਿੱਤਾ ਕੈਦ ਕਰਾ।
ਕੌਮ ਦੀ ਖਾਤਰ ਹੱਸਕੇ ਚੜ੍ਹ ਗਿਆ ਸੂਲੀ ਆਪਣੀ ਫਾਂਸੀ ਆਪੇ ਗਲ ਵਿਚ ਲਈ ਪਾ।।

ਮਾਂ ਰੋਂਦੀ ਤੇ ਕੁਰਲਾਵਾਂਦੀ ਕਹਿੰਦੀ ਰੱਬ ਆ ਕੀ ਕੀਤਾ ਤੂੰ ਗਿਆ ਕਿਹੜਾ ਜੁਰਮ ਕਮਾ।
ਐਡਾ ਜ਼ੁਲਮ ਕਮਾਵਣਾ ਤੂੰ ਚੰਗਾ ਬੇਪਰਵਾਹ ਨਾ ਦੇਖੀ ਖੁਸ਼ੀ ਨਾ ਪੂਰਾ ਹੋਇਆ ਚਾਅ।।

**—ਗੁਰਿੰਦਰ ਗਿੱਲ**



# ਮੱਥੇ ਨਸ਼ਿਆਂ ਦਾ ਟਿੱਕਾ ਲਗਾ ਹੈ ਰਹਿ ਗਿਆ

ਪੰਜਾਂ ਪਾਣੀਆਂ 'ਚ ਨਾ ਬਹਿ ਸਕਿਆ ਅੱਜ ਉਹ ਨਸ਼ਿਆਂ 'ਚ ਹੈ ਵਹਿ ਗਿਆ,
ਰੰਗਲਾ ਪੰਜਾਬ ਮੇਰਾ ਬਸ ਚਿੱਟੇ ਤੇ ਸ਼ਰਾਬ ਦੇ ਨਸ਼ੇ 'ਚ ਢਹਿ ਗਿਆ।
ਝੁਕਦਾ ਨਹੀਂ ਸੀ ਜੋ ਜੱਗ ਅੱਗੇ ਰੁਕਦਾ ਨੀ ਸੀ ਜੋ ਕਦੇ ਬਲਦੀ ਅੱਗ ਅੱਗੇ,
ਬਚਿਆ ਨਾ ਕੁਛ ਬਾਕੀ ਮੱਥੇ ਨਸ਼ਿਆਂ ਦਾ ਟਿੱਕਾ ਲਗਾ ਹੈ ਰਹਿ ਗਿਆ।।

ਰੁਲ ਗਈ ਜਵਾਨੀ ਦੁੱਧ ਮੱਖਣਾਂ ਨਾਲ ਪਾਲੀ ਸੀ ਕਰਦੀ ਜੋ ਹਾਲੀ ਸੀ,
ਨਸ਼ਿਆਂ 'ਚ ਪਿੰਡਾਂ ਦੇ ਪਿੰਡ ਬਰਬਾਦ ਨੇ ਪੰਜਾਬ ਕਿਹੜੇ ਵਹਿਣ 'ਚ ਹੈ ਵਹਿ ਗਿਆ।
ਪੀਂਦੇ ਸਿਗਰਟ ਬੀੜੀ ਜ਼ਰਦਾ ਦਾਰੂ ,ਚਿੱਟਾ ਪੈ ਗਿਆ ਸਬਨਾਂ ਤੇ ਭਾਰੂ,
ਭੁੱਕੀ ਡੋਡੇ ਖਾਣ ਅਫੀਮਾਂ ਕੀ ਕੀ ਦਸਾਂ ਕੀਹਦੇ ਜੋਗਾ ਪੰਜਾਬ ਹੈ ਰਹਿ ਗਿਆ।।

ਹਨੇਰੀ ਨਸ਼ਿਆਂ ਦੀ ਨਿਤ ਕਰਦੀ ਅਟੈਕ ਆ ਸਬਨਾਂ ਦੀ ਜ਼ੇਬ 'ਚ ਨਾਗਣੀ ਬਲੈਕ ਆ,
ਕਿਵੇਂ ਵੱਧੂ ਫੁੱਲੂ ਬੂਟਾ ਪੰਜਾਬ ਦਾ, ਨਸ਼ਾ ਜੀਹਦੀਆਂ ਜੜਾਂ 'ਚ ਹੈ ਬਹਿ ਗਿਆ।
ਨਸ਼ਾ ਹੁਣ ਸ਼ਰੇਆਮ ਵਿਕਦਾ ਐ ਨਸ਼ੇ ਬਿਨਾ ਕੋਈ ਗੱਭਰੂ ਨਾ ਟਿਕਦਾ ਐ,
ਚੇਹਰਿਆਂ ਤੇ ਪੀੜ੍ਹ ਠੇਕਿਆਂ ਤੇ ਭੀੜ ਆ ਕੋਈ ਮਰ ਗਿਆ ਤੇ ਕੋਈ ਹੈ ਰਹਿ ਗਿਆ।।

ਲੱਭਦੇ ਨਾ ਗੱਭਰੂ ਜੋ ਪਾਉਂਦੇ ਸੀ ਕੌਡੀਆਂ ਕਰਦੇ ਸੀ ਘੋਲ ਖੇਡਦੇ ਸੀ ਕਬੱਡੀਆਂ,
ਕਰਦੇ ਸੀ ਮੌਤ ਨੂੰ ਮਖੌਲ ਸਿਦਕ ਨਾ ਛੱਡਦੇ ਸੀ ਅਜਿਹਾ ਗੱਭਰੂ ਨਾ ਹੈ ਰਹਿ ਗਿਆ।
ਹੁਣ ਤਾਂ ਨਸ਼ਿਆਂ ਦੇ ਵਹਿਣ ਵਿਚ ਵਗਦੇ ਆ ਲਾਹ ਪੱਗਾਂ ਪੈਗ ਸਰ ਤੇ ਧਰਦੇ ਆ,
ਨਸ਼ਿਆਂ 'ਚ ਸਮਾਜ ਸਾਰਾ ਢਹਿ ਗਿਆ ਖੜਾ ਖਾਲੀ ਢਾਂਚਾ ਮਗਰ ਹੈ ਰਹਿ ਗਿਆ।।

ਹਰ ਬਾਪ ਸੋਚਦਾ ਐ ਬੇਬੇ ਵੀ ਸੋਚਦੀ ਐ ਬਿਨਾ ਨਸ਼ੇ ਵਾਲਾ ਪੁੱਤ ਲੋਚਦੀ ਐ,
ਦੁੱਧ ਮੱਖਣਾਂ ਨਾਲ ਪੁੱਤ ਸੀ ਪਾਲਿਆ ਨਸ਼ਿਆਂ ਨੇ ਖਾ ਲਿਆ ਬਕੀਕੁਚ ਨਾ ਹੈ ਰਹਿ ਗਿਆ।
ਕਿਓਂ ਨਸ਼ਿਆਂ ਦੀਆਂ ਵਧੀਕੀਆਂ ਅਸੀਂ ਸਹਿੰਦੇ ਆ ਕਯੋਂ ਚੁਪਚਾਪ ਬਹਿੰਦੇ ਆ,
ਕਰਦਾ ਤਬਾਹ ਜ਼ਿੰਦਗੀ ਨਸ਼ਾ ਛੱਡੋ ਕਰੋ ਬੰਦਗੀ ਬੰਦਾ ਕਿਹੜੇ ਵਹਿਣਾ 'ਚ ਹੈ ਵਹਿ ਗਿਆ।।

**—ਗੁਰਿੰਦਰ ਗਿੱਲ**

# ਤਾਰੇ ਥੱਕਣ ਲੱਗ ਪਏ ਨੇ

ਇਥੇ ਕੋਈ ਕਿਸੇ ਦਾ ਨੀ ਨਾ ਬਣਦਾ ਸੱਜਣਾ,
ਸਭ ਚਾਲਾਂ ਸ਼ਤਰੰਜ ਦੀਆਂ ਚਲਣ ਲੱਗ ਪਏ ਨੇ।
ਬਿਨ ਮਤਲਬ ਨਾ ਸੋਝੀ ਲੈਣ ਮਤਲਬੀ ਆ ਸਾਰੇ,
ਹੁਣ ਰਿਸ਼ਤੇ ਇੱਕ ਦੂਜੇ ਨੂੰ ਠੱਗਣ ਲੱਗ ਪਏ ਨੇ।।

ਗਾਨੀ ਦੇ ਟੁਟੇ ਮਣਕੇ ਪਿਰੋਨੇ ਟੁੱਟੇ ਦਿਲ ਮਨਾਉਣੇ,
ਸੌਖੇ ਨਹੀਂ ਹੁਣ ਤੇ ਰੋਜ਼ ਈ ਦਿਲ ਟੁੱਟਣ ਲੱਗ ਪਏ ਨੇ।
ਮਜ਼ਬੂਤ ਹੱਥਾਂ ਚੋ ਉਂਗਲੀਆਂ ਵੀ ਛੁਟ ਜਾਂਦੀਆਂ ਨੇ,
ਰਿਸ਼ਤੇ ਬਿਨਾ ਤਮੀਜ਼ ਨਿਭਾਓ ਤੇ ਛੁੱਟਣ ਲੱਗ ਪਏ ਨੇ।।

ਨੀਹਾਂ ਤੇ ਧੀਆਂ ਬਿਨਾ ਘਰ ਕਦੇ ਵੱਸਦੇ ਨਹੀਂ ਸਨ,
ਹੁਣ ਤਾਂ ਧੀਆਂ ਨੂੰ ਕੁਖਾਂ ਵਿਚ ਮਾਰਨ ਲੱਗ ਪਏ ਨੇ।
ਤੂੰ ਸੱਚ ਐਂ ਤੇ ਮੈਂ ਝੂਠ ਏ ਮੈਂ ਛੱਡ ਝੂਠ ਮਿੱਟ ਜਾਂਦਾ ਏ,
ਪਰ ਲੋਕੀਂ ਇਥ੍ਹੇ ਮੈਂ ਮੈਂ ਕਰ ਝੂਠ ਵੀ ਬੋਲਣ ਲੱਗ ਪਏ ਨੇ।।

ਤੂੰ ਛੱਡ ਤੁਰ ਗਿਓਂ ਪ੍ਰਦੇਸ ਮੇਰਾ ਬਣ ਗਿਆ ਵਿਧਵਾ ਦਾ ਵੇਸ,
ਲੋਕੀਂ ਮੈਨੂੰ ਟਿੱਚਰਾਂ ਕਰਦੇ ਵੇਖ ਰੂਪ ਮੇਰਾ ਸ਼ੀਸ਼ੇ ਹੱਸਣ ਲੱਗ ਪਏ ਨੇ।
ਦਿਲ ਮੇਰਾ ਵੀ ਝੱਲਾ ਸਿਆਣਪ ਬਾਹਲੀ ਰਹਿੰਦਾ ਕਰਦਾ ਏ,
ਨਾਲ ਮੇਰੇ ਜਿਹੜੇ ਤੱਕਦੇ ਤੇਰੇ ਰਾਹ ਤਾਰੇ ਥੱਕਣ ਲੱਗ ਪਏ ਨੇ।।

ਸ਼ਾਹਾਂ ਦਾ ਕਰਜ਼ ਬੁਰਾ ਜਿਗਰ ਦਾ ਦਰਦ ਬੁਰਾ ਫੱਕਰ ਦੀ ਮਾਰ ਬੁਰੀ,
ਫਿਰ ਵੀ ਲੋਕੀਂ ਡਰਦੇ ਨੀ ਫੱਕਰਾਂ ਨੂੰ ਧੱਕੇ ਮਾਰਨ ਲੱਗ ਪਏ ਨੇ।
ਸਾਰੇ ਜਾਨਣ ਸਭ ਨੇ ਮੁਸਾਫ਼ਿਰ ਕਿਸੇ ਨਾ ਐਥੇ ਸਦਾ ਰਹਿਣਾ ਏ,
ਫਿਰ ਵੀ ਪਾਵਣ ਮਹਲ ਉਚੇਰੇ ਪੈਸੇ ਵੀ ਜੋੜਣ ਲੱਗ ਪਏ ਨੇ।।

—ਗੁਰਿੰਦਰ ਗਿੱਲ



# ਵਾਹਗੇ ਦੇ ਇਸ ਪਾਰ

ਵਾਹਗੇ ਦੇ ਇਸ ਪਾਰ ਜੋ ਰਹਿੰਦੇ ਉਹ ਤਾਂ ਸਾਰੇ ਮੇਰੇ ਘਰ ਦੇ ਨੇ,
ਰਹਿੰਦੇ ਜੋ ਉਸ ਪਾਰ ਨੇ ਉਹ ਵੀ ਬੰਦੇ ਤੇ ਉਸ ਰੱਬ ਦੇ ਨੇ।
ਗੱਲ ਮਾਨਵਤਾ ਦੀ ਕਰੀਏ ਧਰਮਾਂ ਦੇ ਪਿੱਠੂ ਨਾ ਬਣੀਏ,
ਅਸੀਂ ਸੱਚ ਨੂੰ ਮੰਨਦੇ ਆ ਉਹ ਵੀ ਸਿਜਦਾ ਸੱਚ ਨੂੰ ਕਰਦੇ ਨੇ।।

ਉਹ ਲੋਕ ਜੋ ਲੱਭਦੇ ਫਿਰਦੇ ਨੇ ਟੁੱਟੇ ਟੁਕੜੇ ਚੰਨ ਤਾਰਿਆਂ ਦੇ,
ਰਾਤ ਨੂੰ ਓਹੀ ਲੋਕੀਂ ਫਿਰ ਪੱਥਰਾਂ ਨਾਲ ਝੋਲੀ ਭਰ ਖੜਦੇ ਨੇ।
ਦਰਦਾਂ ਦੀ ਤਸਵੀਰ ਲਈ ਫਿਰਦੇ ਮੱਥੇ ਲਕੀਰ ਲਈ ਫਿਰਦੇ,
ਜਿਉਂਦੇ ਜੀ ਮਰਦੇ ਨੇ ਦਿਲ ਤੇ ਪੱਥਰ ਦੋਹੀਂ ਧਿਰੀਂ ਧਰਦੇ ਨੇ।।

ਕਦੋਂ ਟੱਪਣਗੇ ਉਸ ਪਾਰ ਦੇ ਪ੍ਰਦੇਸੀ ਬਰੂਹਾਂ ਇਸ ਘਰ ਦੀਆਂ,
ਮੁਲਖ਼ ਆਪਣਾ ਲੋਕ ਆਪਣੇ ਇੱਕ ਲਕੀਰ ਖਾਤਿਰ ਬਣ ਗੋਲੀ ਵਰਦੇ ਨੇ।
ਹੁਣ ਤਾਂ ਪਤੇ ਬਦਲ ਗਏ ਨੇ ਕਦੇ ਇਕ ਦੂਜੇ 'ਚ ਵਿਚਰਦੇ ਸੀ,
ਐ ਕਿਹਨੂੰ ਜਿਤਦੇ ਨੇ ਪੈਰ ਤਾਂ ਹਿੱਕ ਇਨਸਾਨਾਂ ਦੀ ਤੇ ਧਰਦੇ ਨੇ।।

ਸਰਹੱਦਾਂ ਤੋਂ ਲਾਸ਼ਾਂ ਇਧਰ ਆਵਣ ਲਾਸ਼ਾਂ ਓਧਰ ਵੀ ਹਨ ਜਾਵਣ,
ਪੁਤਾਂ ਦੀਆਂ ਲਾਸ਼ਾਂ ਮੋਢੇ ਚੁੱਕਣ ਕਿਦਾ ਕਹਾਂ ਕੀ ਕੀ ਇਹ ਜਰਦੇ ਨੇ।
ਕਿਹੜੇ ਲੇਖ ਲਿਖਣਾ ਚਾਹੁੰਦੇ ਹੋ ਹੱਡੀਆਂ ਦੇ ਭਾਂਬੜ ਸੇਕਣਾ ਚਾਹੁੰਦੇ ਹੋ,
ਕੀ ਵੇਖਣਾ ਚਾਹੁੰਦੇ ਹੋ ਕਿ ਭਰਾਵਾਂ ਦੇ ਹੱਥੋਂ ਭਰਾ ਕੀਕਣ ਮਰਦੇ ਨੇ।।

ਅਸੀਂ ਨਿਮਾਣੇ ਸਾਦ ਮੁਰਾਦੇ ਪੈ ਗਏ ਭਾਰੇ ਦੁੱਖ ਜੁਦਾਈਆਂ ਦੇ,
ਭਾਰਤ ਪਾਕਿਸਤਾਨ ਜਦੋਂ ਦਾ ਬਣਿਆ ਸਭ ਮਿਲਣ ਤੋਂ ਡਰਦੇ ਨੇ।
ਭਾਂਵੇ ਕਹਿੰਦੇ ਮੈਂ ਸਾਈਂ ਤੂੰ ਕਾਫ਼ਿਰ ਡਾਢਾ ਪਰ ਬਾਬਾ ਨਾਨਕ ਏ ਸਾਡਾ,
ਨਾ ਉਹ ਨਾ ਅਸੀਂ ਸੂਰਤ ਦੇ ਆਸ਼ਿਕ ਸਭ ਦਮ ਸੀਰਤ ਦਾ ਭਰਦੇ ਨੇ।।

—ਗੁਰਿੰਦਰ ਗਿੱਲ

# ਮਾਂ ਬੋਲੀ ਪੰਜਾਬੀ

ਸਾਡੀ ਮਾਂ ਬੋਲੀ ਘੋਲੇ ਮਾਖਿਉ ਵਰਗੀ ਮਿੱਠਤ ਉਹ ਪੰਜਾਬੀ ਏ।
ਗੁੰਮ ਨਾ ਜਾਇ-ਕਿਧਰੇ ਸਾਂਭ ਕੇ ਰੱਖੋ ਵਿਰਸੇ ਦੀ ਏ ਚਾਬੀ ਏ।।

ਪੰਜਾਬੀਆਂ ਦੀ ਸ਼ਾਨ ਹੈ ਮਾਂ ਬੋਲੀ ਪੰਜਾਬੀਆਂ ਦੀ ਆਨ ਹੈ ਮਾਂ ਬੋਲੀ।
ਦਿਲਾਂ 'ਚ ਵਸਦੀ ਏ ਪਿੰਡ 'ਚ ਹੱਸਦੀ ਏ ਚਲਦੀ ਚਾਲ ਨਵਾਬੀ ਏ।।

ਪੈਂਤੀ ਅੱਖਰ ਇਸਦੇ ਗਹਿਣੇ ਸਦਾ ਰਹੇ ਇਹਨਾਂ ਨੂੰ ਪਹਿਨੇ।
ਹੋਰ ਕਿਸੇ ਤੇ ਅਸੀਂ ਨਾ ਡੁਲ੍ਹਦੇ ਬੋਲ ਪੰਜਾਬੀ ਰੱਖਦੇ ਠਾਠ ਨਵਾਬੀ ਏ।।

ਇੱਕ ਕੁਝ ਲਫ਼ਜ਼ ਨਹੀਂ ਇਹ ਬੋਲੀ ਆ ਤੇਰੇ ਲਈ ਤੇ ਮੇਰੇ ਲਈ।
ਬਖਸ਼ੀ ਹੈ ਇਹ ਗੁਰਾਂ ਨੇ ਸਾਨੂੰ ਇਹ ਬੋਲੀ ਨਾ ਸਿਰਫ ਕਿਤਾਬੀ ਏ।।

ਕਰਾਂ ਤੈਨੂੰ ਸਿਜਦਾ ਮੈਂ ਮਾਂ ਬੋਲੀ ਖੁਸ਼ੀਆਂ ਦੇ ਨਾਲ ਭਰੀ ਰਹੇ ਝੋਲੀ।
ਪੰਜਾਬੀ ਮੰਨ ਨੂੰ ਮੋਹ ਲੈਂਦੀ ਏ ਜਦ ਵੱਜਦਾ ਏ ਕੀਰਤਨ ਰਬਾਬੀ ਏ।।

ਅਸਾਂ ਸੱਚੇ ਦਿਲੋਂ ਅਪਨਾਉਣੀ ਏ ਅੰਬਰ ਦੀ ਟੀਸੀ ਬਿਠਾਉਣੀ ਏ।
ਇਹ ਸਭਨਾਂ ਦਾ ਮਨ ਮੋਹੇ ਪੰਜਾਬੀ ਜਿਉਂ ਫੁੱਲਾਂ ਵਿਚ ਫੁੱਲ ਗੁਲਾਬੀ ਏ।।

ਮਾਂ ਬੋਲੀ ਦਾ ਕਰਜਾ ਆਪਾਂ ਚੁਕਾਉਣਾ ਏ ਇਹਨੂੰ ਹੱਕ ਦਿਵਾਉਣਾ ਏ।
ਠੰਡੀ ਸੀਤਲ ਬੋਲੀ ਇੱਦਾ ਜਿੰਦ ਨੂੰ ਠਾਰਦੀ ਏ ਜਿੱਦਾਂ ਹੋਵੇ ਨੀਰ ਚਨਾਬੀ ਏ।।

ਆਓ ਰਲ਼ ਕੇ ਸੌਹਾਂ ਖਾਈਏ ਛੱਡ ਮਾਂ ਨੂੰ ਕੱਲਿਆਂ ਨਾ ਹੋਰ ਪਾਸੇ ਜਾਈਏ।
ਭਾਂਵੇ ਵੱਸਿਆ ਪ੍ਰਦੇਸਾਂ ਮਾਂ ਬੋਲੀ ਨੂੰ ਭੁਲਿਆ ਫਿਰ ਕਾਹਦਾ ਉਹ ਹੈ ਪੰਜਾਬੀ ਏ।।

ਬੋਲਦੇ ਰਹੋ ਆਪਣੀ ਮਾਂ ਬੋਲੀ ਨੂੰ ਕਦੇ ਗੈਰ ਨਾ ਕਰਿਓਂ ਮਾਂ ਦੀ ਝੋਲੀ ਨੂੰ।
ਅਮਰ ਕਰਾਂਗੇ ਜੇ ਆਪਣੀ ਮਾਂ ਬੋਲੀ ਨੂੰ ਜਿੱਤ ਹਰ ਦੌੜ ਬਣਨਾ ਖਿਤਾਬੀ ਏ।।

**—ਗੁਰਿੰਦਰ ਗਿੱਲ**



# ਸਾਉਣ ਮਹੀਨਾ ਆਇਆ

ਕਾਲੇ ਬਾਦਲ ਜੇਠ ਹਾੜ੍ਹ ਦੀ ਗਰਮੀ ਪਿੱਛੋਂ,
ਵੇਖ ਅੱਜ ਮੁੜਕੇ ਫੇਰ ਪਿੰਡ ਨੂੰ ਨੇ ਔੜੇ।
ਵੇਖ ਇਹਨਾਂ ਨੂੰ ਯਾਦ ਸਮੁੰਦਰ ਪਈ ਜਾਗੇ,
ਛੱਡ ਸਿਆਪੇ ਸਾਰੇ ਆ ਪਾ ਵਤਨਾਂ ਨੂੰ ਮੋੜੇ।।

ਦਿਲ ਦੇ ਜ਼ਖ਼ਮਾਂ ਦੇ ਸ਼ੀਸ਼ੇ ਮਾਰਨ ਚਮਕਾਂ,
ਸਾਹਵਾਂ ਨੂੰ ਮੈਂ ਰੋਕ ਲਿਆ ਏ ਰਹਿ ਗਏ ਨੇ ਥੋੜੇ।
ਦਿਲ ਦਾ ਮੁਆਮਲਾ ਹੈ ਇਹਨੂੰ ਨਾ ਤੂੰ ਟਾਲ਼,
ਰੋਂਦੇ ਛੱਡ ਕੇ ਤੁਰ ਗਿਆ ਮੈਂ ਤਾਂ ਹੱਥ ਵੀ ਸਨ ਜੋੜੇ।।

ਤੇਰੀ ਬੇਪਰਵਾਹੀ ਨੇ ਦਿਲ ਟੁਕੜੇ ਟੁਕੜੇ ਕੀਤਾ,
ਇਸ਼ਕ ਦਾ ਦਰਦ ਅਵੱਲਾ ਜਿਵੇਂ ਕਪੜਾ ਕੋਈ ਨਚੋੜੇ।
ਜੀਵੇ ਜਾਗੇ ਸਾਰੀ ਦੁਨੀਆਂ ਪਰ ਮੇਰੇ ਕਿਸ ਕੰਮ ਦੀ,
ਮੇਰਾ ਤਾਂ ਇਕ ਤੂਹੀਉਂ ਆ ਫਿਰ ਵੀ ਦਿਲ ਮੇਰਾ ਤੂੰ ਤੋੜੇ।।

ਪੱਥਰ ਦਿਲ ਨਾਲ ਕਿਸੇ ਦਾ ਤੂੰ ਵਾਹ ਨਾ ਪਾਵੀਂ ਰੱਬਾ,
ਨਹੀਓਂ ਗੂੜ੍ਹੀ ਹੁੰਦੀ ਮੁਹੱਬਤ ਜਦੋਂ ਪੈ ਜਾਂਦੇ ਨੇ ਵਿਛੋੜੇ।
ਨਾਲ ਮਹਿੰਦੀ ਦੇ ਨਾਮ ਤੇਰਾ ਮੈਂ ਸਾਂ ਲਿਖਦੀ ਰਹਿੰਦੀ,
ਅੱਜ ਨਾਲ ਲਹੂ ਦੇ ਲਿਖਾਂ ਸ਼ਾਇਦ ਰਬ ਮੁੜ ਸਾਨੂੰ ਜੋੜੇ।।

ਇਸ਼ਕ ਸਮੁੰਦਰ ਬਾਹਲਾ ਡੂੰਘਾ ਸੋਚ ਸਮਝ ਕੇ ਉਤਰੀਂ,
ਉੱਘ ਸੁੱਘ ਫਿਰ ਕਦੇ ਨਾ ਲੱਭਦੀ ਕਿੰਨੇ ਆਸ਼ਿਕ ਨੇ ਰੋੜ੍ਹੇ।
ਅੰਤਮ ਧਾਹਾਂ ਤਕ ਨਫਰਤ ਕਰਦੇ ਨੇ ਟੁੱਟੇ ਦਿਲਾਂ ਵਾਲੇ,
ਉੱਠ ਗਏ ਜਨਾਜ਼ੇ ਮਸ਼ੂਕਾਂ ਸੇ ਆਸ਼ਿਕ ਫਿਰ ਵੀ ਨਾ ਬਹੁੜੇ।।

**—ਗੁਰਿੰਦਰ ਗਿੱਲ**

# ਕਰੋ ਪਿਆਰ ਕਰਨ ਵਾਲਾ ਜੇ ਲੱਭੇ

ਬੰਦਾ ਦੁਨੀਆਦਾਰੀ ਵਿਚ ਪੈ ਕੇ, ਆਪਣਾ ਫਾਇਦਾ ਈ ਸਦਾ ਲੱਭੇ
ਲੱਖਾਂ ਦੇ ਚੱਕਰਾਂ ਵਿਚ ਪੈ ਜਾਂਦਾ, ਜਦੋਂ ਹੋ ਜਾਵਣ ਨੱਬੇ ਹਜ਼ਾਰ ਨੱਬੇ
ਆਪ ਵੀ ਨਾ ਖੇਡੋ ਤੇ ਦੂਜੇ ਨੂੰ ਵੀ ਖੇਡਣ ਦੇਵੇ, ਜੇ ਵੇਖੇ ਮਾਤ ਆ ਹੁੰਦੀ
ਜਿੱਤਣ ਲਈ ਕਰਦਾ ਆ ਵਾਧੂ ਚਲਾਕੀਆਂ, ਫੇਰ ਨਾ ਵੇਖੇ ਸੱਜੇ ਖੱਬੇ

ਸੁੰਦਰਤਾ ਰੂਪ ਜਵਾਨੀ ਤੇ ਜੋਬਨ, ਕਦੇ ਮੂੰਹ ਧੋਇਆਂ ਨਾ ਲਹਿੰਦੇ
ਸੋਹਣ ਪੁਣੇ ਨੂੰ ਰੇਸ਼ਮ ਦੀ ਲੋੜ ਨਾ ਪੈਂਦੀ, ਓਹਨੂੰ ਪਾਇਆ ਖੱਦਰ ਵੀ ਫੱਬੇ
ਚਾਰ ਚੁਫੇਰੇ ਮਚੀ ਹਫੜਾ ਦਫੜੀ ਹੈ, ਕੋਈ ਸਿਧਾ ਰਾਹ ਵੀ ਨਾ ਦਿੱਸੇ
ਸੁਪਨਿਆਂ ਦਾ ਮਲਬਾ ਖਿਲਰਿਆ ਪਿਆ ਏ, ਉਹ ਆਪਣਾ ਨਾ ਲੱਭੇ

ਜਿਹੜੇ ਖਾਵਣ ਮੱਖਣ ਨਾਲ ਪ੍ਰਾਉਂਠੇ, ਤੇ ਪੀਵਣ ਦੁੱਧ ਮਲਾਈ ਤੇ ਲੱਸੀਆਂ
ਪਵੇ ਫ਼ਰਕ ਨਾ ਕੋਈ, ਫਰਕ ਪੈਂਦਾ ਜਿਹਨਾਂ ਨੇ ਸਦਾ ਕੱਚੇ ਛੋਲੇ ਆ ਚੱਬੇ
ਹਰ ਪੱਖ ਨੂੰ ਸਾਬਤ ਕਰਨ ਲਈ ਜਗ ਵਿਚ ਬਣੀਆਂ ਨੇ ਕਈ ਦਲੀਲਾਂ
ਮੰਜੀ ਉਤੇ ਸਿਰ ਭਾਂਵੇ ਕਿਧਰੇ ਵੀ ਕਰ ਲਓ, ਸਦਾ ਲੱਕ ਆਉਂਦਾ ਏ ਗੱਭੇ

ਪਰ ਦਲੀਲਾਂ ਨਾਲ਼ ਕੀ ਹੁੰਦਾ ਹੈ, ਸੱਚ ਤੇ ਹਮੇਸ਼ਾਂ ਸੱਚ ਹੀ ਰਹਿੰਦਾ ਹੈ
ਪਰੇਮ ਨਗਰ ਦੇ ਕਾਇਦੇ ਵੱਖਰੇ, ਕਰੋ ਪਿਆਰ ਕਰਨ ਵਾਲਾ ਜੇ ਲੱਭੇ
ਫ਼ਕੀਰ ਦੇ ਦਰਦਾਂ ਦੀ ਤਸਵੀਰ ਬਣੀ, ਮੱਥੇ ਤੇ ਡੂੰਘੀ ਇੱਕ ਲਕੀਰ ਬਣੀ
ਮਜਬੂਰੀ ਦੇ ਮਾਰੇ ਲੋਕਾਂ ਨੇ, ਦੁਨੀਆਂ ਤੋਂ ਹਾਰੇ ਲੋਕਾਂ ਨੇ ਅੱਕ ਵੀ ਨੇ ਚੱਬੇ

**—ਗੁਰਿੰਦਰ ਗਿੱਲ**



# ਪੰਜਾਬੀ ਗ਼ਜ਼ਲਾਂ

ਪ੍ਰਛਾਂਵੇਂ ਨੂੰ ਬਣਾ ਸਾਥੀ ਆਪਣਾ, ਲੋਕਾਂ ਤੇ ਹਕ ਜਤਾਉਣਾ ਛੱਡ ਦੇ,
ਮੰਜ਼ਿਲ ਤੇ ਲਗਾ ਕੇ ਰੱਖ ਅੱਖ ਆਪਣੀ, ਪਿੱਛੇ ਮੁੜ ਦੇਖਣਾ ਛੱਡ ਦੇ।
ਸ਼ਬਦ ਵਾਲਾ ਨੁਕਤਾ ਹੈ ਸਮਝਾ ਦਿੱਤਾ।।

ਸੀਨੇ ਲਗੇ ਫੱਟਾਂ ਮੈਨੂੰ ਇਹਸਾਸ ਰੂਹਾਨੀਅਤ ਦਾ ਕਰਾ ਦਿੱਤਾ,
ਖਾਦੀਆਂ ਡੂੰਗੀਆਂ ਸੱਟਾਂ ਨੇ ਪਾਠ ਇਨਸਾਨੀਅਤ ਦਾ ਪੜ੍ਹਾ ਦਿੱਤਾ।
ਜਦ ਨਿਕਲੀ ਲੱਭਣ ਚਿਰਾਂ ਤੋਂ ਗੁਆਚੀ ਹੋਈ ਆਪਣੀ ਰੂਹ ਨੂੰ ਮੈਂ,
ਫਿਰ ਜ਼ਿੰਦਗੀ ਦਾ ਅਰਥ ਮੌਤ ਨੇ ਮਲੋ ਮਲੀ ਮੈਨੂੰ ਸਮਝਾ ਦਿੱਤਾ।।

ਰਾਗ ਤੋਂ ਵੈਰਾਗ ਤਕ ਘੁੱਪ ਅੰਧੇਰ ਤੋਂ ਉਸ ਧੁਨ ਅਨਾਹਦ ਤਕ,
ਮੇਰੇ ਮਹਿਰਮ ਨੇ ਰੂਹ ਮੇਰੀ ਨੂੰ ਧੁਰ ਉਸ ਰੂਹ ਨੇ ਨਾਲ ਮਿਲਾ ਦਿੱਤਾ।
ਖ਼ੁਦਾ ਨੇ ਮੈਨੂੰ ਖੁਦ ਕੋਲ ਬੁਲਾਇਆ ਏ ਮੇਰੀ ਸੁਤੀ ਰੂਹ ਨੂੰ ਜਗਾਇਆ ਏ,
ਫਿਰ ਸਤਰੰਗੀ ਉਸ ਕੁਦਰਤੀ ਪੀਂਘ ਵਾਲਾ ਰੰਗ ਰੂਹ ਤੇ ਚੜ੍ਹਾ ਦਿੱਤਾ।।

ਕੁਛ ਟਿਕਟਿਕੀ ਲਾ ਕੇ ਸਾਜ਼ ਵੇਹੰਦੇ ਰਹਿ ਗਏ ਕੁਛ ਰਾਗ ਵੇਹੰਦੇ ਰਹਿ ਗਏ,
ਕੋਈ ਪਹਿਚਾਣਦਾ ਨਹੀਂ ਰਾਗ ਰੂਹਾਂ ਉਤੇ ਕਦੋਂ ਕਿਵੇਂ ਰੱਬ ਨੇ ਲਾ ਦਿੱਤਾ।
ਸੂਰਤ ਆ ਜੱਗ ਵਿਚ ਭਟਕ ਗਈ ਕਿਥੇ ਸੀ ਤੇ ਕਿਥੇ ਆ ਲਟਕ ਗਈ,
ਕੁਛ ਸਮਝਣ ਵਾਲੇ ਸਮਝਦੇ ਨੇ ਬਾਬੇ ਨੇ ਸ਼ਬਦ ਵਾਲਾ ਨੁਕਤਾ ਹੈ ਸਮਝਾ ਦਿੱਤਾ।।

ਢਹਿ ਪੈਂਦੇ ਨੇ ਪੈਰੀਂ ਪੈ ਜਾਂਦੇ ਨੇ ਜੋ ਸਮਝ ਜਾਂਦੇ ਨੇ ਕਰਮਾਂ ਦੀ ਕੀਤੀ ਨੂੰ,
ਲੈ ਪਾਤਾਲ ਤੋਂ ਅਕਾਸ਼ ਤੀਕਣ ਬਾਬੇ ਨੇ ਅਨਹਦ ਸ਼ਬਦ ਦੀ ਗੂੰਜ ਸੁਣਾ ਦਿੱਤਾ।
ਮਹਿਕ ਬਾਣੀ ਦੀ ਰਹੇ ਗੂੰਜਦੀ ਸਦਾ ਕੋਈ ਰਹਿ ਜਾਏ ਨ ਵਾਂਝਾ ਇਸ ਤੋਂ ਬਿਨਾ,
ਫ਼ਲਸਫ਼ਾ ਰੂਹ ਨੂੰ ਧੁਰ ਰੂਹ ਨਾਲ ਮਿਲਾਉਣ ਦਾ ਬਾਬੇ ਨੇ ਅੰਦਰ ਬਿਠਾ ਦਿੱਤਾ।।

ਭਟਕਦੀਆਂ ਰੂਹਾਂ ਨੂੰ ਸਮਝਾਉਣ ਖਾਤਿਰ ਬਾਬਾ ਭੇਸ ਬਾਦਲ ਕੇ ਹੈ ਆ ਜਾਂਦਾ,
ਸੁਨਣ ਵੇਖਣ ਦੀ ਦੇ ਸ਼ਕਤੀ ਭੁਲੀਆਂ ਰੂਹਾਂ ਨੂੰ ਬਾਬੇ ਨੇ ਸਿੱਧੇ ਰਸਤੇ ਹੈ ਪਾ ਦਿੱਤਾ।
ਐਂਵੇ ਫਸੇ ਬੈਠੇ ਸੀ ਇਸ ਜੱਗ ਅੰਦਰ ਨਾ ਜਿਉਣ ਦਾ ਢੰਗ ਸੀ ਨਾ ਇਬਾਦਤ ਦਾ,
ਬਾਬੇ ਨੇ ਆਪਣੇ ਲੜ ਲਾ ਜਿਉਣ ਦਾ ਢੰਗ ਸਿਖਾ ਦਿੱਤਾ ਰੱਬ ਨਾਲ ਮਿਲਾ ਦਿੱਤਾ।।

**—ਗੁਰਿੰਦਰ ਗਿੱਲ**

# ਮੈਂ ਮੈਂ ਨਹੀਂ ਤੂੰ ਤੂੰ ਦਾ ਰਾਗ ਤੂੰ ਗਾਇਆ ਕਰ

ਕਦੇ ਆਪਣੇ ਅੰਦਰ ਵੀ ਤਾਂ ਤੂੰ ਝਾਤੀ ਪਾਇਆ ਕਰ
ਵੇਖ ਅੰਧੇਰਾ ਗਹਿਰਾ ਅੰਦਰ ਨਾ ਤੂੰ ਡਰੀ ਜਾਇਆ ਕਰ
ਕਿਓਂ ਸੁਣਦਾ ਨਹੀਂ ਕਦੇ ਆਪਣੇ ਅੰਦਰ ਦੀ ਸੁਣਿਆ ਕਰ
ਕਦੇ ਉਸਨੂੰ ਆਪਣਾ ਦਿਲ ਦਾ ਹਾਲ ਵੀ ਸੁਣਾਇਆ ਕਰ

ਉਹ ਮੰਨ ਜਾਂਦਾ ਆ ਮੰਨ ਜਾਏਗਾ ਤੂੰ ਕੁਛ ਕਹਿ ਤੇ ਸਹੀ
ਨਾ ਰਹਿ ਦੂਰ ਦੂਰ ਤੂੰ ਓਹਦੇ ਕੋਲ ਵੀ ਤੂੰ ਬਹਿ ਜਾਇਆ ਕਰ
ਇਹ ਬਾਹਰ ਦੇ ਰੌਲੇ ਰਪੈ ਲੜਾਈ ਝਗੜੇ ਕਦੇ ਮੁਕਣੇ ਨੀ
ਜਿੰਦ ਮੁੱਕ ਜੁ ਮੁੱਕ ਜਾਣਗੇ ਐਂਵੇ ਨਾ ਤੂੰ ਘਬਰਾਇਆ ਕਰ

ਬਾਹਰ ਰਹਿਣਾ ਸੌਖਾ ਨੀ ਅੰਦਰ ਜਾਣਾ ਵੀ ਔਖਾ ਨਹੀਂ
ਤੂੰ ਜਾਇਆ ਕਰ ਕਦੇ ਅੰਦਰ ਦੀ ਝਿੜਕਾਂ ਵੀ ਤੂੰ ਖਾਇਆ ਕਰ
ਪਿੰਡ ਤੇਰਾ ਓਨਾ ਚਿਰ ਛੁਟਣਾ ਨਹੀਂ ਧੱਕਿਆਂ ਮੁਕਣਾ ਨਹੀਂ
ਜਦ ਤਕ ਰਾਗ ਅੰਦਰ ਛਿੜਦਾ ਨਹੀਂ ਤੂੰ ਅੰਦਰ ਬਿਰਤੀ ਲਾਇਆ ਕਰ

ਇਹ ਮੈਂ ਮੈਂ ਦਾ ਫੰਦਾ ਕਟੇਗਾ ਜਦ ਰਾਗ ਇਸ਼ਕ ਦਾ ਵਜੇਗਾ
ਕਦੀ ਬੈਠ ਇੱਕਲੇ ਮੈਂ ਮੈਂ ਨਹੀਂ ਤੂੰ ਤੂੰ ਦਾ ਰਾਗ ਤੂੰ ਗਾਇਆ ਕਰ
ਐਂਵੇ ਝਗੜੇ ਝੇੜੇ ਵਧਾਈ ਬੈਠੇ ਨੇ ਚੋਰ ਸਾਧੂ ਦਾ ਬਾਣਾ ਪਾਈ ਬੈਠੇ ਨੇ
ਤੂੰ ਐਂਵੇ ਈ ਇਹਨਾਂ ਬਾਬੇ ਪਾਖੰਡੀਆਂ ਦੇ ਟੇਟੇ ਨਾ ਚੜ ਜਾਇਆ ਕਰ

ਇਥੇ ਹੱਥ ਆਇਆ ਏ ਸਬ ਚੋਰਾਂ ਦੇ ਜੋ ਖਾਵਣ ਹੱਕ ਹੋਰਾਂ ਦੇ
ਤੂੰ ਸੱਜਣ ਜਿਹੇ ਠਗਾਂ ਤੋਂ ਦੂਰ ਜਾਇਆ ਕਰ ਹੱਥ ਨਾ ਆਇਆ ਕਰ
ਇੱਕੋ ਇੱਕ ਤੇਰਾ ਉਹ ਵਾਲੀ ਏ ਜੱਗ ਨਾਲ ਤਾਂ ਐਂਵੇ ਸਾਂਝ ਭਿਆਲੀ ਏ
ਉਹ ਸਬ ਦੇ ਅੰਦਰ ਝਾਂਕਦਾ ਏ ਤੂੰ ਨਾਲ ਪਾਪ ਨਾ ਸਾਂਝ ਭਿਆਲੀ ਪਾਇਆ ਕਰ

ਐਵੇ ਬਾਹਰ ਤੱਕਣ ਦੀ ਲੋੜ ਨਹੀਂ ਤੂੰ ਅੰਦਰ ਝਾਤੀ ਪਾਇਆ ਕਰ
ਜੇ ਇਸ਼ਕ ਓਹਦਾ ਤੂੰ ਚਾਹੁੰਦਾ ਏ ਤੂੰ ਸਾਂਝ ਪਿਆਰ ਦੀ ਪਾਇਆ ਕਰ
ਉਹ ਬਖਸ਼ ਦੇਂਦਾ ਆ ਗੁਨਾਹ ਸਾਰੇ ਉਹ ਡੁਬਦਿਆਂ ਨੂੰ ਵੀ ਸਦਾ ਤਾਰੇ
ਤੂੰ ਭੁਖਿਆਂ ਨੂੰ ਰਜਾਇਆ ਕਰ ਉਸਦੇ ਤਾਰ ਨਾਲ ਤਾਰ ਮਿਲਾਇਆ ਕਰ

—ਗੁਰਿੰਦਰ ਗਿੱਲ



# ਇਸ਼ਕ ਨੂੰ ਦਾਗ਼ ਨਹੀਂਓ ਲਾਈਦਾ

ਪਿਆਰ ਕਰੇ ਜੇ ਕੋਈ ਓਹਨੂੰ ਧੋਖਾ ਨਹੀਂ ਦੇਈਦਾ
ਕਿਸੇ ਨੂੰ ਗ਼ਮ ਹੰਝੂਆਂ ਦਾ ਤੋਹਫ਼ਾ ਨਹੀਂ ਦੇਈਦਾ
ਜੋ ਬਿਨਾ ਸਵਾਰਥ ਤੈਨੂੰ ਕੋਈ ਚਾਹਵੇ ਤਹ ਦਿਲ ਤੋਂ
ਚਾਹਵੀਂ ਤੂੰ ਵੀ, ਕਿਸੀ ਨੂੰ ਕੋਸਣ ਦਾ ਮੌਕਾ ਨਹੀਂ ਦੇਈਦਾ

ਪੜਦੇ ਪੜਦੇ ਕਿਤਾਬ ਵਿਚ ਜਿਕਰ ਜੇ ਉਸਦਾ ਆ ਜਾਵੇ
ਫੇਰ ਓਹਨੂੰ ਚੁੰਮ ਲਾਈਦਾ ਏ ਨਾਮ ਨਹੀਂ ਮਿਟਾਇਦਾ
ਰੱਬੀ ਦਾਤ ਆ ਪਿਆਰ ਵਾਲੀ ਰਾਖੀ ਦਾ ਏ ਭਰੋਸਾ ਉਤੇ
ਪਿਆਰ ਵਿਚ ਧੋਖਾ ਦੇ ਕੇ ਕਦੇ ਪੈਸੇ ਨਹੀਓ ਕਮਾਈਦਾ

ਦੋ ਬੋਲਾਂ ਦੀ ਸਾਂਝ ਪਾਕੇ ਦੁੱਖ ਗ਼ਮ ਤੇਰੇ ਜੋ ਕਰ ਲਾਵੇ ਸਾਂਝੇ
ਸੱਜਣਾ ਉਸ ਦਿਲ ਨਾਲ ਫੇਰ ਕਦੇ ਦਗ਼ਾ ਨਹੀਂ ਕਮਾਈਦਾ
ਮਨ ਦੇ ਰਿਸ਼ਤੇ ਹੁੰਦੇ ਆ ਪਾਕ ਪਵਿੱਤਰ ਕੁਝ ਸ਼ੀਸ਼ੇ ਵਰਗੇ
ਸਾਹਾਂ ਦੀ ਤੰਦ ਫੜ ਕੇ ਰੱਖੀ ਦੀ ਆ ਇਸ਼ਕ ਨੂੰ ਦਾਗ਼ ਨਹੀਂਓ ਲਾਈਦਾ

ਪਿਆਰ ਕਰੀਏ ਤਾਂ ਏਕੋ ਨਾਲ ਗੰਢ ਮਾਰੀਏ ਪਿਆਰਾਂ ਦੀ
ਯਾਰ ਨੂੰ ਫਿਰ ਰਾਜ਼ੀ ਰੱਖੀਏ ਐਂਵੇ ਥਾਂ ਥਾਂ ਦਿਲ ਨਹੀਂ ਵਟਾਈਦਾ
ਯਾਰ ਪ੍ਰਖਣੇ ਕਿਹੜੇ ਔਖੇ ਆ ਗੱਲ ਗੱਲ ਤੇ ਪ੍ਰਖਣੇ ਵੀ ਨ ਸੌਖੇ ਆ
ਔਖੇ ਘੜੀ ਤੇ ਯਾਰ ਪਰਖੀਏ ਗੱਲ ਗੱਲ ਤੇ ਯਾਰ ਨਹੀਂ ਅਜ਼ਮਾਇਦਾ

ਜ਼ਿੰਦਗੀ ਅਕਸਰ ਧੋਖਾ ਦੇਂਦੀ ਏ ਮੰਨਿਆ ਬੇਵਫਾ ਵੀ ਹੁੰਦੀ ਏ
ਮੌਤ ਵਫਾ ਨਿੱਭਾਉਂਦੀ ਏ ਤੇ ਵੀ ਕਦੇ ਮੌਤ ਨੂੰ ਨਹੀਂ ਅਜ਼ਮਾਇਦਾ
ਇਕ ਧੋਖਾ ਈ ਹੈ ਜੋ ਸ਼ੁੱਧ ਮਿਲਦਾ ਏ ਬਾਕੀ ਤਾਂ ਸਬ ਮਿਲਾਵਟੀ ਏ
ਜੇ ਮਿਲ ਜਾਵੇ ਸੱਚਾ ਇਸ਼ਕ ਕਿਧਰੇ ਫਿਰ ਓਹਨੂੰ ਬਹੁਤਾ ਨਹੀਂ ਸਤਾਈਦਾ

ਪੂਜ ਲੋ ਕਬਰਾਂ ਚਾਹੇ ਜਿੰਨੀਆਂ ਨਾ ਕੁਛ ਹਾਸਿਲ ਹੋਇਆ ਨਾ ਹੋਣਾ ਏ
ਪਾਉਣੀਆਂ ਚਾਹੋ ਰੱਬੀ ਨਿਆਮਤਾਂ ਫੇਰ ਗੁਰੂ ਘਰ ਤੋਂ ਹੀ ਹੈ ਪਾਇਦਾ

—ਗੁਰਿੰਦਰ ਗਿੱਲ

# ਝੂਠ ਫਰੇਬ ਨੂੰ ਲੜ ਲਾਕੇ

ਝੂਠ ਫਰੇਬ ਨੂੰ ਲੜ ਲਾਕੇ ਬੈਠਾ ਹੋਇਆ ਜਿਹੜਾ ਪੂਰ ਆ,
ਸਮਝਦੇ ਸੱਚ ਬੋਲਣਾ ਇਕ ਬਹੁਤ ਵੱਡਾ ਕਸੂਰ ਆ।
ਪੱਲਾ ਸੱਚ ਦਾ ਫੜਦੇ ਨਹੀਂ ਸੱਚ ਨਾਲ ਖੜਦੇ ਨਹੀਂ,
ਸੋਚਣ ਦੀ ਸ਼ਕਤੀ ਗੁਆ ਲੈਂਦੇ ਰਹਿੰਦੇ ਵਿਚ ਗੁਰੂਰ ਆ।।

ਜੇ ਝੁਕ ਜਾਓ ਇੰਨਾ ਬੰਦਿਆਂ ਅੱਗੇ ਏ ਰੱਬ ਹੋ ਜਾਂਦੇ ਨੇ,
ਚੰਗਾ ਨੀ ਹੁੰਦਾ ਇੰਨਾ ਵੱਡੇ ਹੋਣਾ ਤੇ ਹੋ ਜਾਣਾ ਮਗਰੂਰ ਆ।
ਜਿਹੜੇ ਦਾਤੇ ਬਾਣੀ ਫਿਰਦੇ ਨੇ ਦਰਅਸਲ ਭਿਖਾਰੀ ਨੇ,
ਚੋਰ ਨੇ ਅਵੱਲ ਦਰਜੇ ਦੇ ਫਿਰਦੇ ਹਰ ਥਾਂ ਹੋਏ ਮਸ਼ਹੂਰ ਆ।।

ਭਗਵੇਂ ਪਾਕੇ ਫਿਰਦੇ ਵਪਾਰੀ ਆਪ ਨੂੰ ਸਾਧ ਅਖਵਾਉਂਦੇ ਨੇ,
ਓਹਨਾ ਤਾਂਈ ਲੋਕੀਂ ਮੱਥਾ ਟੇਕਣ ਹੋਏ ਫਿਰਦੇ ਮਖਮੂਰ ਆ।
ਕੁਝ ਕਰਦੇ ਦਾਅਵਾ ਜੱਗ ਸੁਧਾਰਨ ਦਾ ਰੱਬ ਵੱਲ ਲਾਵਣ ਦਾ,
ਉਹ ਕਿਸੇ ਨੂੰ ਤਾਰਦੇ ਨੀ ਖੁੱਦ ਡੁੱਬਦੇ ਡੁਬਾਉਂਦੇ ਵੀ ਜਰੂਰ ਆ।।

ਦਰਬਾਰੇ ਜੋ ਫੈਂਸਲਾ ਕਰਦੇ ਬਾਹਰ ਰੁਤਬਿਆਂ ਨੂੰ ਸਲਾਮੀਆਂ ਦੇਂਦੇ,
ਕਾਹਦੇ ਉਹ ਕਾਜ਼ੀ ਆ ਦੱਸ ਪੱਲੇ ਓਹਨਾ ਦੇ ਕੀ ਦਸਤੂਰ ਆ।
ਇਹ ਸਾਰੇ ਕਾਤਿਲ ਰੱਬ ਦੇ ਈਸਾ ਮਸੀਹ ਨੂੰ ਵੀ ਸੂਲੀ ਟੰਗਦੇ,
ਅੱਜਕਲ੍ਹ ਲਾਲ ਬਤੀਆਂ ਵਿਚ ਚੜ੍ਹਕੇ ਬਣੇ ਬੈਠੇ ਵੱਡੇ ਹੁਜ਼ੂਰ ਆ।।

—**ਗੁਰਿੰਦਰ ਗਿੱਲ**



# ਜਾ ਬੈਠੇ ਨੇ ਡੇਰੇ ਲੋਕ

ਅਕਲ ਦਾ ਘੜਾ ਖਾਲੀ ਕਰ ਜਾ ਬੈਠੇ ਨੇ ਡੇਰੇ ਲੋਕ,
ਰਬ ਦੀ ਬਿਰਤੀ ਛੱਡ ਭਾਲਣ ਬਾਬੇ ਚਾਰ ਚੁਫੇਰੇ ਲੋਕ।
ਦਿਲ ਨਿਖੱਤਾ ਕਦੇ ਇੰਨਾ ਦਾ ਭਟਕਣੋਂ ਨਹੀਓਂ ਹੱਟਦਾ,
ਛੱਡ ਧਿਆਉਣਾ ਰੱਬ ਨੂੰ ਜਾਵਣ ਬੁੱਤਖਾਣੇ ਦੇਰ ਸਵੇਰੇ ਲੋਕ।।

ਕਬਰਾਂ ਉੱਤੇ ਮੇਲੇ ਲਾਵਣ ਆਉਣ ਘੱਤ ਘੱਤ ਵਹੀਰਾਂ,
ਬਾਬਿਆਂ ਦੇ ਆਪੇ ਦੁਆਲੇ ਬਹਿਣ ਘੱਤ ਘੱਤ ਘੇਰੇ ਲੋਕ।
ਕਦੇ ਇਥੇ ਕੱਠਾ ਨਾ ਹੋਵੇ ਖਲਵਾੜਾ ਅਕਲ ਦਾ,
ਬਿਨਾ ਅਕਲ ਦੇ ਫਿਰਦੇ ਨੇ ਬਾਬਾ ਅੱਜ ਕਲ ਤੇਰੇ ਲੋਕ।।

ਸ਼ਬਦ ਤੇਰੇ ਤਾਂ ਹੁਣ ਬਹੁਤ ਪਿੱਛੇ ਰਹਿ ਗਏ ਨੇ,
ਸ਼ਬਦਾਂ ਦੀ ਲੌ ਨੂੰ ਭੁਲਕੇ ਬੈਠੇ ਨੇ ਵਿਚ ਹਨੇਰੇ ਲੋਕ।
ਭੇਦ ਮਜ਼ਹਬ ਜ਼ੁਬਾਨਾਂ ਦਾ ਤੂੰ ਮਾਰ ਮੁਕਾਇਆ ਸੀ,
ਫਿਰ ਪਿਛੇ ਨੂੰ ਮੁੜ ਗਏ ਨੇ ਬਾਬਾ ਇਹ ਤੇਰੇ ਸਾਰੇ ਲੋਕ।।

ਕਲਮਾ ਕਲ ਕਲ ਕਰਦਾ ਏ ਝਰਨਾ ਵਗਦਾ ਏ,
ਅੰਦਰ ਝਾਤੀ ਨਾ ਮਾਰੇ ਲੱਭਦੇ ਬਾਹਰ ਸਾਰੇ ਲੋਕ।।
ਬਾਬਾ ਤੇਰੇ ਬਾਝੋਂ ਦੁਨੀਆਂ ਦੇ ਸਭ ਰੰਗ ਫਿੱਕੇ ਪੈ ਗਏ ਨੇ,
ਤੂੰ ਤੂੰ ਕਰਕੇ ਜਿੱਤੇ ਨਾ ਕੋਈ ਮੈਂ ਮੈਂ ਕਰਕੇ ਸਬ ਹਾਰੇ ਲੋਕ।।

ਵੇਦ ਪੁਰਾਨ ਕੁਰਾਨ ਪੜ੍ਹ ਪੜ੍ਹ ਥੱਕੇ ਮਥ੍ਹੇ ਟੇਕ ਕੇ ਥੱਕੇ,
ਨਾ ਰੱਬ ਮੱਕੇ ਨਾ ਕਾਸ਼ੀ ਸਮਝਣ ਨਾ ਮੂਰਖ ਬਥੇਰੇ ਲੋਕ।
ਜੇ ਕਲਮਾ ਇਸ਼ਕ ਦਾ ਪੜੀਏ ਵੱਜਦੇ ਨਾਦ ਹਜ਼ਾਰਾਂ ਸੁਣੀਏ,
ਇਸ਼ਕ ਦਾ ਲਾਂਬੂ ਸੀਨੇ ਨਾ ਬਾਲਨ ਨਫਰਤ ਦੇ ਮਾਰੇ ਲੋਕ।।

—**ਗੁਰਿੰਦਰ ਗਿੱਲ**

# ਮਿਲਦਾ ਓਹੀ ਜੋ ਹੁੰਦਾ ਲਿਖਿਆ ਵਿਚ ਕਰਮਾਂ

ਜੀ ਕਰਦਾ ਏ ਹੋਵੇ ਨਾਮ ਉੱਚਾ ਕਰਾਂ ਕੋਈ ਆਜਿਹਾ ਕਾਰਨਾਮਾ।
ਕਿਸੇ ਦੇ ਕਾਮ ਤਾਂ ਆਵੇ ਜਿਹੜਾ ਮਿਲਿਆ ਏ ਆ ਮਨੁੱਖੀ ਜਾਮਾ।।

ਲਿਖਾਂ ਅਜੇਹੀ ਕਿਤਾਬ ਕੋਈ ਵੇਹੜੇ ਹੋਵਣ ਰੌਣਕਾਂ ਛੱਤ ਤੇ ਖ਼ਾਬ ਕੋਈ।
ਨਾ ਕਿਸੇ ਨਾਲ ਨਾਰਾਜ਼ ਹੋਈਏ ਤੇ ਨਾ ਹੀ ਕਦੇ ਕਰੀਏ ਸਲਾਮਾਂ।।

ਅਸੀਂ ਆਪਣੀ ਜ਼ਾਤ ਵਿਖਾਲਣ ਬਦਲੇ ਹੈ ਪੇਚਾ ਰੱਬ ਨਾਲ ਪਾਇਆ।
ਜਦ ਜ਼ੋਰ ਇਸ਼ਕ ਨੇ ਪਾਇਆ ਦਿਨ ਰਾਤ ਅਸੀਂ ਪੜ੍ਹਨ ਲਗੇ ਕਲਾਮਾਂ।।

ਲਿਖਾਂ ਮੈਂ ਖੁਆਬਾਂ ਦੇ ਪੰਨਿਆਂ ਤੇ ਸਿਆਹੀ ਆ ਮੇਰੀ ਉਮੀਦਾਂ ਵਾਲੀ।
ਜ਼ਿੰਦਗੀ ਦੀਆਂ ਔਕੜਾਂ ਨਾਲ ਜੂਝਦੀ ਕਲਮ ਮੇਰੀ ਨੂੰ ਲੋਕ ਕਰਦੇ ਸਲਾਮਾਂ।।

ਜ਼ਿੰਦਗੀ ਲੰਮੀ ਨਹੀਂ ਹੁੰਦੀ ਲੱਗਦੀ ਏ ਮੌਕਾ ਮਿਲਣ ਤੇ ਬਸ ਠੱਗਦੀ ਏ।
ਗੁੱਡੀ ਚੜੇ ਅੰਬਰੀ ਤਾਂ ਲੋਕੀ ਸੜਦੇ ਆ ਮੱਥੇ ਲੱਗਣ ਤੇ ਠੋਕਦੇ ਸਲਾਮਾਂ।।

ਹੋਵੇ ਸੁਖ ਸ਼ਾਂਤੀ ਤਾਂ ਕੁੱਲੀ ਵੀ ਵੱਡੀ ਆ ਨਹੀਂ ਤਾਂ ਮਹਲ ਵੀ ਲੋਕ ਜਾਂਦੇ ਛੱਡੀ ਆ ।
ਮੂੰਹੋਂ ਮਿੱਠਾ ਦਿਲੋਂ ਖੋਟਾ ਤਾਂ ਲੋਕੀ ਮਾਰ ਦੇਂਦੇ ਚਾਹੇ ਹੋਵੇ ਸਿਕੰਦਰ ਭਾਂਵੇ ਓਸਾਮਾ।।

ਖਿੜੇ ਫੁੱਲ ਤੇ ਲੱਗਣ ਸੋਹਣੇ ਟਹਿਣੀ ਤੋਂ ਟੁੱਟ ਜਾਵਾਂ ਤਾਂ ਪਾਲ 'ਚ ਸੁੱਕ ਜਾਵਣ।
ਕੀ ਕਰਨਾ ਆ ਮਾਨ ਮਿੱਟੀ ਦੇ ਸਰੀਰ ਦਾ ਮੁਕ ਜਾਂਦਾ ਆ ਸਫਰ ਵਿਚ ਸ਼ਮਸ਼ਾਨਾ।।

ਕਿਓਂ ਕਿਵੇਂ ਤੇ ਕਾਸ਼ ਦਾ ਕੋਈ ਜਵਾਬ ਨਹੀਂ ਚੰਗੇ ਮਾੜੇ ਦਾ ਕੋਈ ਆਭਾਸ ਨਹੀਂ।
ਕੋਈ ਨਾ ਕਿਸਮਤ ਆਪ ਲਿਖਦਾ ਮਿਲਦਾ ਓਹੀ ਜੋ ਹੁੰਦਾ ਲਿਖਿਆ ਵਿਚ ਕਰਮਾਂ।।

**—ਗੁਰਿੰਦਰ ਗਿੱਲ**



# ਪੰਜਾਬ ਦੇ ਬਾਰੇ ਮੈਂ ਕੀ ਆਖਾਂ

ਬੈਠ ਵਿਚ ਪ੍ਰਦੇਸਾਂ ਜੂਝਦੇ ਪੰਜਾਬ ਦੇ ਬਾਰੇ ਮੈਂ ਕੀ ਆਖਾਂ,
ਮਾਨ ਰਿਹਾ ਜ਼ਿੰਦਗੀ ਨਸ਼ੇ 'ਚ ਰੁੱਝਿਆਂ ਬਾਰੇ ਮੈਂ ਕੀ ਆਖਾਂ।
ਕਦੇ ਧਰਤੀ ਸੀ ਪੰਜ ਆਬਾਂ ਦੀ ਕਹਿੰਦੇ ਸੀ ਪੰਜਾਬ ਇਹਨੂੰ,
ਪ੍ਰੀਤ ਦੀਆਂ ਪੀਡੀਆਂ ਗੰਢਾਂ ਕਿਤੇ ਮਿਲਣ ਨਾ ਮੈਂ ਕੀ ਆਖਾਂ।।

ਉਹ ਕੁੜੀਆਂ ਦੇ ਚਾਅ ਉਹ ਤ੍ਰਿੰਞਣਾਂ ਦੇ ਗੀਤ ਗਏ ਕਿੱਥੇ,
ਉਹ ਗੁਆਚੀਆਂ ਡੂੰਘੀ ਸ਼ਰਮਾਂ ਸ਼ਰਾਫ਼ਤਾਂ ਬਾਰੇ ਮੈਂ ਕੀ ਆਖਾਂ।
ਸਾਡੇ ਅਨਪੜ੍ਹਾਂ ਦੀਆਂ ਸਥਾਂ ਅਣਟੁੱਟ ਭਾਈਚਾਰਾ ਕਿੱਥੇ ਆ,
ਪਿਆਰ ਸਾਡਾ ਹੱਸ ਬੋਲਣਾ ਗੁਆਚ ਗਿਆ ਕਿੱਥੇ ਮੈਂ ਕੀ ਆਖਾਂ।।

ਕਿਥੇ ਸਾਲੂ ਬਾਗ਼ ਤੇ ਫੁਲਕਾਰੀਆਂ ਮਹਿੰਦੀ ਦਾ ਰੰਗ ਸੁਹਾਗ ਦਾ,
ਹੱਥ ਪੈਰ ਰੰਗੇ ਉਹ ਤਿੱਲੇਦਾਰ ਜੁੱਤੀਆਂ ਬਾਰੇ ਮੈਂ ਕੀ ਆਖਾਂ।
ਸਦੀਆਂ ਦੀ ਬੋਹੜ ਵੱਢੀ ਕੀਹਨੇ ਉਹ ਪੁਰਾਣਾ ਪਿੱਪਲ ਗਿਆ ਕਿੱਥੇ,
ਬਿਰਾਦਰੀਆਂ ਮਿਲ ਮਿਲ ਜੀਣਾ ਸਿਖਿਆ ਸੀ ਉਸ ਬਾਰੇ ਮੈਂ ਕੀ ਆਖਾਂ।।

ਉਹ ਮਿੱਠਤ ਕਿੱਥੇ ਉਹ ਬਾਹਾਂ ਦਾ ਮਾਣ ਜ਼ੋਰ ਸਾਰਾ ਗੁਆਚ ਗਿਆ ਕਿਥੇ,
ਨੂੰਹਾਂ ਧੀਆਂ ਦੀ ਉਹ ਲਿਹਾਜ਼ ਵਾਲੀ ਸਭਿਅਤਾ ਗਈ ਕਿੱਥੇ ਮੈਂ ਕੀ ਆਖਾਂ।
ਜਵਾਈਆਂ ਦੀ ਪੁਰਾਣੀ ਆਓ ਭਗਤ ਉਹ ਲਾਡ ਤੇ ਪਿਆਰ ਗਿਆ ਕਿਥੇ,
ਸਜ ਵਿਆਹੀਆਂ ਦਾ ਆਦਰ ਭਾ ਸ਼ਿੰਗਾਰ ਤੇ ਸੰਭਾਲ ਬਾਰੇ ਮੈਂ ਕੀ ਆਖਾਂ।।

ਹੁਣ ਕਮਰੇ ਵੱਖਰੇ ਆ ਕਦੇ ਸਬਾਤ 'ਚ ਦਾਦੀ ਕੋਲ ਬਾਤਾਂ ਵਾਲੇ ਜਵਾਬ ਹੁੰਦੇ ਸੀ,
ਸ਼ਗਨ ਮਨਾਵਣੇ ਢੋਲਕੀਆਂ ਦੇ ਗੀਤ ਰਾਤ ਭਰ ਗਾਵਣੇ ਬਾਰੇ ਮੈਂ ਕੀ ਆਖਾਂ।
ਕੋਈ ਦੱਸੇ ਤਾਂ ਸਹੀ ਕੀ ਹੋਇਆ ਕਿਸ ਲਈ ਅਸਾਂ ਇਹ ਸਭ ਕੁਝ ਹੈ ਖੋਇਆ,
ਕਿਓਂ ਦਿਲ ਸਾਡੇ ਸੱਖਣੇ ਆ ਕਿਓਂ ਲਾਟ ਬੁਝੀ ਪਿਆਰ ਵਾਲੀ ਮੈਂ ਕੀ ਆਖਾਂ।।

**—ਗੁਰਿੰਦਰ ਗਿੱਲ**

## ਮੈਨੂੰ ਯਰਾਨਿਆਂ ਤੋਂ ਚਿੜ ਆ

ਆਪਣੇ ਦਿਲ ਦੀ ਪੀੜ੍ਹ ਤੇ ਟੁਟੇ ਹੋਏ ਉਹ ਮੈਨੂੰ ਸੁਪਨਿਆਂ ਤੋਂ ਚਿੜ ਆ।
ਕਰ ਵਾਅਦੇ ਮੁਕਰ ਗਏ ਜੋ ਬਣੇ ਉਹ ਮੈਨੂੰ ਬਹਾਨਿਆਂ ਤੋਂ ਚਿੜ ਆ।।

ਕਦੇ ਮਿਲੀ ਸੀ ਬੂੰਦ ਤੇਰੇ ਇਸ਼ਕ ਦੀ ਉਹ ਬਣ ਗਈ ਕੁੜੱਤਣ ਕਿਵੇਂ।
ਫੁੱਲਾਂ ਦਿਤੇ ਜਿਹੜੇ ਜ਼ਖ਼ਮ ਦਿਲ ਵਾਲੇ ਉਹ ਮੈਨੂੰ ਰਿਸਦਿਆਂ ਤੋਂ ਚਿੜ ਆ।।

ਦਰਦ ਦਿਲ ਦੇ ਕੀਹਨੂੰ ਸੁਣਾਵਾਂ ਸਭ ਵੈਰੀ ਦਿਲਾਂ ਦੇ ਰੋਗੀ ਦੇ ਆ।
ਜੋ ਆਂਦਰਾਂ 'ਚ ਬਲਦੀ ਆ ਓਹਦੇ ਬਲਦੇ ਮੈਨੂੰ ਪਰਛਾਵਿਆਂ ਤੋਂ ਚਿੜ ਆ।।

ਲੱਭ ਹੀ ਲੈਂਦਾ ਆ ਮੈਨੂੰ ਕਿਸੀ ਨਾ ਕਿਸੀ ਬਹਾਨੇ ਦਰਦ ਮੇਰਾ ਭੇਤੀ।
ਵਾਕਿਫ ਹੋ ਗਿਆ ਏ ਜਿਹਨਾਂ ਤੋਂ ਮੈਨੂੰ ਉਹ ਠਿਕਾਣਿਆਂ ਤੋਂ ਚਿੜ ਆ।।

ਮੈਂ ਤਾਂ ਕਦੇ ਪਰਖਿਆ ਨਾ ਉਹ ਤੋਲਦਾ ਏ ਮੇਰੇ ਪਿਆਰ ਨੂੰ ਤਕੜੀ ਪਾ।
ਜੀ ਕਰਦਾ ਭੰਨ ਦਿਆਂ ਸਖ਼ਤ ਮੈਨੂੰ ਮੱਚਦੀ ਉਹ ਪੈਮਾਨਿਆਂ ਤੋਂ ਚਿੜ ਆ।।

ਕੀਹਨੂੰ ਪੁਛਣ ਕਿਓਂ ਲੱਗਦੀ ਆ ਸਬ ਨੂੰ ਤਲਬ ਫਿਰ ਇਸ ਇਸ਼ਕ ਦੀ।
ਜਦ ਸੌ ਬੁਰਾਈਆਂ ਨੇ ਵਿਚ ਇਸ਼ਕ ਦੇ ਮੈਨੂੰ ਉਹ ਬੁਰਾਈਆਂ ਤੋਂ ਚਿੜ ਆ।।

ਛੋਟੀ ਜਿਹੀ ਲਿਸਟ ਆ ਮੇਰੀ ਖੁਵਾਹਿਸ਼ਾਂ ਦੀ ਪਹਿਲੀ ਤੂੰ ਆਖ਼ਿਰੀ ਵੀ ਤੂੰ।
ਜੋ ਨਾ ਕਦੇ ਹੋਈਆਂ ਨਾ ਤੂੰ ਕੀਤੀਆਂ ਪੂਰੀਆਂ ਮੈਨੂੰ ਓਹ ਖੁਵਾਹਿਸ਼ਾਂ ਤੋਂ ਚਿੜ ਆ।।

ਜਿਸ ਰਿਸ਼ਤੇ  ਚ ਮੈਂ ਜਾਂ ਆ ਜਾਵੇ ਉਸਦੀ ਅਹਿਮੀਅਤ ਮੁੱਕ ਹੋ ਜਾਂਦੀ ਏ।
ਕਦੇ ਸੁਨ ਜੀ ਅਕਦਾ ਨਾ ਸੀ ਅੱਜ ਉਹ ਮੁਹੱਬਤ ਭਰੇ ਤਰਾਨਿਆਂ ਤੋਂ ਚਿੜ ਆ।।

ਨਾ ਯਾਰੀ ਵੱਡੀ ਨਾ ਪਿਆਰ ਵੱਡਾ ਜੋ ਨਿਭਾ ਜਾਵੇ ਉਹ ਇਨਸਾਨ ਵੱਡਾ ਆ।
ਸਾਡੀ ਟੁੱਟ ਗਈ ਯਾਰੀ ਹੁੰਦੀ ਨਫਰਤ ਵੀ ਮਾੜੀ ਮੈਨੂੰ ਯਰਾਨਿਆਂ ਤੋਂ ਚਿੜ ਆ।।

**—ਗੁਰਿੰਦਰ ਗਿੱਲ**



## ਮੈਂ ਮੁਸ਼ਹਿਰਾ ਲੁੱਟ ਲਿਆ

ਪੱਥਰ ਸਹਿੰਦਾ ਵੇਖਿਆ ਸ਼ੀਸ਼ਾ ਟੁੱਟ ਗਿਆ,
ਮੈਂ ਪੀੜ ਆਪਣੀ ਸੀਨੇ ਵਿਚ ਘੁੱਟ ਗਿਆ।
ਜ਼ੋਰਾਵਰਾਂ ਦੀ ਮੰਨੀ ਜਾਂਦੀ ਆ ਧੁਰ ਤੋਂ,
ਤਾਂਹੀ ਕਹਿੰਦੇ ਕੁੱਟ ਗਿਆ ਸੋ ਕੁੱਟ ਗਿਆ।।

ਅੱਜ ਸੱਜ ਵਿਆਹੀ ਹੀਰ ਫਿਰੇ ਰੋਂਦੀ ਆ,
ਰਾਂਝੇ ਦਾ ਵੀ ਤਾਂ ਤਖ਼ਤ ਹਜ਼ਾਰਾਂ ਛੁਟ ਗਿਆ।
ਨੈਣੀ ਲੱਗੀਆਂ ਬਾਰਿਸ਼ਾਂ ਤਲੀਆਂ ਉਤੇ ਬੋਚੇ ਕੌਣ,
ਪੈਸੇ ਪਿੱਛੇ ਤਾਂ ਸਮਝੋ ਇਮਾਨ ਹੈ ਵਿੱਕ ਗਿਆ।।

ਮਨ ਮੰਦਿਰ ਵਿਚ ਮੱਚਦੇ ਨੇ ਤੂਫ਼ਾਨ ਕਈ ਜਦ,
ਖੱਬਲ ਘਾਹ ਕੋਈ ਤਿੜਾਂ ਸਣੇ ਹੀ ਪੁੱਟ ਗਿਆ।
ਖੌਰੇ ਕਿਹੜੀ ਮਿੱਟੀ ਦਾ ਬਣਿਆ ਸੀ ਉਹ ਜੋ,
ਆਪਣੇ ਹਾਸੇ ਵੰਡ ਜਿਹੜਾ ਮੇਲਾ ਸੀ ਲੁੱਟ ਗਿਆ।।

ਸੋਚਾਂ ਦੀ ਲੜਾਈ ਤੇ ਆ ਸਾਰੇ ਯਾਦਾਂ ਦੇ ਤੂਫ਼ਾਨ,
ਅੰਦਰ ਲਗੇ ਜਿਉਂ ਯੁੱਧ ਘਮਸਾਨ ਹੈ ਛੁਟ ਗਿਆ।
ਮੌਸਮ ਦੀ ਬਰਸਾਤ ਰੁਕ ਜੇ ਅੱਖਾਂ ਦੀ ਨਾ ਰੁਕਦੀ,
ਲਗੇ ਜਿਵੇਂ ਸਮੁੰਦਰ ਨੂੰ ਤੂਫ਼ਾਨ ਹੈ ਲੁੱਟ ਗਿਆ।।

ਸੁਣੋ ਭ੍ਰਿਸ਼ਟਾਚਾਰ ਦੀ ਹੋਈ ਜੈ ਜੈ ਕਾਰ ਕਿਵੇਂ ਹੈ,
ਰਿਸ਼ਵਤ ਲੈਂਦਾ ਫੜਿਆ ਰਿਸ਼ਵਤ ਦੇਕੇ ਛੁੱਟ ਗਿਆ।
ਲਫ਼ਜ਼ ਮੇਰੇ ਸਬ ਤੋਂ ਵੱਖਰੇ ਝੱਲਦੇ ਲੋਕੀਂ ਮੇਰੇ ਨਖਰੇ,
ਗਾਗਰ 'ਚ ਸਾਗਰ ਭਰ ਕੇ ਮੈਂ ਮੁਸ਼ਹਿਰਾ ਲੁੱਟ ਲਿਆ।।

**—ਗੁਰਿੰਦਰ ਗਿੱਲ**

# ਐਤਬਾਰ ਦਾ ਕਤਲ

ਧੋਖਾ ਮਿਲਿਆ ਜਦ ਵੀ ਕਿਸੀ ਆਪਣੇ ਤੇ ਐਤਬਾਰ ਹੈ ਕੀਤਾ।
ਉਸਨੇ ਫਿਰ ਸੀਨੇ ਤੇ ਨਹੀਂ ਅਕਸਰ ਪਿੱਠ ਤੇ ਹੀ ਵਾਰ ਹੈ ਕੀਤਾ।।
ਪਿਆਰ 'ਚ ਨ ਮਿਲੇ ਭਰੋਸਾ ਤਾਂ ਰਿਸ਼ਤੇ ਤਿੜਕਣ ਰੀਝਾਂ ਬਿਖਰਨ।
ਪਾਗਲ ਦਿਲ ਨੇ ਦੁਆਵਾਂ ਵਿੱਚ ਓਹਨੂੰ ਯਾਦ ਹਰ ਵਾਰ ਹੈ ਕੀਤਾ।।

ਪੁੱਛਦਾ ਏ ਨਿਤ ਕਾਤਿਲ ਮੇਰਾ ਹੌਸਲਾ ਕਿੰਨਾ ਕੁ ਹੈ।
ਮੈਂ ਕਿਹਾ ਉਸਤੋਂ ਵੱਧ ਹੀ ਹੈ ਤੇਰੇ 'ਚ ਦਮ ਜਿੰਨਾ ਕੁ ਹੈ।।

ਅਕੀਦਾ ਸਲੀਕਾ ਹੈ ਜਿਸਨੂੰ ਇਲਮ ਦਾ ਫਿਰ ਓਹੀ ਕਲਾਕਾਰ ਹੈ।
ਔਗੁਣ ਵਾਂਗ ਕਲੀਆਂ ਚੁਗ ਕੇ ਸੁੱਟ ਦੇਂਦਾ ਓਹਨੂੰ ਨਮਸਕਾਰ ਹੈ।।
ਕਹਿੰਦੇ ਨੀਤਾਂ ਨੂੰ ਮਿਲਣ ਮੁਰਾਦਾਂ ਮੇਵੇ ਮਿਲਦੇ ਮੇਹਨਤ ਨਾਲ।
ਜੋ ਪੱਥਰ ਤਰਾਸ਼ ਮੂਰਤ ਬਣਾ ਦੇ ਓਹੀ ਸੱਚਾ ਕਲਾਕਾਰ ਹੈ।।

**—ਗੁਰਿੰਦਰ ਗਿਲ**